ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਮਨੋਵਿਗਿਆਨ) ਭਾਗ ਪਹਿਲਾ ਸਮੈਸਟਰ ਪਹਿਲਾ

ਪੇਪਰ : ਸਾਧਾਰਣ ਮਨੋਵਿਗਿਆਨ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਸ਼ਖ਼ਸੀਅਤ : ਸਰੂਪ ਅਤੇ ਕਾਰਣ
(Personality : Nature and Factors)

2.2 : ਸ਼ਖ਼ਸੀਅਤ ਦੇ ਸਿਧਾਂਤ
(Theories of Personality)

2.3 : ਸ਼ਖ਼ਸੀਅਤ ਦਾ ਮੁਲਅੰਕਣ
(Assessment of Personality)

2.4 : ਕੇਂਦਰੀ ਪਰਵਿਰਤੀ ਦੇ ਮਾਪ
(Measures of Central Tendency)

2.5 : ਅਸਥਿਰਤਾ ਦੇ ਮਾਪ
(Measures of Variability)

2.6 : ਅੰਕੜਿਆਂ ਦਾ ਗ੍ਰਾਫਿਕ ਮੁਲਾਂਕਣ
(Graphical Representation of Data)


**Department website : www.pbidde.org**

ਪਾਠ ਨੰ: 2.1

ਲੇਖਿਕਾ : ਡਾ. ਮਮਤਾ ਸ਼ਰਮਾ

Last updated July, 2023

# ਸ਼ਖਸ਼ੀਅਤ : ਸਰੂਪ ਅਤੇ ਕਾਰਣ
# (Personality : Nature and Factors)

2.1.0 ਉਦੇਸ਼
2.1.1 ਭੂਮਿਕਾ
2.1.2 ਸ਼ਖਸ਼ੀਅਤ ਦਾ ਸਰੂਪ
2.1.2.1 ਸ਼ਖਸ਼ੀਅਤ ਦੀ ਧਾਰਨਾ ਅਤੇ ਦ੍ਰਿਸ਼ਟੀਕੋਣ
2.1.2.2 ਸ਼ਖਸ਼ੀਅਤ ਦੀ ਪਰਿਭਾਸ਼ਾ
2.1.2.3 ਸ਼ਖਸ਼ੀਅਤ ਦੀਆਂ ਵਿਸ਼ੇਸ਼ਤਾਵਾਂ
2.1.2.4 ਸ਼ਖਸ਼ੀਅਤ ਦੇ ਤੱਤ
2.1.3 ਸ਼ਖਸ਼ੀਅਤ ਦੀਆਂ ਕਿਸਮਾਂ
2.1.4 ਵਿਅਕਤੀਤਵ ਦੇ ਲੱਛਣ
2.1.5 ਸ਼ਖਸ਼ੀਅਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ
2.1.5.1 ਜੱਦੀ ਕਾਰਕ
2.1.5.2 ਵਾਤਾਵਰਣਿਕ ਕਾਰਕ
2.1.6 ਸਾਰ
2.1.7 ਸ਼ਬਦਾਵਲੀ
2.1.8 ਵੱਡੇ ਸਵਾਲ
2.1.9 ਛੋਟੇ ਸਵਾਲ
2.1.10 ਸਹਾਇਕ ਪੁਸਤਕਾਂ

## 2.1.0 ਉਦੇਸ਼ (**Objectives**):

ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸ਼ਖਸ਼ੀਅਤ ਦੇ ਵਿਭਿੰਨ-ਵਿਭਿੰਨ ਪਹਿਲੂਆਂ ਬਾਰੇ ਜਾਣਕਾਰੀ ਦੇਣਾ ਹੈ। ਸਭ ਤੋਂ ਪਹਿਲਾਂ ਸ਼ਖਸ਼ੀਅਤ ਦੀ ਧਾਰਨਾ ਅਤੇ ਪਰਿਭਾਸ਼ਾਵਾਂ ਦਾ ਵਰਨਣ ਕੀਤਾ ਗਿਆ ਹੈ। ਸ਼ਖਸ਼ੀਅਤ ਦੀਆਂ ਕਿਸਮਾਂ ਅਤੇ ਇਸਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵੀ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ ਤਾਂ ਕਿ ਇਸ ਪਾਠ ਨੂੰ ਪੜ੍ਹਣ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਪਹਿਲੂ ਸਮਝਣ ਦੇ ਯੋਗ ਹੋ ਸਕਣ।

(1) ਸ਼ਖਸ਼ੀਅਤ ਕੀ ਹੈ?

(2) ਇਸ ਦੀ ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ ਕੀ ਹਨ?

(3) ਵਿਅਕਤੀਤਵ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਗੁਣਾਂ ਦੀ ਪੜਚੋਲ

(4) ਵਿਅਕਤੀਤਵ ਦੀਆਂ ਵਿਭਿੰਨ ਕਿਸਮਾਂ ਕਿਹੜੀਆਂ ਹਨ?

(5) ਸ਼ਖਸ਼ੀਅਤ ਦੀ ਰਚਨਾ ਵਿਚ ਜੱਦੀ ਅਤੇ ਵਾਤਾਵਰਨਿਕ ਕਾਰਕਾਂ ਦਾ ਕੀ ਰੋਲ ਹੈ?

## 2.1.1 **ਭੂਮਿਕਾ** :

ਸ਼ਖਸ਼ੀਅਤ ਇਕ ਅਜਿਹਾ ਸ਼ਬਦ ਹੈ, ਜਿਸਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਵਿਅਕਤੀ ਦੀ ਬਾਹਰੀ ਉਤੇਜਕ ਖਿੱਚ ਦੇ ਰੂਪ ਵਿਚ ਕੀਤੀ ਜਾਂਦੀ ਹੈ ਪਰੰਤੂ ਮਨੋਵਿਗਿਆਨ ਵਿਚ ਸ਼ਖਸ਼ੀਅਤ ਤੋਂ ਭਾਵ ਵਿਅਕਤੀ ਦੀਆਂ ਉਨ੍ਹਾਂ ਸਾਰੀਆਂ ਵਿਲੱਖਣ ਵਿਸ਼ੇਸ਼ਤਾਵਾਂ ਤੋਂ ਹੈ ਜੋ ਵਿਅਕਤੀ ਵਾਤਾਵਰਣ ਨਾਲ ਅੰਤਰ ਕ੍ਰਿਆ ਕਰਦੇ ਹੋਏ ਦਰਸਾਉਂਦਾ ਹੈ। ਸ਼ਖਸ਼ੀਅਤ ਨੂੰ ਸਮਝਣ ਲਈ ਸ਼ਖਸ਼ੀਅਤ ਦਾ ਸਰੂਪ, ਇਸਦੀਆਂ ਕਿਸਮਾਂ ਅਤੇ ਇਸਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵਿਸਤਾਰ ਪੂਰਵਕ ਅਧਿਐਨ ਕਰਨ ਦੀ ਜ਼ਰੂਰਤ ਹੈ।

## 2.1.2 **ਸ਼ਖਸ਼ੀਅਤ ਦਾ ਸਰੂਪ** :

ਸ਼ਖਸ਼ੀਅਤ ਇਕ ਅਜਿਹਾ ਸ਼ਬਦ ਹੈ, ਜਿਸਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਕੀਤੀ ਜਾਂਦੀ ਹੈ ਅਤੇ ਬੋਲ ਚਾਲ ਵਿਚ ਇਸ ਸ਼ਬਦ ਦਾ ਭਾਵ ਵਿਅਕਤੀ ਦੀ ਉਤੇਜਕ ਖਿੱਚ ਤੋਂ ਹੈ। ਜਿੰਨਾ ਜ਼ਿਆਦਾ ਕੋਈ ਵਿਅਕਤੀ ਪ੍ਰਭਾਵਿਤ ਕਰਦਾ ਹੈ, ਉਨ੍ਹਾਂ ਹੀ ਉਸ ਦੀ ਸ਼ਖਸ਼ੀਅਤ ਨੂੰ ਚੰਗਾ ਸਮਝਿਆ ਜਾਂਦਾ ਹੈ ਅਤੇ ਜਿਹੜਾ ਵਿਅਕਤੀ ਕਿਸੇ ਉਤੇ ਕੋਈ ਪ੍ਰਭਾਵ ਨਹੀਂ ਪਾਉਂਦਾ, ਉਸ ਨੂੰ ਕਮਜ਼ੋਰ ਸਖਸੀਅਤ ਦਾ ਮਾਲਕ ਸਮਝਿਆ ਜਾਂਦਾ ਹੈ। ਪਰੰਤੂ ਮਨੋਵਿਗਿਆਨ ਵਿਚ ਸਖਸੀਅਤ ਤੋਂ ਭਾਵ ਵਿਅਕਤੀ ਦੀਆਂ ਸਾਰੀਆਂ ਉਘੀਆਂ ਵਿਸ਼ੇਸ਼ਤਾਈਆਂ ਜਾਂ ਲੱਛਣਾਂ ਤੋਂ ਹੈ ਅਰਥਾਤ ਉਸਦੀਆਂ ਉਘੀਆਂ ਯੋਗਤਾਵਾਂ, ਉਘੇ ਸੰਵੇਗ ਅਤੇ ਸਮਾਜਿਕ ਲੱਛਣਾਂ, ਅਤੇ ਉਸ ਦੀਆਂ ਉੱਘੀਆਂ ਰੁਚੀਆਂ ਅਤੇ ਉਘੇ ਰਵਈਏ ਤੋਂ ਹੈ। ਸਖਸੀਅਤ ਵਿਸ਼ੇਸ਼ਤਾਈਆਂ ਦਾ ਕੇਵਲ ਸਮੂਹ ਜਾਂ ਜੋੜ ਹੀ ਨਹੀਂ, ਇਹ ਇਕ ਏਕੀਕਰਣ ਜਾਂ ਇਕ ਸੰਗਠਿਤ ਇਕਾਈ ਹੈ। ਸਖਸੀਅਤ ਵਿਰਾਸਤੀ ਬਣਤਰ ਅਤੇ ਸਾਰੀਆਂ ਵਾਤਾਵਰਣੀ ਸ਼ਕਤੀਆਂ, ਜਿਹੜੀਆਂ ਕਿ ਗਰਭ ਕਾਲ ਤੋਂ ਹੀ ਕਾਰਜ ਕਰਨ ਲੱਗ ਜਾਂਦੀਆਂ ਹਨ, ਦੀ ਅੰਤਰ ਕਿਰਿਆ ਦੀ ਉਪਜ ਹੁੰਦੀ ਹੈ। ਜਨਮ ਦੇ ਸਮੇਂ ਤੋਂ ਲੈ ਕੇ ਭਵਿਖਤ ਸ਼ਖਸੀਅਤ ਦੀ ਉਸਾਰੀ ਲਈ ਵਾਤਾਵਰਣੀ ਸ਼ਕਤੀਆਂ ਗਰਭ ਕੋਸ਼ ਦੇ ਅੰਦਰੋਂ ਹੀ ਕਾਰਜ ਕਰਦੀਆਂ ਹਨ। ਇਸ ਤੋਂ ਬਾਅਦ ਇਹ ਸ਼ਕਤੀਆਂ ਭੌਤਿਕ ਹਾਲਤਾਂ ਦੇ ਰੂਪ ਵਿਚ ਮਾਪਿਆਂ ਅਤੇ ਦੂਜੇ ਵਿਅਕਤੀਆਂ, ਜਿਨ੍ਹਾਂ ਦੇ ਸੰਪਰਕ ਵਿਚ ਵਿਅਕਤੀ ਆਉਂਦਾ ਹੈ, ਦੇ ਵਿਚਾਰਾਂ ਅਤੇ ਰਵੱਈਏ ਦੇ ਰੂਪ ਵਿਚ ਸ਼ਖਸੀਅਤ ਦੇ ਨਿਰਮਾਣ ਦਾ ਇਕ ਬਾਹਰੀ ਅਤੇ ਜ਼ਰੂਰੀ ਕਾਰਕ ਬਣਦੀਆਂ ਹਨ।

### 2.1.2.1 **ਸ਼ਖਸ਼ੀਅਤ ਦੀ ਧਾਰਨਾ ਅਤੇ ਦ੍ਰਿਸ਼ਟੀਕੋਣ** :

ਸ਼ਖਸੀਅਤ ਦਾ ਨਿਰਮਾਣ ਸਿੱਖਣ ਦੁਆਰਾ ਹੁੰਦਾ ਹੈ। ਮੁਢਲਾ ਬਚਪਨ ਇਸਦੇ ਵਿਕਾਸ ਵਿਚ ਇਕ ਨਾਜ਼ਕ ਸਮਾਂ ਸਮਝਿਆ ਜਾਂਦਾ ਹੈ। ਇਸ ਸਮੇਂ ਵਿਚ ਹੀ ਅਰਜਿਤ ਸ਼ਖਸੀਅਤ ਲੱਛਣਾਂ ਅਤੇ ਵਿਸ਼ੇਸ਼ਤਾਵਾਂ ਦੀ ਬੁਨਿਆਦ ਰੱਖੀ ਜਾਂਦੀ ਹੈ ਅਤੇ ਇਸ ਬੁਨਿਆਦ ਤੋਂ ਲੱਛਣਾਂ ਦਾ ਵਿਕਾਸ ਹੁੰਦਾ ਹੈ। ਇਸ ਤੋਂ ਪਹਿਲਾਂ ਇਕ ਬੱਚਾ ਸਕੂਲ ਜਾਣ ਜੋਗਾ ਹੋ ਜਾਵੇ ਉਸਦੀ ਸ਼ਖਸੀਅਤ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਸਥਾਪਿਤ ਹੋ ਜਾਂਦੀਆਂ ਹਨ ਜੋ ਆਪਣੇ ਆਪ ਨੂੰ ਉਸਦੇ ਚਿਹਰੇ ਤੋਂ ਪ੍ਰਭਾਵ ਅਤੇ ਵਿਹਾਰ ਵਿਚ ਦਰਸਾਉਣ ਲੱਗ ਜਾਂਦੀਆਂ ਹਨ। ਸ਼ਖ਼ਸੀਅਤ ਦੇ ਚੰਗੇ ਜਾਂ ਮਾੜੇ ਲੱਛਣ ਸਿੱਖੇ ਜਾਂਦੇ ਹਨ। ਚੰਗੀ ਸ਼ਖ਼ਸੀਅਤ ਉਹ ਹੁੰਦੀ ਹੈ, ਜਿਸ ਵਿਚ ਚੰਗੇ ਲੱਛਣ ਪ੍ਰਧਾਨ ਹੁੰਦੇ ਹਨ। ਜਿਹੜੇ ਲੋਕ ਬੱਚੇ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਲੈਂਦੇ ਹਨ ਉਨ੍ਹਾਂ ਨੂੰ ਬੱਚੇ ਦੇ ਵਿਕਾਸ ਦੀ ਇਸ ਤਰ੍ਹਾਂ ਅਗਵਾਈ ਕਰਨੀ ਚਾਹੀਦੀ ਹੈ ਕਿ ਉਸ ਸ਼ਖ਼ਸੀਅਤ ਵਿਚ ਚੰਗੇ ਲੱਛਣਾਂ ਦੀ ਸਪੱਸ਼ਟ ਪ੍ਰਧਾਨਤਾ ਹੋਵੇ। ਭੈੜੇ ਲੱਛਣ ਉਤਪੰਨ ਹੁੰਦਿਆਂ ਸਾਰ ਹੀ ਉਨ੍ਹਾਂ ਨੂੰ ਰੋਕਣ ਦੇ ਤਤਕਾਲ ਉਪਾਅ ਕਰਨੇ ਚਾਹੀਦੇ ਹਨ।

ਸ਼ਖ਼ਸੀਅਤ ਦੇ ਬਹੁਤੇ ਲੱਛਣ ਸਿੱਖੇ ਜਾਂਦੇ ਹਨ। ਬੱਚੇ ਦਾ ਮੁੱਢਲਾ ਵਾਤਾਵਰਣ ਜੋ ਇਨ੍ਹਾਂ ਲੱਛਣਾਂ ਦੇ ਭਵਿੱਖ-ਰੂਪ ਨੂੰ ਨਿਸ਼ਚਿਤ ਕਰਨ ਵਿਚ ਇਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ, ਜੀਵਨ ਦੇ ਮੁਢਲੇ ਸਾਲਾਂ ਵਿਚ ਉਸ ਦੇ ਘਰ ਤੀਕ ਸੀਮਤ ਹੁੰਦੀ ਹੈ।

ਇਸ ਲਈ ਭਵਿੱਖ ਵਿਚ ਜਿਸ ਕਿਸਮ ਦਾ ਇਨਸਾਨ ਉਹ ਬਣੇਗਾ ਉਸ ਵਿਚ ਉਸ ਘਰ ਦੇ ਮੈਂਬਰਾਂ ਦਾ ਮੁੱਢਲਾ ਅਤੇ ਭਾਰੀ ਹੱਥ ਹੋਵੇਗਾ। ਬੱਚੇ ਦੇ ਜੀਵਨ ਦੇ ਮੁੱਢਲੇ ਸਾਲਾਂ ਵਿਚ ਨਰਸਰੀ ਸਕੂਲ ਹੀ ਇਕ ਹੋਰ ਐਸਾ ਕਾਰਕ ਹੈ ਜਿਹੜਾ ਉਸਦੀ ਸ਼ਖ਼ਸੀਅਤ ਦੇ ਵਿਕਾਸ ਤੇ ਅਸਰ ਪਾਉਂਦਾ ਹੈ। ਗਵਾਂਢੀ ਦੇ ਬੱਚਿਆਂ ਦਾ ਪ੍ਰਭਾਵ ਬੱਚੇ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਦੂਜੇ ਦਰਜੇ ਦੀ ਮਹੱਤਤਾ ਰੱਖਦਾ ਹੈ, ਕਿਉਂਕਿ ਬੱਚਾ ਇਹਨਾਂ ਮੁਢਲੇ ਸਾਲਾਂ ਵਿਚ ਦੂਸਰੇ ਬੱਚਿਆਂ ਨਾਲ ਨਹੀਂ ਖੇਡਦਾ ਸਗੋਂ ਉਨ੍ਹਾਂ ਦੇ ਸਮਾਂਨਤਰ ਖੇਡਦਾ ਹੈ। ਇਸ ਤੋਂ ਇਲਾਵਾਂ ਦੂਸਰੇ ਬੱਚਿਆਂ ਨਾਲ ਉਸਦਾ ਸੰਪਰਕ ਘਰ ਵਿਚ ਉਸਦੇ ਸੰਪਰਕ ਨਾਲੋਂ ਤੁਲਨਾਤਮਕ ਤੌਰ ਉਤੇ ਘੱਟ ਅਤੇ ਛੋਟਾ ਹੁੰਦਾ ਹੈ।

ਸ਼ਖ਼ਸੀਅਤ ਮਨੋਵਿਗਿਆਨਕ ਅਤੇ ਸਿੱਖਿਆ ਦੋਹਾਂ ਦਾ ਮੂਲ ਆਧਾਰ ਹੈ। ਦੋਹਾਂ ਦਾ ਸਮੁੱਚਾ ਗਿਆਨ ਸ਼ਖ਼ਸੀਅਤ ਦੇ ਵਿਕਾਸ ਨਾਲ ਸਬੰਧਿਤ ਹੈ।

ਸਾਰੇ ਵਿਅਕਤੀ ਕੁਝ ਹੱਦ ਤੱਕ :

(ੳ) ਸਾਰੇ ਵਿਆਕਤੀਆਂ ਦੇ ਸਮਾਨ ਹਨ ।

(ਅ) ਕੁਝ ਵਿਅਕਤੀਆਂ ਦੇ ਸਮਾਨ ਨਹੀਂ ਹਨ।

(ੲ) ਕਿਸੇ ਵਿਅਕਤੀ ਦੇ ਸਮਾਨ ਨਹੀਂ ਹਨ।

ਉਪਰੋਕਤ ਕਥਨ ਤੋਂ ਪਤਾ ਚਲਦਾ ਹੈ ਕਿ ਬੇਸ਼ੱਕ ਵਿਅਕਤੀਆਂ ਵਿਚ ਸਰੀਰਕ, ਮਾਨਸਿਕ, ਸਮਾਜਿਕ ਆਦਿ ਸਮਾਨਤਾਵਾਂ ਹਨ, ਪਰ ਕੋਈ ਵੀ ਦੋ ਵਿਅਕਤੀ ਮਨੋਵਿਗਿਆਨ ਦੇ ਸਹੀ ਅਰਥਾਂ ਵਿਚ ਸਮਾਨ ਨਹੀਂ ਹਨ। ਕਿਉਂਕਿ ਵਿਅਕਤੀ ਆਪਣੀ ਸ਼ਖ਼ਸੀਅਤ ਕਿਸੇ ਖਾਸ ਵਿਰਸੇ ਤੋਂ ਪ੍ਰਾਪਤ ਕਰਦਾ ਹੈ ਅਤੇ ਉਸ ਉਤੇ ਉਸਦੇ ਵਾਤਾਵਰਣ ਦੇ ਰੰਗ ਚੜ੍ਹਦੇ ਹਨ। ਸਮਰੂਪ ਜੋੜਿਆਂ (Identical twins) ਨੂੰ ਛੱਡ ਕੇ ਹੋਰ ਕਿਸੇ ਵਿਚ ਵੀ ਇਕੋ ਜਿਹੇ ਵਿਰਸਾ ਨਹੀਂ ਪਾਇਆ ਜਾਂਦਾ, ਪਰ ਇਨ੍ਹਾਂ ਦਾ ਵਾਤਾਵਰਣ ਵੀ ਅਸੀਂ ਪੂਰੀ ਤਰ੍ਹਾਂ ਕੰਟਰੋਲ ਨਹੀਂ ਕਰ ਸਕਦੇ। ਇਸ ਲਈ ਇਨ੍ਹਾਂ ਦੇ ਸ਼ਖ਼ਸੀਅਤ ਦੇ ਗੁਣਾਂ ਵਿਚ ਵੀ ਭਿੰਨਤਾ ਵੇਖੀ ਜਾਂਦੀ ਹੈ।

### 1. ਸ਼ਾਬਦਿਕ ਪਰਿਭਾਸ਼ਾ (Literal Definition) :

ਸ਼ਖ਼ਸੀਅਤ ਸ਼ਬਦ ਲਾਤੀਨੀ ਭਾਸ਼ਾ ਦੇ "Persona" ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਕਿ ਨਾਟਕ ਜਾਂ ਡਰਾਮਾ ਕਰਨ ਸਮੇਂ ਐਕਟਰ ਅਤੇ ਐਕਟਰਸਾਂ ਦੁਆਰਾ ਇਕ ਵਿਸ਼ੇਸ਼ ਪੋਸ਼ਾਕ ਜਾਂ ਡਰੈਸ ਪਹਿਨਣਾ ਜਿਹੜੀ ਕਿ ਉਸਦੀ ਪਹਿਚਾਣ ਦਾ ਵਿਸ਼ੇਸ਼ ਢੰਗ ਹੁੰਦੀ ਹੈ। "Persona" ਸ਼ਬਦ ਦਾ ਅਰਥ ਹੈ ਨਕਾਬ ਜਾਂ ਮਖੌਟਾ ਜਾਂ ਭੇਸ਼ਭੂਸ਼ਾ । ਇਸ ਸ਼ਾਬਦਿਕ ਪਰਿਭਾਸ਼ਾ ਤੋਂ ਸ਼ਖ਼ਸੀਅਤ ਦਾ ਅਰਥ ਉਹ ਹੈ ਜੋ ਵਿਅਕਤੀ ਬਾਹਰੋਂ ਨਜ਼ਰ ਆਉਂਦਾ ਹੈ। ਇਸ ਪਰਿਭਾਸ਼ਾ ਵਿਚ ਸ਼ਖ਼ਸੀਅਤ ਦਾ ਕੇਵਲ ਬਾਹਰੀ ਰੂਪ ਸ਼ਾਮਲ ਹੈ, ਇਸ ਦੇ ਅੰਦਰ ਦੇ ਗੁਣ ਸ਼ਾਮਲ ਨਹੀਂ ਹਨ। ਇਸ ਲਈ ਇਹ ਪਰਿਭਾਸ਼ਾ ਸ਼ਾਬਦਿਕ ਦ੍ਰਿਸ਼ਟੀਕੋਣ ਤੋਂ ਉਚਿਤ ਨਹੀਂ ਹੈ।

### 2. ਆਮ ਵਿਅਕਤੀ ਦਾ ਦ੍ਰਿਸ਼ਟੀਕੋਣ (Layman's Point of View) :

ਆਮ ਲੋਕਾਂ ਅਨੁਸਾਰ ਸ਼ਖ਼ਸੀਅਤ ਇੱਕ ਦੂਜੇ ਵਿਅਕਤੀਆਂ ਤੋਂ ਪਾਇਆ ਜਾਣ ਵਾਲਾ ਅਸਰ ਹੈ (Persoanlity is the impact that one causes on other) । ਇਸ ਤੋਂ ਭਾਵ ਹੈ ਕਿ ਵਿਅਕਤੀ ਦਾ ਇੱਕ ਦੂਜੇ ਤੇ ਸਮੁੱਚਾ ਅਸਰ। ਦੂਜੇ ਸ਼ਬਦਾਂ ਵਿਚ ਸ਼ਖ਼ਸੀਅਤ ਦਾ ਅਰਥ ਹੈ ਕਿ ਇਕ ਵਿਅਕਤੀ ਦੂਜਿਆਂ ਲਈ ਜਾਂ ਸਮਾਜ ਲਈ ਕੀ ਮੁੱਲ ਰੱਖਦਾ ਹੈ।

### 3. ਦਾਰਸ਼ਨਿਕ ਦ੍ਰਿਸ਼ਟੀਕੋਣ (Philosophical View Point) :

ਦਰਸ਼ਨ ਸ਼ਾਸਤਰੀਆਂ ਅਨੁਸਾਰ ਸ਼ਖ਼ਸੀਅਤ ਪ੍ਰਤੱਖੀਕਰਣ ਦਾ ਟੀਚਾ ਹੈ। (Personality is ideal of perception) ਇਸ ਵਿਚ ਆਪਣੇ ਆਪ ਨੂੰ ਉਤੇ ਚੁੱਕਣਾ (Self-enhancement) ਅਤੇ ਆਤਮ-ਸਿੱਧੀ (Self-actualisation) ਪ੍ਰਾਪਤ ਕਰਨਾ ਹੈ।

### 4. ਸਮਾਜਿਕ ਦ੍ਰਿਸ਼ਟੀਕੋਣ (Sociological View Point) :

ਸ਼ਖ਼ਸੀਅਤ ਸਭਿਆਚਾਰ ਦਾ ਅੰਤਰਮੁੱਖੀ ਪੱਖ ਹੈ। (Subjective side of a culture) ਬਰਗਸ (Burgess)

ਅਨੁਸਾਰ ਸ਼ਖ਼ਸੀਅਤ ਵਿਚ ਉਹ ਸਾਰੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ ਜੋ ਸਮਾਜ ਵਿਚ ਵਿਅਕਤੀ ਦੀ ਭੂਮਿਕਾ ਅਤੇ ਸਥਿਤੀ ਨੂੰ ਨਿਸ਼ਚਿਤ ਕਰਦੀਆਂ ਹਨ। ਸ਼ਖ਼ਸੀਅਤ ਵਿਚ ਸਮਾਜਿਕ ਪ੍ਰਭਾਵਸ਼ੀਲਤਾ ਹੈ। (Personality is integration of all traits which determine the role and status of the person in society. Personality is social effectiveness).

5. **ਮਨੋਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ (Psycho-analytical View Point)** :

ਫਰਾਇਡ (Freud) ਅਨੁਸਾਰ ਸ਼ਖ਼ਸੀਅਤ ਦੇ ਤਿੰਨ ਅੰਗ ਹਨ :

(1) ਇੱਡ (Id) ;

(2) ਈਗੋ (Ego); ਅਤੇ

(3) ਸੁਪਰ-ਈਗੋ (Super-Ego)।

ਇਹ ਚੇਤਨਾ ਦੇ ਭਿੰਨ-ਭਿੰਨ ਭਾਗ ਪ੍ਰਗਟਾਉਂਦੇ ਹਨ ਅਤੇ ਇਹ ਸ਼ਖ਼ਸੀਅਤ ਦੇ ਭਿੰਨ-ਭਿੰਨ ਅੰਗਾਂ ਬਾਰੇ ਗਿਆਨ ਦਿੰਦੇ ਹਨ। ਇਡ (Id) ਅੰਨੇ-ਵਾਹ ਇੱਛਾ ਪ੍ਰਗਤੀ ਦਾ ਮਾਰਗ ਅਪਨਾਉਂਦਾ ਹੈ ਇਹ ਪ੍ਰਸੰਨਤਾ ਪਿਛੇ ਭੱਜਦਾ ਹੈ (Pleasure Principle) । ਈਗੋ (Ego) ਇਕ ਅਸਲੀਅਤ ਸਿਧਾਂਤ (Reality Principle) ਹੈ ਅਤੇ ਸ਼ਖ਼ਸੀਅਤ ਦਾ ਸਮਾਜਿਕ ਅੰਗ ਹੈ। ਸੁਪਰ-ਈਗੋ (Super-Ego) ਨੈਤਿਕਤਾ ਦਾ ਅੰਗ ਹੈ। ਇਹ ਮਨੁੱਖ ਦੀ ਇਕ ਮਹਾਨ ਉਚੇਰੀ ਸਟੇਜ ਹੈ। ਈਗੋ (Ego), ਇਡ ਅਤੇ ਸੁਪਰ-ਈਗੋ ਵਿਚ ਸਲਾਹਕਾਰ ਦਾ ਕੰਮ ਕਰਦਾ ਹੈ।

6. **ਮਨੋਵਿਗਿਆਨਕ ਦ੍ਰਿਸ਼ਟੀਕੋਣ (Psychological View Point)** :

ਇਸ ਦ੍ਰਿਸ਼ਟੀਕੋਣ ਅਨੁਸਾਰ ਮਨੁਖ ਦੀਆਂ ਸਰੀਰਕ, ਮਾਨਸਿਕ ਅਤੇ ਭਾਵਾਤਮਕ ਵਿਸ਼ੇਸ਼ਤਾਵਾਂ ਦਾ ਮਿਸ਼ਰਣ ਸ਼ਖ਼ਸੀਅਤ ਵਿਚ ਹੁੰਦਾ ਹੈ। ਐਲਪੋਰਟ (Allport) ਅਨੁਸਾਰ ਸ਼ਖ਼ਸੀਅਤ ਇਕ ਵਿਅਕਤੀ ਵਿਚ ਉਨ੍ਹਾਂ ਮਾਨਸਿਕ ਸਰੀਰਕ ਪ੍ਰਣਾਲੀਆਂ ਦਾ ਗਤੀਸ਼ੀਲ ਸੰਗਠਨ ਹੈ, ਜੋ ਉਸਦੇ ਵਾਤਾਵਰਣ ਅਤੇ ਸਮਾਯੋਜਨ ਨੂੰ ਨਿਰਧਾਰਤ ਕਰਦਾ ਹੈ (Personality is the dynamic organisation within the individual of those psycho-physical systems that determine his unique adjustment to his environment.)। ਇਸ ਪਰਿਭਾਸ਼ਾ ਵਿਚ ਕੁਝ ਸ਼ਬਦਾਂ ਦਾ ਅਰਥ ਇਸ ਪ੍ਰਕਾਰ ਹੈ :

1. **ਗਤੀਸ਼ੀਲ ਸੰਗਠਨ** (Dynamic Organisation) : ਸ਼ਖ਼ਸੀਅਤ ਕਦੇ ਵੀ ਟਿਕਾਉ ਜਾਂ ਸਥਿਰ (Stable) ਨਹੀਂ ਹੁੰਦੀ। ਇਹ ਬਦਲਦੀ ਰਹਿੰਦੀ ਹੈ।
2. **ਮਨੋ-ਸਰੀਰਕ ਸਿਸਟਮ** (Psycho-Physical System) : ਇਸ ਦਾ ਅਰਥ ਹੈ ਕਿ ਸ਼ਖ਼ਸੀਅਤ ਵਿਚ ਮਾਨਸਿਕ ਸੰਵੇਗਾਤਮਕ, ਸਰੀਰਕ ਆਦਿ ਗੁਣ ਹਨ।
3. **ਸਮਾਯੋਜਨ** (Adjustment with Environment) : ਹਰ ਵਿਅਕਤੀ ਆਪਣੀਆਂ ਯੋਗਤਾਵਾਂ ਦੇ ਗੁਣਾਂ ਅਨੁਸਾਰ ਆਪਣੇ ਆਪ ਦਾ ਵਾਤਾਵਰਣ ਵਿਚ ਸਮਾਯੋਜਨ ਕਰਦਾ ਰਹਿੰਦਾ ਹੈ।

## 2.1.2.2 ਸ਼ਖ਼ਸੀਅਤ ਦੀਆਂ ਕੁੱਝ ਪ੍ਰਮੁੱਖ ਪ੍ਰਰਿਭਾਸ਼ਾਵਾਂ (Major Definitions of Personality)

1. **ਮਾਰਟਿਨ ਪ੍ਰਿੰਸ (Martin Prince)** :

ਸ਼ਖ਼ਸੀਅਤ ਸਾਰੇ ਜਮਾਂਦਰੂ, ਪ੍ਰਵਿਰਤੀਆਂ, ਆਵੇਗਾਂ, ਇਛਾਵਾਂ, ਭੁੱਖ ਅਤੇ ਮੂਲ ਪ੍ਰਵਿਰਤੀਆਂ ਦਾ ਯੋਗ ਹੈ ਅਤੇ ਅਨੁਭਵ ਪ੍ਰਾਪਤ ਅਰਜਿਤ ਪ੍ਰਵਿਰਤੀਆਂ ਵੀ ਇਨ੍ਹਾਂ ਵਿਚ ਸ਼ਾਮਲ ਹਨ। (Personality is the sum total of biological innate dispositions, impulses, tendencies, appetites and instincts of the individual and the acquired dispositions and tendencies).

2. **ਕੈਂਫ (Kemph)** :

ਸ਼ਖ਼ਸੀਅਤ ਉਨ੍ਹਾਂ ਆਦਤਾਂ ਦਾ ਸਮੂਹਾਂ ਦਾ ਸੰਗਠਨ ਹੈ ਜੋ ਵਿਸ਼ੇਸ਼ ਵਾਤਾਵਰਣ ਵਿਚ ਸਮਾਯੋਜਨ ਦਾ ਪ੍ਰਤੀਨਿਧਤਵ ਕਰਦੀਆਂ ਹਨ। (Personality is the integration of those systems of habits that represents the individual's characteristic adjustment to his environment.

3. **ਬੋਰਿੰਗ (Boring)** :

ਸ਼ਖਸੀਅਤ ਵਿਅਕਤੀ ਦੀ ਆਪਣੇ ਵਾਤਾਵਰਣ ਨਾਲ ਸਾਧਾਰਨ ਜਾਂ ਸਥਾਈ ਸਮਾਯੋਜਨ ਹੈ। (Personality is the individual's typical or consistent adjustment to his environment).

4. **ਆਈਜਨੇਕ (Eysenck)** :

ਸ਼ਖਸੀਅਤ ਇਕ ਉਹ ਸਥਿਰ ਅਤੇ ਸੰਗਠਿਤ ਪ੍ਰੇਰਣਾਤਮਕ ਰੂਪ ਹੈ ਜਿਸਦੀ ਉਤਪਤੀ ਸਰੀਰਕ, ਸਮਾਜਿਕ ਅਤੇ ਭੌਤਿਕ ਵਾਤਾਵਰਣ ਦੀ ਅੰਤਰ ਕ੍ਰਿਆਵਾਂ ਦੇ ਫਲਸਰੂਪ ਹੁੰਦੀ ਹੈ। (Personality is relatively stable organisation of a person's motivational dispositions arising from the interaction between biological, social and physical environment).

5. **ਰੈਕਸ ਐਂਡ ਨਾਈਟ (Rex & Knight)** :

ਸਮਾਜ ਦੁਆਰਾ ਮੰਨੇ ਗਏ ਅਤੇ ਨਾ ਮੰਨੇ ਜਾਣ ਵਾਲੇ ਗੁਣਾਂ ਦਾ ਸੰਤੁਲਨ ਸ਼ਖਸੀਅਤ ਹੈ। (Personality is the balance between socially approved and disapproved traits).

### 2.1.2.3 ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ (CHARACTERISTICS OF PERSONALITY):

1. **ਆਤਮ-ਚੇਤਨਾ (Self Consciousness)** : ਜਿਵੇਂ ਜਿਵੇਂ ਵਿਅਕਤੀ ਵੱਡਾ ਹੁੰਦਾ ਜਾਂਦਾ ਹੈ, ਉਸ ਵਿਚ ਆਤਮਕ ਨਿਸ਼ਚਤਾ ਦੇ ਸਥਾਨ ਤੇ ਵਸਤੂ ਵਧਦੀ ਜਾਂਦੀ ਹੈ।
2. **ਅਨੂਪਮ (Uniqueness)** : ਹਰ ਸ਼ਖ਼ਸੀਅਤ ਅਨੂਪਮ ਅਤੇ ਅਦੁਤੀ ਹੁੰਦੀ ਹੈ। ਇਸ ਵਿਚ ਗੁਣਾਂ ਦਾ ਸਮਾਯੋਜਨ ਆਪਣੇ ਹੀ ਕਿਸਮ ਦਾ ਹੁੰਦਾ ਹੈ।
3. **ਸਮਾਜਿਕ ਗੁਣ (Sociability)** : ਮਨੁੱਖ ਸਮਾਜਿਕ ਪ੍ਰਾਣੀ ਹੈ। ਬਾਕੀ ਗੁਣਾਂ ਦੇ ਮੁਕਾਬਲੇ ਵਿਚ ਇਹ ਗੁਣ ਸਭ ਤੋਂ ਪ੍ਰਮੁੱਖ ਹੁੰਦਾ ਹੈ।
4. **ਏਕੀਕਰਨ (Integration and Organisation)** : ਸ਼ਖ਼ਸੀਅਤ ਵਿਚ ਸਰੀਰਕ, ਮਾਨਸਿਕ, ਬੋਧਿਕ ਆਦਿ ਗੁਣਾਂ ਦਾ ਸੰਗਠਨ ਹੁੰਦਾ ਹੈ। ਇਹ ਸਾਰੇ ਇਕ ਇਕਾਈ ਦੇ ਰੂਪ ਵਿਚ ਦੇਖੇ ਜਾਂਦੇ ਹਨ।
5. **ਨਿਰੰਤਰਤਾ (Consistency)** : ਬੋਰਿੰਗ ਤੇ ਵੁਡਵਰਥ ਅਨੁਸਾਰ ਵਿਅਕਤੀ ਵਿਚ ਗੁਣਾਂ ਦੀ ਨਿਰੰਤਰਤਾ ਪਾਈ ਜਾਂਦੀ ਹੈ।
6. **ਦ੍ਰਿੜਤਾ (Persistence)** : ਦ੍ਰਿੜਤਾ ਸ਼ਖ਼ਸੀਅਤ ਦੇ ਉਚੇਰੀਕਰਣ ਦਾ ਵੱਡਾ ਗੁਣ ਹੈ। ਦ੍ਰਿੜਤਾ ਤੋਂ ਬਿਨਾਂ ਜੀਵਨ ਉਦੇਸ਼ ਪ੍ਰਾਪਤ ਕਰਨਾ ਔਖਾ ਹੁੰਦਾ ਹੈ।
7. **ਗਤੀਸ਼ੀਲ ਅਤੇ ਲਚਕ (Dynamic and Flexibility)** : ਸ਼ਖ਼ਸੀਅਤ ਵੀ ਬਦਲਦੀ ਰਹਿੰਦੀ ਹੈ। ਜ਼ਿੰਦਗੀ ਦੇ ਹਾਲਾਤ ਬਦਲਦੇ ਰਹਿੰਦੇ ਹਨ, ਜਿਨ੍ਹਾਂ ਅਨੁਸਾਰ ਸ਼ਖ਼ਸੀਅਤ ਵੀ ਬਦਲਦੀ ਰਹਿੰਦੀ ਹੈ।
8. **ਵਾਤਾਵਰਣ ਵਿਚ ਸਮਾਯੋਜਨ (Unique Adjustment with Environment)** : ਸ਼ਖ਼ਸੀਅਤ ਗੁਣਾਂ ਅਨੁਸਾਰ ਵਾਤਾਵਰਣ ਵਿਚ ਸਮਾਯੋਜਨ ਹੁੰਦਾ ਹੈ।

## 2.1.2.4 ਸ਼ਖ਼ਸੀਅਤ ਦੇ ਤੱਤ, ਆਯਾਤ ਜਾਂ ਪਹਿਲੂ (TRAITS, DIMENSIONS OR ASPECTS OF PERSONALITY) :

ਸ਼ਖ਼ਸੀਅਤ ਦੇ ਤੱਤਾਂ ਦੇ ਗਿਆਨ ਤੋਂ ਸਾਨੂੰ ਸ਼ਖ਼ਸੀਅਤ ਦੇ ਅਰਥ ਸਮਝਣ ਵਿਚ ਸਹਾਇਤਾ ਮਿਲਦੀ ਹੈ। ਸ਼ਖ਼ਸੀਅਤ ਦੇ ਮੁੱਖ ਤੱਤ ਜਾਂ ਪਹਿਲੂ ਇਸ ਤਰ੍ਹਾਂ ਹਨ:

### (1) ਸਰੀਰਕ ਤੱਤ (Physical Aspect) :

ਸਰੀਰਕ ਤੱਤਾਂ ਵਿਚ ਰੂਪ, ਆਕਾਰ, ਭਾਰ, ਆਵਾਜ਼, ਨਾੜੀ ਸੰਸਥਾਨ, ਗ੍ਰੰਥੀ ਸੰਸਥਾਨ ਸ਼ਾਮਿਲ ਹਨ। ਜੇਕਰ ਵਿਅਕਤੀ ਲੰਬਾ, ਤੰਦਰੁਸਤ ਤੇ ਰੂਪਮਾਨ ਹੋਵੇ ਤਾਂ ਨਿਸ਼ਚਿਤ ਤੌਰ ਤੇ ਉਸਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਹੋਵੇਗੀ। ਅਸਲ ਵਿਚ ਅਰੋਗ ਵਿਅਕਤੀ ਲਈ ਅਰੋਗ ਸਰੀਰ ਜ਼ਰੂਰੀ ਹੈ। ਮਨੁੱਖ ਦੀ ਸ਼ਖ਼ਸੀਅਤ ਵਿਚ ਸਰੀਰਕ ਅਤੇ ਮਾਨਸਿਕ ਤੱਤਾਂ ਦਾ ਮਿਸ਼ਰਣ ਰਹਿੰਦਾ ਹੈ।

### (2) ਬੌਧਿਕ ਤੱਤ (Intellectual Aspects) :

ਸ਼ਖ਼ਸੀਅਤ ਵਿਚ ਬੌਧਿਕ ਤੱਤ, ਯਾਦਾਸ਼ਤ, ਕਲਪਨਾ, ਵਿਚਾਰ, ਤਰਕ ਸ਼ਕਤੀ, ਨਿਰੀਖਣ, ਨਿਰਣਾ ਸ਼ਕਤੀ, ਧਿਆਨ, ਬੁੱਧੀ, ਸਮਾਯੋਜਨ ਦੀ ਯੋਗਤਾ ਸ਼ਾਮਲ ਹਨ। ਜੇਕਰ ਵਿਅਕਤੀ ਵਿਚ ਤੇਜ਼ ਬੁੱਧੀ ਹੈ ਤਾਂ ਉਹ ਉਚਿਤ ਵਾਤਾਵਰਣ ਦਾ ਨਿਰਮਾਣ ਕਰਦਿਆਂ ਤੇਜ਼ੀ ਨਾਲ ਪ੍ਰਗਤੀ ਵੱਲ ਵਧੇਗਾ। ਇਸ ਤਰ੍ਹਾਂ ਬੁੱਧੀ ਮਨੁੱਖ ਨੂੰ ਆਪਣੀਆਂ ਮੂਲ ਪ੍ਰਵਿਰਤੀਆਂ ਤੇ ਨਿਯੰਤਰਣ ਰੱਖਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ।

### (3) ਭਾਵਾਤਮਕ ਤੱਤ (Emotional Aspects) :

ਵਿਅਕਤੀ ਦੀ ਸ਼ਖ਼ਸੀਅਤ ਵਿਚ ਭਾਵਾਤਮਕ ਤੱਤ ਦੀ ਮਹੱਤਵਪੂਰਣ ਥਾਂ ਹੈ। ਭਾਵਾਤਮਕ ਤੱਤਾਂ ਵਿਚ ਸੰਵੇਗਾਤਮਕ ਪ੍ਰਕ੍ਰਿਆਵਾਂ, ਸੁਭਾਵ ਜਿਵੇਂ ਅੰਤਰ-ਮੁਖੀ ਜਾਂ ਬਾਹਰ-ਮੁਖੀ, ਖੁਸ਼ੀ, ਉਦਾਸੀ, ਨਿਡਰਤਾ, ਕਾਇਰਤਾ ਆਦਿ ਅਤੇ ਇੱਛਾਵਾਂ, ਮਨ ਦੀ ਸਥਿਤੀ, ਮਾਨਸਿਕ ਰੋਗ ਆਦਿ ਸ਼ਾਮਲ ਹਨ। ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਅੰਤਰਸਾਵੀ ਨਾੜੀਆਂ ਦਾ ਭਾਵਾਤਮਕ ਤੱਤ ਤੇ ਬਹੁਤ ਪ੍ਰਭਾਵ ਪੈਂਦਾ ਹੈ।

### (4) ਸਮਾਜਿਕ ਤੱਤ (Social Aspects) :

ਸ਼ਖ਼ਸੀਅਤ ਦੇ ਸਮਾਜਿਕ ਤੱਤ ਵਿਚ ਸਮਾਜਿਕ ਵਿਹਾਰ, ਸਮਾਜਿਕ ਸਭਿਆਚਾਰ, ਪ੍ਰਭਾਵਸ਼ੀਲਤਾ, ਸਮਾਜਿਕ ਵਿਚਾਰ ਅਤੇ ਸਮਾਜਿਕ ਸਮਾਯੋਜਨ ਸ਼ਾਮਲ ਹਨ। ਇਹ ਤੱਤ ਮਨੁੱਖ ਨੂੰ ਮਿਲਣਸਾਰ ਤੇ ਲੋਕਪ੍ਰਿਯ ਬਣਾਉਂਦੇ ਹਨ।

### (5) ਸੰਕਲਪਾਤਮਕ ਤੱਤ (Vocational Aspects) :

ਇਸ ਵਿਚ ਵਿਅਕਤੀ ਦੀ ਇੱਛਾ ਸ਼ਕਤੀ, ਰੁਚੀਆਂ, ਚਰਿੱਤਰ ਅਤੇ ਸਮਾਯੋਜਨ ਦੀ ਯੋਗਤਾ ਸ਼ਾਮਲ ਹਨ। ਕੁਝ ਕੁ ਲੋਕਾਂ ਵਿਚ ਆਤਮਕ ਦ੍ਰਿੜਤਾ ਬਹੁਤ ਜ਼ਿਆਦਾ ਹੁੰਦੀ ਹੈ। ਅਤੇ ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜੋ ਆਪਣੇ ਨਿਸ਼ਚੇ ਤੇ ਦ੍ਰਿੜ ਨਹੀ ਰਹਿੰਦੇ ਦ੍ਰਿੜ ਸੰਕਲਪ ਸ਼ਕਤੀ ਕਮਜ਼ੋਰ ਹੋਵੇ ਤਾਂ ਉਹ ਆਤਮ ਸੰਤੁਲਨ ਗੁਆ ਬੈਠਦਾ ਹੈ।

### (6) ਨੈਤਿਕ ਤੱਤ (Moral Aspects) :

ਮਨੁੱਖ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ ਇਹ ਉਸ ਨੈਤਿਕ ਤੱਤਾਂ ਤੇ ਆਧਾਰਿਤ ਹੁੰਦਾ ਹੈ। ਵਿਅਕਤੀ ਦੇ ਨੈਤਿਕ ਗੁਣ ਉਸਨੂੰ ਸਮਾਜ ਵਿਚ ਆਦਰ ਦੁਆਉਂਦੇ ਹਨ। ਨੈਤਿਕਤਾ ਕਿਸੇ ਸਮਾਜ ਦੇ ਰੀਤੀ ਰਿਵਾਜਾਂ ਤੇ ਆਧਾਰਿਤ ਹੁੰਦੀ ਹੈ। ਇਸ ਲਈ ਨੈਤਿਕਤਾ ਸਮਾਜ ਦਾ ਇਕ ਮਹੱਤਵਪੂਰਣ ਅੰਗ ਹੈ।

## 2.1.3 ਸ਼ਖ਼ਸੀਅਤ ਦੀਆਂ ਕਿਸਮਾਂ (Types of Personality) :

ਸ਼ਖ਼ਸੀਅਤ ਦੀਆਂ ਕਿਸਮਾਂ ਦਾ ਅਰਥ ਹੈ ਸਰੀਰਕ ਅਤੇ ਵਿਹਾਰਕ ਪ੍ਰਾਪਤੀਆਂ ਦੇ ਆਧਾਰ ਤੇ ਲੋਕਾਂ ਦਾ ਵਰਗੀਕਰਨ। ਸ਼ਖ਼ਸੀਅਤਾਂ ਦੇ ਪ੍ਰਸਿੱਧ ਵਰਗੀਕਰਣ ਇਸ ਤਰ੍ਹਾਂ ਹਨਾਂ:

### 2.1.3.1 ਪੁਰਾਤਨ ਵਰਗੀਕਰਣ **(Ancient Classification)** :

(1) ਯੂਰੋਪੀਅਨ ਵਰਗੀਕਰਣ (Europeon Classification)

(ੳ) ਹਿਪੋਕਰੇਟਸ ਦੁਆਰਾ ਦਿੱਤਾ ਗਿਆ ਵਰਗੀਕਰਣ (Hippocrate's Classification)

**(i)** **ਆਸ਼ਾਵਾਦੀ (Sanguine)**: ਇਹ ਲੋਕ, ਆਸ਼ਾ-ਯੁਕਤ, ਛੇਤੀ ਕੰਮ ਕਰਨ ਵਾਲੇ ਅਤੇ ਪ੍ਰਸੰਨ ਰਹਿਣ ਵਾਲੇ ਹੁੰਦੇ ਹਨ।

**(ii)** **ਨਿਰਾਸ਼ਾਵਾਦੀ (Melancholic)**: ਇਹ ਕਾਲੇ ਪਿਤ ਵਾਲੇ ਉਦਾਸ ਅਤੇ ਨਿਰਾਸ਼ਾਵਾਦੀ ਹਨ।

**(iii)** **ਕ੍ਰੋਧੀ (Choleric)**: ਇਹ ਪੀਲੇ ਪਿਤ ਵਾਲੇ ਅਤੇ ਛੇਤੀ ਗੁੱਸੇ ਵਿਚ ਆ ਜਾਣ ਵਾਲੇ ਹੁੰਦੇ ਹਨ।

**(iv)** **ਮੰਦ (Phelgmatic)**: ਇਨ੍ਹਾਂ ਲੋਕਾਂ ਵਿਚ ਕਫ ਬਹੁਤ ਜ਼ਿਆਦਾ ਪਾਇਆ ਜਾਂਦਾ ਹੈ। ਇਹ ਲੋਕ ਸੁਸਤ, ਮੰਦ, ਉਤੇਜਨਾਹੀਣ ਅਤੇ ਕਮਜ਼ੋਰ ਹੁੰਦੇ ਹਨ।

### 2.1.3.2 ਭਾਰਤੀ ਵਰਗੀਕਰਣ **(Indian Classification)** :

(ੳ) ਆਯੁਰਵੈਦਿਕ ਵਰਗੀਕਰਣ (Ayurvedic Classification)

(i) ਵਤ (Vate) : ਅਵਾਰ

(ii) ਪਿਤ (Pitta) : ਗੁਸੈਲੇ

(iii) ਕਫ (Kapaha) : ਸ਼ਾਂਤ

(ਅ) ਧਰਮ ਸ਼ਾਸਤਰ ਦੁਆਰਾ ਵਰਗੀਕਰਣ:

(i) ਸਾਤਵਿਕ (Truthful)

(ii) ਰਾਜਸਿਕ (Optimistic)

(iii) ਤਾਮਸਿਕ (Pessimistic)

### 2.1.3.3 ਆਧੁਨਿਕ ਵਰਗੀਕਰਣ **(Modern Classification)** :

ਆਧੁਨਿਕ ਮਨੋਵਿਗਿਆਨੀਆਂ ਅਨੁਸਾਰ ਤਿੰਨ ਤਰ੍ਹਾਂ ਦੀਆਂ ਸ਼ਖ਼ਸੀਅਤਾਂ ਹੁੰਦੀਆਂ ਹਨ:

### (1) ਭਾਵੁਕ ਵਿਅਕਤੀ **(Men of Feeling)**:

ਇਹ ਵਿਅਕਤੀ ਆਪਣੀਆਂ ਕ੍ਰਿਆਵਾਂ ਲਈ ਆਪਣੀਆਂ ਭਾਵਨਾਵਾਂ ਦੁਆਰਾ ਪ੍ਰੇਰਿਤ ਹੁੰਦੇ ਹਨ। ਉਹ ਦਿਮਾਗ ਨਾਲੋਂ ਵੱਧ ਦਿਲ ਦੀ ਸੁਣਦੇ ਹਨ। ਉਨ੍ਹਾਂ ਦੀਆਂ ਕ੍ਰਿਆਵਾਂ, ਭਾਵਾਂ, ਸੰਵੇਗਾਂ ਅਤੇ ਉਤੇਜਨਾਵਾਂ ਦੁਆਰਾ ਪ੍ਰੇਰਿਤ ਹੁੰਦੀਆਂ ਹਨ। ਮੋਰਗਨ ਅਤੇ ਗਿਲੀਲੈਂਡ (Morgan & Gilliland) ਅਨੁਸਾਰ ਭਾਵੁਕ ਵਿਅਕਤੀ ਹੇਠ ਲਿਖੀਆਂ ਚਾਰ ਕਿਸਮਾਂ ਦੇ ਹੁੰਦੇ ਹਨ:

**(i)** **ਪ੍ਰਸੰਨਚਿਤ (Elated)**: ਇਹ ਵਿਅਕਤੀ ਆਮ ਤੌਰ ਤੇ ਖੁਸ਼ ਰਹਿੰਦੇ ਹਨ। ਉਨ੍ਹਾਂ ਦਾ ਸੁਭਾਅ ਆਸ਼ਾਵਾਦੀ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਭਵਿੱਖ ਵਿੱਚ ਵਿਸ਼ਵਾਸ ਹੁੰਦਾ ਹੈ। ਉਹ ਆਪਣੀਆਂ ਸੱਮਸਿਆਵਾਂ ਤੇ ਬੁੱਧੀਮਾਨੀ ਨਾਲ ਵਿਚਾਰ ਭਾਵੇਂ ਨਾ ਕਰਨ, ਪਰ ਉਹ ਆਪਣੀ ਸਮੱਸਿਆਵਾਂ ਤੋਂ ਚਿੰਤਾਤੁਰ ਨਹੀਂ ਹੁੰਦੇ।

**(ii)** **ਉਦਾਸੀਨ (Depressed)**: ਅਜਿਹੇ ਵਿਅਕਤੀ ਨਿਰਾਸ਼ਾਵਾਦੀ ਹੁੰਦੇ ਹਨ। ਇਹ ਆਮ ਤੌਰ ਤੇ ਉਦਾਸ ਰਹਿੰਦੇ ਹਨ। ਉਨ੍ਹਾਂ ਨੂੰ ਭਵਿੱਖ ਤੇ ਵਿਸ਼ਵਾਸ ਨਹੀਂ ਹੁੰਦਾ। ਜੀਵਨ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਨਾਕਾਰਾਤਮਕ ਹੁੰਦਾ ਹੈ। ਜੀਵਨ ਉਨ੍ਹਾਂ ਲਈ ਕੰਡਿਆਂ ਦੀ ਸੇਜ਼ ਹੁੰਦਾ ਹੈ।

**(iii)** **ਚਿੜਚਿੜਾ (Irritable)**: ਇਹ ਲੋਕ ਹਰੇਕ ਕੰਮ ਵਿਚ ਦਖਲ ਦਿੰਦੇ ਹਨ ਅਤੇ ਗਰਮ ਸੁਭਾਅ ਦੇ ਹੁੰਦੇ ਹਨ। ਇਹ ਥੋੜ੍ਹੀ ਥੋੜ੍ਹੀ ਦੇਰ ਮਗਰੋਂ ਜੋਸ਼ ਵਿਚ ਆ ਜਾਂਦੇ ਹਨ। ਆਮ ਤੌਰ ਤੇ ਇਨ੍ਹਾਂ ਨੂੰ ਲੜਾਈ ਦੀ ਤਲਾਸ਼ ਰਹਿੰਦੀ ਹੈ। ਅਜਿਹੇ ਲੋਕਾਂ ਦੇ ਸੁਭਾਅ ਨੂੰ ਸਮਝਣਾ ਔਖਾ ਹੁੰਦਾ ਹੈ।

**(iv) ਅਸਥਿਰ (Unstable)**: ਅਜਿਹੇ ਲੋਕਾਂ ਨੂੰ ਆਪਣੀ ਬੁੱਧੀ ਅਤੇ ਤਰਕਸ਼ਕਤੀ ਤੇ ਨਿਯੰਤਰਣ ਨਹੀਂ ਹੁੰਦਾ। ਬਿਨਾਂ ਕਿਸੇ ਕਾਰਨ ਉਹ ਕਦੇ ਬਹੁਤ ਖੁਸ਼ ਹੁੰਦੇ ਹਨ ਅਤੇ ਕਦੇ ਉਦਾਸ ਹੋ ਜਾਂਦੇ ਹਨ। ਉਹ ਅਸੰਤੁਲਿਤ, ਅਸਥਿਰ ਅਤੇ ਭਾਵੁਕ ਹੁੰਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਨਿਸ਼ਚਿਤ ਨਹੀਂ ਹੁੰਦੀ।

### (2) ਕਰਮਸ਼ੀਲ ਵਿਅਕਤੀ (Men of Action):

ਕਰਮਸ਼ੀਲ ਵਿਅਕਤੀ ਰਚਨਾਤਮਕ ਕ੍ਰਿਆਵਾਂ ਵਿਚ ਰੁਚੀ ਰਖਦੇ ਹਨ। ਸਕੂਲਾਂ ਅਤੇ ਕਾਲਜਾਂ ਵਿਚ ਅਜਿਹੇ ਵਿਦਿਆਰਥੀ ਕਿਸੇ ਨਾ ਕਿਸੇ ਕੰਮ ਵਿਚ ਲੱਗੇ ਰਹਿੰਦੇ ਹਨ। ਕਈ ਵਿਦਿਆਰਥੀ ਪੜ੍ਹਾਈ ਵਿਚ ਚੰਗੇ ਨਹੀਂ ਹੁੰਦੇ ਪਰ ਹੱਥ ਦੇ ਕੌਸ਼ਲ ਵਿਚ ਉਹ ਬਹੁਤ ਚੰਗੇ ਰਹਿੰਦੇ ਹਨ। ਅਜਿਹੇ ਵਿਦਿਆਰਥ ਸਿਪਾਹੀ, ਕਲਾਕਾਰ, ਖਿਡਾਰੀ, ਪਹਿਲਵਾਨ ਆਦਿ ਬਣਦੇ ਹਨ।

### (3) ਵਿਚਾਰਸ਼ੀਲ ਵਿਅਕਤੀ (Men of Thought)

ਇਹ ਵਿਅਕਤੀ ਸੋਚ ਸਮਝ ਕੇ ਕੰਮ ਕਰਦੇ ਹਨ। ਥਰਨਡਾਇਕ (Thorndike) ਨੇ ਵਿਚਾਰਸ਼ੀਲ ਵਿਅਕਤੀਆਂ ਨੂੰ ਹੇਠ ਲਿਖੇ ਅਨੁਸਾਰ ਵੰਡਿਆਂ ਹੈ।

**(i) ਸੂਖਮ ਚਿੰਤਕ (Abstract Thinkers)** : ਸੂਖਮ ਚਿੰਤਕ ਕਾਰਜ ਕਰਨ ਤੋਂ ਪਹਿਲਾਂ ਉਸ ਦੀ ਉਪਯੋਗਤਾ ਅਤੇ ਅਣ-ਉਪਯੋਗਤਾ ਤੋਂ ਚੰਗੀ ਤਰ੍ਹਾਂ ਵਿਚਾਰ ਕਰ ਲੈਂਦੇ ਹਨ।

**(ii) ਵਿਚਾਰ ਚਿੰਤਕ (Idea Thinkers) :** ਅਜਿਹੇ ਵਿਅਕਤੀ ਆਪਣੇ ਚਿੰਤਕ ਨੂੰ ਪ੍ਰਤੀਕਾਂ ਵਿਚ ਪ੍ਰਗਟਾਉਂਦੇ ਹਨ।

**(iii) ਚਿੰਤਕ ਲਈ ਚਿੰਤਨ (Thinkers for Thinking)** : ਅਜਿਹੇ ਵਿਅਕਤੀ ਕੇਵਲ ਚਿੰਤਨ ਤੇ ਹੀ ਜ਼ੋਰ ਦਿੰਦੇ ਹਨ।

### (4) ਜੁੰਗ ਦਾ ਵਿਵਹਾਰਿਕ ਦ੍ਰਿਸ਼ੀਕੋਣ (Jung's Classification):

ਜੁੰਗ ਨੇ ਲੋਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆਂ ਹੈ :

**(i) ਅੰਤਰ-ਮੁੱਖੀ (Introverts)**

ਅੰਤਰ-ਮੁੱਖ ਵਿਅਕਤੀ ਸ਼ਰਮੀਲੇ, ਆਤਮ-ਕੇਂਦਰਿਤ, ਆਤਮ-ਸੁਚੇਤ ਅਤੇ ਅਸਮਾਜਿਕ ਹੁੰਦੇ ਹਨ। ਉਹ ਦੂਜਿਆ ਨੂੰ ਮਿਲਣਾ ਪਸੰਦ ਨਹੀਂ ਕਰਦੇ। ਉਹ ਚਿੰਤਨ ਅਤੇ ਲੇਖਣ ਵਿਚ ਰੁਚੀ ਰਖਦੇ ਹਨ। ਉਹ ਕੇਵਲ ਆਪਣੇ ਅੰਦਰੂਨੀ ਸੰਸਾਰ ਵਿਚ ਹੀ ਰੁਝੇ ਰਹਿੰਦੇ ਹਨ। ਆਪਣੇ ਆਪ ਵਿਚ ਕੇਂਦਰਿਤ ਰਹਿਣਾ ਅਤੇ ਦਿਨ ਵਿਚ ਸੁਪਨੇ ਦੇਖਣਾ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਹਨ।

**(ii) ਬਾਹਰ-ਮੁੱਖੀ (Extroverts) :**

ਬਾਹਰਮੁੱਖੀ ਵਿਅਕਤੀ ਮਿਲਣਸਾਰ, ਨਿਡਰ ਅਤੇ ਸਹਿਯੋਗੀ ਸੁਭਾਅ ਦੇ ਹੁੰਦੇ ਹਨ। ਉਹ ਚਿੰਤਾਵਾਂ ਤੋਂ ਮੁਕਤ ਰਹਿੰਦੇ ਅਤੇ ਉਨ੍ਹਾਂ ਦੀ ਵਾਣੀ ਵਿਚ ਪ੍ਰਵਾਹ ਹੁੰਦਾ ਹੈ। ਉਹ ਸਦਾ ਬਹਾਰੀ ਸੰਸਾਰ ਵੱਲ ਕੇਂਦਰਿਤ ਰਹਿੰਦੇ ਹਨ। ਦੂਜਿਆਂ ਪ੍ਰਤੀ ਉਨ੍ਹਾਂ ਦਾ ਵਿਵਹਾਰ ਮਿੱਤਰਤਾ ਵਾਲਾ ਹੁੰਦਾ ਹੈ। ਅਜਿਹੇ ਵਿਅਕਤੀ ਚੰਗੇ ਨੇਤਾ ਅਤੇ ਸਮਾਜਿਕ ਕਾਰਜਕਰਤਾ ਬਣਦੇ ਹਨ।

**(iii) ਮੱਧ-ਮੁੱਖੀ (Ambiverts) :**

ਮੱਧ-ਮੁੱਖੀ ਉਹ ਵਿਅਕਤੀ ਹੁੰਦੇ ਹਨ ਜੋ ਨਾ ਪੂਰਨ ਤੌਰ ਤੇ ਅੰਤਰ-ਮੁੱਖੀ ਹੁੰਦੇ ਹਨ ਅਤੇ ਨਾ ਬਾਹਰ-ਮੁੱਖੀ। ਹਰੇਕ ਵਿਅਕਤੀ ਇਨ੍ਹਾਂ ਦੋਹਾਂ ਦਾ ਮਿਸ਼ਰਣ ਹੁੰਦਾ ਹੈ। ਇਹ ਸੁਨਹਿਰੀ ਔਸਤ ਹੈ। ਅਜਿਹੀ ਸ਼ਖ਼ਸੀਅਤ ਸਰਵ-ਉਤਮ ਹੁੰਦੀ ਹੈ। ਸਮੇਂ ਦੀ ਮੰਗ ਅਨੁਸਾਰ ਇਹ ਅੰਤਰ-ਮੁੱਖੀ ਅਤੇ ਬਾਹਰ-ਮੁੱਖੀ ਪ੍ਰਵਿਰਤੀਆਂ ਦਾ ਪ੍ਰਗਟਾਵਾ ਕਰਦੀ ਹੈ।

### (5) ਕ੍ਰੈਚਮਰ ਦੁਆਰਾ ਕੀਤਾ ਗਿਆ ਵਰਗੀਕਰਣ (Kretschmer's Classification) :

ਕ੍ਰੈਚਮਰ ਜੋ ਕਿ ਇਕ ਜਰਮਨ ਸਾਈਕ੍ਰੈਅਰਿਟਸਟ ਸੀ, ਨੇ ਆਪਣੀ ਪੁਸਤਕ (Physique and Character) ਵਿਚ ਸ਼ਖ਼ਸੀਅਤ ਦੀਆਂ ਚਾਰ ਕਿਸਮਾਂ ਦਾ ਵਰਨਣ ਕੀਤਾ ਹੈ :

**(i) ਸ਼ਕਤੀਹੀਣ ਜਾਂ ਦੁਬਲੇ ਪੱਤਲੇ (Aesthenic):** ਇਹ ਪਤਲੇ ਅਤੇ ਛੋਟੇ ਮੋਢਿਆਂ ਵਾਲੇ ਹੁੰਦੇ

ਹਨ। ਇਨ੍ਹਾਂ ਦੀਆਂ ਬਾਹਵਾਂ ਪਤਲੀਆਂ, ਛਾਤੀ ਮੋਟੀ ਅਤੇ ਮੂੰਹ ਦਾ ਆਕਾਰ ਕੋਣ ਜਿਹਾ ਹੁੰਦਾ ਹੈ। ਇਹ ਦੂਜੇ ਦੀ ਆਲੋਚਨਾ ਕਰਨਾ ਪਸੰਦ ਕਰਦੇ ਹਨ ਪਰ ਦੂਜਿਆਂ ਤੋਂ ਆਪਣੀ ਆਲੋਚਨਾ ਪਸੰਦ ਨਹੀਂ ਕਰਦੇ।

**(ii) ਖਿਡਾਰੀ (Athletic):** ਅਜਿਹੇ ਵਿਅਕਤੀ ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਹੁੰਦੇ ਹਨ। ਇਨ੍ਹਾਂ ਦੀ ਛਾਤੀ ਚੌੜੀ ਤੇ ਉਭਰੀ ਹੋਈ, ਮੋਢੇ ਚੌੜੇ, ਬਾਹਵਾਂ ਮਜ਼ਬੂਤ ਅਤੇ ਚਿਹਰਾ ਦੇਖਣ ਵਿਚ ਚੰਗਾ ਹੁੰਦਾ ਹੈ। ਇਹ ਦੂਜੇ ਵਿਅਕਤੀਆਂ ਨਾਲ ਮੇਲ ਮਿਲਾਪ ਕਰਨਾ ਚਾਹੁੰਦੇ ਹਨ।

**(iii) ਨਾਟੇ ਜਾਂ ਮੋਟੇ-ਛੋਟੇ (Pyknic):** ਅਜਿਹੇ ਵਿਅਕਤੀਆਂ ਦਾ ਸਰੀਰ ਛੋਟਾ, ਮੋਟਾ ਗੋਲ ਅਤੇ ਚਰਬੀ ਵਾਲਾ ਹੁੰਦਾ ਹੈ। ਇਹ ਐਸ਼ੋ-ਇਸ਼ਰਤ ਪਸੰਦ ਅਤੇ ਲੋਕ-ਪ੍ਰਿਯਾ ਹੁੰਦੇ ਹਨ।

**(iv) ਮਿਸ਼ਰਤ (Dysplastic):** ਇਹ ਬਹੁਤ ਲੰਬੇ, ਚੌੜੇ ਅਤੇ ਮੋਟੇ ਹੁੰਦੇ ਹਨ ਅਤੇ ਉਪਰ ਤਿੰਨ ਤਰ੍ਹਾਂ ਦੇ ਵਿਅਕਤੀਆਂ ਦਾ ਮਿਸ਼ਰਣ ਹੁੰਦਾ ਹੈ।

### (6) ਸ਼ੈਲਡਨ ਦਾ ਵਰਗੀਕਰਣ (Sheldon's Classification):

ਸ਼ੈਲਡਨ ਅਨੁਸਾਰ ਤਿੰਨ ਤਰ੍ਹਾਂ ਦੀ ਸ਼ਖ਼ਸੀਅਤ ਹੁੰਦੀ ਹੈ :

**(i) ਗੋਲਾਕਾਰ (Endomorphic Type):** ਇਨ੍ਹਾਂ ਲੋਕਾਂ ਦਾ ਸਰੀਰ ਮੋਟਾ, ਭਾਰੀ ਅਤੇ ਗੋਲਾਕਾਰ ਹੁੰਦਾ ਹੈ। ਇਨ੍ਹਾਂ ਦਾ ਪੇਟ ਜ਼ਿਆਦਾ ਵੱਡਾ ਹੁੰਦਾ ਹੈ ਅਤੇ ਪਾਚਣ ਕ੍ਰਿਆ ਸੰਬੰਧੀ ਆਂਦਰਾਂ ਘੱਟ ਵਿਕਸਿਤ ਹੁੰਦੀਆਂ ਹਨ।

**(ii) ਆਇਤਾਕਾਰ (Mesomorphic):** ਇਨ੍ਹਾਂ ਵਿਅਕਤੀਆਂ ਦਾ ਸਰੀਰ ਰਿਸ਼ਟ-ਪੁਸ਼ਟ ਅਤੇ ਆਇਤਾਕਾਰ ਹੁੰਦਾ ਹੈ। ਇਨ੍ਹਾਂ ਦੀਆਂ ਮਾਸਪੇਸ਼ੀਆਂ, ਹੱਡੀਆਂ ਅਤੇ ਜੋੜਨ ਵਾਲੇ ਤੰਤੂ ਵਧੇਰੇ ਵਿਕਸਿਤ ਹੁੰਦੇ ਹਨ।

**(iii) ਲੰਬਕਾਰ (Ectomorphic):** ਇਹ ਵਿਅਕਤੀ ਕਮਜ਼ੋਰ, ਪਤਲੇ ਅਤੇ ਲੰਬੇ ਹੁੰਦੇ ਹਨ। ਇਹਨਾਂ ਦੀਆਂ ਹੱਡੀਆਂ ਕੋਮਲ ਅਤੇ ਲੰਬੀਆਂ ਹੁੰਦੀਆਂ ਹਨ।

### (7) ਸਪਰੈਂਗਰ ਦਾ ਵਰਗੀਕਰਣ (Spranger's Classfication):

ਸਪਰੈਂਗਰ ਨੇ ਆਪਣੀ ਪੁਸਤਕ "Type of Men" ਵਿਚ ਵਿਅਕਤੀਆਂ ਦੇ ਸਮਾਜਿਕ ਕਾਰਜਾਂ ਅਤੇ ਸਥਿਤੀ ਤੇ ਆਧਾਰਤ ਸ਼ਖ਼ਸੀਅਤ ਦੇ ਛੇ ਰੂਪ ਦੱਸੇ ਹਨ।

**(i) ਸਿਧਾਂਤਕ (Theoretical):** ਸਿਧਾਂਤਕ ਵਿਅਕਤੀ ਵਿਵਹਾਰ ਨਾਲੋਂ ਸਿਧਾਂਤ ਦੇ ਜ਼ਿਆਦਾ ਜ਼ੋਰ ਦਿੰਦੇ ਹਨ। ਉਹ ਸੋਚ ਦੇ ਪੁਜਾਰੀ ਹੁੰਦੇ ਹਨ। ਦਾਰਸ਼ਨਿਕ ਇਸੇ ਤਰ੍ਹਾਂ ਦੇ ਵਿਅਕਤੀ ਹੁੰਦੇ ਹਨ।

**(ii) ਆਰਥਿਕ (Economic) :** ਆਰਥਿਕ ਵਿਅਕਤੀ ਜੀਵਨ ਦੀਆਂ ਸਾਰੀਆਂ ਗੱਲਾਂ ਦਾ ਆਰਥਿਕ ਦ੍ਰਿਸ਼ਟੀ ਨਾਲ ਮੁਲੰਕਣ ਕਰਦੇ ਹਨ। ਉਹ ਹਰੇਕ ਕੰਮ ਨੂੰ ਲਾਭ ਦੀ ਦ੍ਰਿਸਟੀ ਨਾਲ ਦੇਖਦੇ ਹਨ। ਵਪਾਰੀ ਲੋਕ ਇਸੇ ਤਰ੍ਹਾਂ ਦੇ ਹੁੰਦੇ ਹਨ।

**(iii) ਸਮਾਜਿਕ (Social) :** ਸਮਾਜਿਕ ਵਿਅਕਤੀ ਸਮਾਜ ਦਾ ਕਲਿਆਣ ਚਾਹੁੰਦੇ ਹਨ। ਉਹ ਸਮਾਜ ਦੇ ਕਲਿਆਣ ਲਈ ਸਭ ਕੁਝ ਕਰ ਸਕਦੇ ਹਨ। ਉਹ ਪ੍ਰੇਮ ਦੇ ਪੁਜਾਰੀ ਹੁੰਦੇ ਹਨ। ਉਹ ਹਮਦਰਦੀ ਅਤੇ ਦਇਆ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਨੂੰ ਸੁੱਖ ਅਤੇ ਮਨੁੱਖਤਾ ਵਿਚ ਅਥਾਹ ਸ਼ਰਧਾ ਹੁੰਦੀ ਹੈ।

**(iv) ਕਲਾਤਮਕ (Aesthetic):** ਕਲਾਤਮਕ ਵਿਅਕਤੀ ਹਰੇਕ ਵਸਤੂ ਨੂੰ ਕਲਾ ਦੀ ਦ੍ਰਿਸ਼ਟੀ ਤੋਂ ਵੇਖਦੇ ਹਨ। ਉਨ੍ਹਾਂ ਦੀ ਕਲਾ ਅਤੇ ਸੁੰਦਰਤਾ ਵਿਚ ਸੰਬੰਧ ਕਾਇਮ ਕਰਨ ਦੀ ਇੱਛਾ ਪ੍ਰਬਲ ਹੁੰਦੀ ਹੈ।

**(v) ਰਾਜਨੀਤਿਕ (Political):** ਰਾਜਨੀਤਿਕ ਵਿਅਕਤੀ ਸੱਤਾ, ਪ੍ਰਭੁੱਤਾ ਅਤੇ ਨਿਯੰਤਰਣ ਵਿਚ ਵਿਸ਼ਵਾਸ਼ ਰੱਖਣ ਵਾਲੇ ਹੁੰਦੇ ਹਨ।

**(vi) ਧਾਰਮਿਕ (Religious):** ਇਹ ਵਿਅਕਤੀ ਧਾਰਮਿਕ ਸੁਭਾਅ ਦੇ ਅਤੇ ਪ੍ਰਭੂ ਤੋਂ ਡਰਨ ਵਾਲੇ ਹੁੰਦੇ ਹਨ।

ਉਨ੍ਹਾਂ ਦਾ ਜੀਵਨ ਸਾਦਾ ਅਤੇ ਸਰਲ ਹੁੰਦਾ ਹੈ।

### 2.1.4 ਵਿਅਕਤੀਤਵ ਦੇ ਲੱਛਣ (Traits of Personality):

ਵਿਅਕਤੀਤਵ ਦੇ ਲੱਛਣਾਂ ਦਾ ਸਿੱਧੇ ਤੌਰ ਤੇ ਨਿਰੀਖਣ ਨਹੀਂ ਕੀਤਾ ਜਾ ਸਕਦਾ, ਪਰੰਤੂ ਜਦੋਂ ਤੁਸੀ ਇੱਕ ਵਿਅਕਤੀ ਦਾ ਅਲੱਗ ਸਥਿਤੀਆਂ ਵਿਚ ਇਕੋ ਜਿਹਾ ਵਿਵਹਾਰ ਕਰਦੇ ਦੇਖਦੇ ਹੋ, ਤਾਂ ਤੁਹਾਨੂੰ ਵਿਸ਼ਵਾਸ਼ ਹੋ ਜਾਂਦਾ ਹੈ ਕਿ ਉਸ ਦੇ ਕੁਝ ਖਾਸ ਲੱਛਣ ਜਾਂ ਵਿਸ਼ੇਸ਼ਤਾਵਾਂ ਹਨ। ਉਸਦੇ ਲੱਛਣ ਉਸਨੂੰ ਇੱਕ ਨਿਯਮਿਤ ਵਿਵਹਾਰ ਕਰਨ ਲਈ ਕਹਿੰਦੇ ਹਨ ਭਾਵੇਂ ਸਥਿਤੀਆਂ ਬਿਲਕੁਲ ਅਲੱਗ ਹੋਣ। ਮਨੋਵਿਗਿਆਨ ਵਿਅਕਤੀਤਵ ਦੋ ਪ੍ਰਕਾਰ ਦੇ ਲੱਛਣਾ ਦਾ ਅਧਿਐਨ ਕਰਦੇ ਹਨ। ਇਕ ਪ੍ਰਕਾਰ ਦੇ ਲੱਛਣਾਂ ਨੂੰ ਸਤੱਈ ਲੱਛਣ (Surface traits) ਕਹਿੰਦੇ ਹਨ। ਇਸ ਪ੍ਰਕਾਰ ਦੇ ਲੱਛਣਾਂ ਦੇ ਵਿਵਹਾਰ ਦੀਆਂ ਵਿਸ਼ੇਸ਼ਤਾਈਆਂ ਵਿਚ ਆਮ ਤੌਰ ਤੇ ਵਿਵਹਾਰ ਤੇ ਬਾਹਰੋਂ ਦਿਸਦੇ ਅੰਗ ਆ ਜਾਂਦੇ ਹਨ। ਸਮਾਜਿਕ ਵਿਵਹਾਰ ਵਿਚ ਮਿੱਤਰ ਭਾਵਨਾਵਾਂ ਦਾ ਪ੍ਰਗਟਾਉਣਾ, ਸਾਧਾਰਨ ਰੂਪ ਵਿਚ ਵਿਵਹਾਰ ਦੀ ਲਟਕ, ਚਟਕ ਅਤੇ ਪਟਕ ਭਾਵ ਸਰੀਰਕ ਸ਼ਕਤੀਆਂ ਦਾ ਵਿਖਾਲਾ, ਸਮਾਜਿਕ ਸਥਿਤੀਆਂ ਵਿਚ ਪ੍ਰਵੇਸ਼ ਤੇ ਵਿਚਰਨ ਢੰਗ ਆਦਿ ਸ਼ਾਮਲ ਹਨ। ਦੂਜੀ ਕਿਸਮ ਦੇ ਲੱਛਣਾਂ ਨੂੰ ਅੰਤਰ ਅੰਗ (Depth factors) ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਵਿਅਕਤੀ ਦੇ ਡਰ, ਸਹਿਮ, ਚਿੰਤਾਵਾਂ, ਇਛਾਵਾਂ, ਲੋਚਾਂ, ਆਦਰਸ਼, ਆਤਮ ਭਾਵਨਾ ਆ ਜਾਂਦੇ ਹਨ। ਪਰੰਤੂ ਵਧੇਰੇ ਸਪਸ਼ਟੀਕਰਣ ਲਈ ਵਿਅਕਤੀਤਵ ਦੇ ਲੱਛਣਾਂ ਨੂੰ ਹੇਠ ਲਿਖੇ ਚਾਰ ਭਾਗਾ ਰਾਹੀਂ ਦਰਸਾਇਆ ਗਿਆ ਹੈ।

(1) ਸਰੀਰਕ ਗੁਣ (Physical Traits)

(2) ਮਾਨਸਿਕ ਗੁਣ (Mental Traits)

(3) ਸਮਾਜਿਕ ਗੁਣ (Social Traits)

(4) ਉਪਰੋਕਤ ਤਿੰਨਾ ਕਿਸਮਾਂ ਦੇ ਗੁਣਾਂ ਦਾ ਜੋੜ (mixture of all types of traits)

#### 2.1.4.1 ਸਰੀਰਕ ਗੁਣ (Physical Traits) :

ਸਭ ਤੋਂ ਪਹਿਲਾਂ ਵਿਅਕਤੀ ਦੇ ਬਾਹਰੀ ਰੂਪ ਦਾ ਦੂਜੇ ਵਿਅਕਤੀਆਂ ਤੇ ਅਸਰ ਪੈਂਦਾ ਹੈ। ਕਿਸੇ ਵੀ ਵਿਅਕਤੀਤਵ ਦਾ ਸਭ ਤੋਂ ਵਿਸ਼ੇਸ਼ ਅੰਗ ਕਿਸੇ ਦਾ ਦੂਜਿਆਂ ਨੂੰ ਸੋਹਣਾ ਲੱਗਦਾ ਹੈ। ਕੱਦ, ਡੀਲ-ਡੋਲ, ਚਿਹਰੇ ਦੇ ਹਾਵ ਭਾਵ ਅਤੇ ਰੰਗ ਰੂਪ ਦੇਖਣ ਵਾਲੇ ਦੇ ਮਨ ਵਿਚ ਪ੍ਰਸੰਨਤਾ ਜਾਂ ਅਪ੍ਰਸੰਨਤਾ ਦੀਆਂ ਭਾਵਨਾਵਾਂ ਪੈਦਾ ਕਰਦੇ ਹਨ। ਪੁਲਿਸ ਤੇ ਫੌਜ ਦੀ ਵਰਦੀ ਪਾ ਕੇ ਸਿਪਾਹੀ ਆਪਣਾ ਰੋਹਬ ਪਾ ਸਕਦੇ ਹਨ। ਅਸਲ ਵਿਚ ਇਹ ਵਰਦੀ ਉਨ੍ਹਾਂ ਦੇ ਵਿਅਕਤੀਤਵ ਦਾ ਇਕ ਅੰਗ ਬਣ ਜਾਇਆ ਕਰਦੀ ਹੈ। ਸਰੀਰਕ ਲੱਛਣਾਂ ਨੂੰ ਸਿੱਧੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਅਸੀਂ ਸੰਤ, ਰਿਸ਼ੀਆਂ, ਮੁਨੀਆਂ ਤੇ ਗੇਰੂ ਰੰਗ ਦੇ ਕਪੜਿਆਂ ਨੂੰ ਦੇਖਦੇ ਹੀ ਸਿਰ ਝੁਕਾ ਦਿੰਦੇ ਹਾਂ। ਸਾਧ ਰੰਗ ਕੱਪੜੇ ਕਿਸੇ ਸ਼ਖ਼ਸੀਅਤ ਦਾ ਚਿੰਨ੍ਹ ਬਣ ਜਾਂਦੇ ਹਨ ਅਤੇ ਇਨ੍ਹਾਂ ਕੱਪੜਿਆਂ ਨਾਲ ਸਾਡੇ ਸੰਵੇਗਿਕ ਸੰਬੰਧ ਬਣ ਜਾਂਦੇ ਹਨ।

#### 2.1.4.2 ਮਾਨਸਿਕ ਗੁਣ (Psychological Traits) :

ਮਨੁੱਖ ਦਾ ਵਿਅਕਤੀਤਵ ਕੇਵਲ ਉਸ ਦੇ ਸਰੀਰਕ ਅੰਗਾਂ ਜਾਂ ਬਾਹਰੀ ਪਹਿਰਾਵੇ ਤੇ ਹੀ ਨਿਰਭਰ ਨਹੀਂ ਕਰਦਾ ਕਿਉਂਕਿ ਇਹ ਗੁਣ ਬਹੁਤ ਦੇਰ ਤੱਕ ਕਿਸੇ ਨੂੰ ਪ੍ਰਭਾਵਿਤ ਨਹੀਂ ਕਰਦੇ। ਇਸਦੇ ਬਦਲੇ ਪਿਆਰ ਤੇ ਵਿਸ਼ਵਾਸ਼ ਨਾਲ ਬਣਾਏ ਸੰਬੰਧ ਉਮਰ ਭਰ ਤੱਕ ਸਥਾਈ ਰਹਿ ਸਕਦੇ ਹਨ। ਸਰੀਰਕ ਗੁਣ ਸਤੱਈ ਲੱਛਣਾਂ (Psychological Traits) ਦੀ ਪ੍ਰਤੀਨਿਧਤਾ ਕਰਦੇ ਹਨ, ਇਸ ਕਰਕੇ ਥੋੜ੍ਹੇ ਚਿਰ ਹੀ ਪ੍ਰਭਾਵ ਪਾ ਸਕਦੇ ਹਨ। ਮਾਨਸਿਕ ਗੁਣ ਜਿਹੜੇ ਸਾਡੇ ਵਿਅਕਤੀਤਵ ਦਾ ਅੰਗ ਬਣਦੇ ਹਨ ਉਨ੍ਹਾਂ ਵਿਚ ਬੁੱਧੀ ਯੋਗਤਾ, ਭਾਵਨਾਵਾਂ, ਉਦਵੇਗ, ਸੁਭਾਅ ਇਰਾਦਾ ਸ਼ਕਤੀ, ਸਵੈਭਰੋਸੇ ਦੀਆਂ ਭਾਵਨਾਵਾਂ, ਸਵੈ-ਸਤਿਕਾਰ, ਨਿਰਮਲ ਰੁਚੀਆਂ, ਸੰਵੇਗਿਕ ਸੰਬੰਧ, ਉਦਮੀ ਵਿਚਾਰ ਆਦਿ ਸ਼ਾਮਿਲ ਹੁੰਦੇ ਹਨ। ਜਦੋਂ ਇਨ੍ਹਾਂ ਮਾਨਸਿਕ ਗੁਣਾਂ ਦਾ ਜ਼ੋਰ ਹੁੰਦਾ ਹੈ ਤਾਂ ਸਾਡੇ ਵਿਚ ਸੁਰੱਖਿਆ ਦੀ ਭਾਵਨਾ ਆ ਜਾਂਦੀ ਹੈ। ਧਾਰਮਿਕ ਗ੍ਰੰਥਾਂ ਵਿਚ ਬਹੁਤ ਵਾਰੀ ਮਨ ਨੂੰ ਉਚਾ, ਉਸਾਰੂ ਰੁਚੀਆਂ ਵਾਲਾ, ਪੱਕੇ ਸਵੈ-ਭਰੋਸੇ ਵਾਲਾ ਬਣਾਉਣ ਤੇ ਜ਼ੋਰ ਦਿੱਤਾ ਜਾਂਦਾ ਹੈ। ਲੋਕਾਂ ਦੀ ਅਗਵਾਈ ਕਰਨ ਵਾਲੀਆਂ ਸ਼ਖ਼ਸੀਅਤਾ ਵਿਚ ਜੇ ਦੇਖਿਆ ਜਾਏ ਤਾਂ ਉਨ੍ਹਾਂ ਵਿਚ ਬਾਹਰੀ ਗੁਣਾਂ ਨਾਲੋਂ ਅੰਤਰਗਤ ਗੁਣ ਅਧਿਕ ਹੁੰਦੇ ਹਨ।

ਮਹਾਤਮਾ ਗਾਂਧੀ ਨੂੰ ਲੋਕੀਂ ਉਨ੍ਹਾਂ ਦੇ ਸਰੀਰਕ ਗੁਣਾਂ ਨਾਲੋਂ ਜ਼ਿਆਦਾ ਅੰਤਰਗਤ ਗੁਣਾਂ ਕਰਕੇ ਜ਼ਿਆਦਾ ਪਿਆਰ ਕਰਦੇ ਸਨ। ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਕੱਦ ਭਾਵੇਂ ਘੱਟ ਸੀ ਪਰ ਚਿਹਰੇ ਦਾ ਜਲਾਲ ਉਨ੍ਹਾਂ ਵਿਚ ਹੋਰ ਲੋਕਾਂ ਦੇ ਮੁਕਾਬਲੇ ਕਿਤੇ ਵੱਧ ਸੀ ਅਤੇ ਉਨ੍ਹਾਂ ਦਾ ਸਵੈ-ਭਰੋਸਾ, ਨਿਧੜਕ ਇਰਾਦਾ, ਅਡੋਲ ਇਰਾਦਾ ਸ਼ਕਤੀ, ਆਪਣੇ ਕੰਮ ਵਿਚ ਇਮਾਨਦਾਰੀ ਅਤੇ ਭਰੋਸਾ ਕੁਝ ਅਜਿਹੇ ਗੁਣ ਸਨ ਜਿਨ੍ਹਾਂ ਸਦਕਾ ਉਹ ਲੋਕਾਂ ਵਿਚ ਹਰਮਨ ਪਿਆਰੇ ਹੋ ਗਏ। ਨੈਪੋਲੀਅਨ ਬੋਨਾ ਕਦ ਕਾਠ ਦੇ ਸਦਕਾ ਨਹੀਂ ਪਰੰਤੂ ਹੌਸਲਾ ਤੇ ਇਰਾਦਾ ਸ਼ਕਤੀਆਂ ਕਰਕੇ ਇਕ ਇਤਿਹਾਸਕ ਸ਼ਖ਼ਸੀਅਤ ਬਣ ਗਿਆ। ਉਨ੍ਹਾਂ ਦਾ ਕਥਨ ਸੀ ਕਿ "ਅਸੰਭਵ ਸ਼ਬਦ ਤਾਂ ਪਾਗਲ ਲੋਕਾਂ ਦੇ ਸ਼ਬਦ ਕੋਸ਼ ਵਿਚ ਹੋਣਾ ਚਾਹੀਦਾ ਹੈ।" ਉਨ੍ਹਾਂ ਦਾ ਵਿਸ਼ਵਾਸ ਸੀ ਕਿ ਦੁਨੀਆਂ ਵਿਚ ਹਰ ਚੀਜ਼ ਸੰਭਵ ਹੈ ਸਿਰਫ ਇਰਾਦਾ ਹੋਣਾ ਚਾਹੀਦਾ ਹੈ। ਆਪਣੇ ਹੌਸਲੇ ਸਦਕਾ ਹੀ ਉਹ ਮੋਰਚਿਆਂ ਤੇ ਇਹ ਗੁਣ ਗੁਣਾਉਂਦਾ ਸੀ ਕਿ ਅਜਿਹੀ ਕੋਈ ਗੋਲੀ ਕਿਸੇ ਵਿਰੋਧੀ ਸਿਪਾਹੀ ਦੀ ਬੰਦੂਕ ਵਿਚ ਨਹੀਂ ਹੈ ਜਿਸ ਨਾਲ ਨੈਪੋਲੀਅਨ ਦੀ ਮੌਤ ਹੋਣੀ ਹੈ। ਇਹੀ ਕਾਰਣ ਹੈ ਕਿ ਉਹ ਇਨਾਂ ਹਰਮਨ ਪਿਆਰਾ ਹੋ ਗਿਆ। ਬੁੱਧੀ ਯੋਗਤਾ ਵੀ ਸਾਡੇ ਵਿਅਕਤੀਤਵ ਦਾ ਮਹੱਤਵਪੂਰਨ ਅੰਗ ਹੈ ਕਿਉਂਕਿ ਹਰ ਕਾਰਜ ਯੋਗਤਾ ਬੁੱਧੀ ਤੇ ਨਿਰਭਰ ਕਰਦਾ ਹੈ। ਬੁੱਧੀ ਦੇ ਨਾਲ-ਨਾਲ ਯਾਦ ਸ਼ਕਤੀ, ਧਿਆਨ ਪੂਰਵਕ ਹੋਣ ਦੀ ਮਾਨਸਿਕ ਯੋਗਤਾ, ਤਰਕ ਸ਼ਕਤੀ ਆਦਿ ਵਿਅਕਤੀਤਵ ਦੇ ਖਾਸ ਮਾਨਸਿਕ ਗੁਣ ਹਨ। ਇਨ੍ਹਾਂ ਤੋਂ ਇਲਾਵਾਂ ਸਾਡੀਆਂ ਪ੍ਰਾਪਤ ਕੀਤੀਆਂ ਰੁਚੀਆਂ, ਮਾਨਸਿਕ ਝੁਕਾਅ, ਆਦਤਾਂ, ਇੱਛਾ-ਸ਼ਕਤੀ, ਸਦਾਚਾਰ ਗੁਣ ਅਤੇ ਦ੍ਰਿੜਤਾ ਆਦਿ ਅਜਿਹੇ ਮਾਨਸਿਕ ਗੁਣ ਹਨ ਜਿਨ੍ਹਾਂ ਦੀ ਵਿਅਕਤੀਤਵ ਦੇ ਵਿਕਾਸ ਵਿਚ ਖਾਸ ਥਾਂ ਹੁੰਦੀ ਹੈ। ਸੱਚਾਈ ਤੇ ਨੇਕੀ ਦੇ ਗੁਣ ਸਮੁੱਚੀ ਸ਼ਖ਼ਸੀਅਤ ਨੂੰ ਉੱਚਾ ਕਰਨ ਦਾ ਕਾਰਨ ਹੁੰਦੇ ਹਨ।

### 2.1.4.3ਸਮਾਜਿਕ ਲੱਛਣ **(Social Traits)** :

ਸਮਾਜਿਕ ਗੁਣਾਂ ਦਾ ਵੀ ਵਿਅਕਤੀਤਵ ਦੇ ਵਿਕਾਸ ਵਿਚ ਬਹੁਤ ਮਹੱਤਵ ਹੈ। ਟੈਕਸਲਰ (Taxler) ਅਨੁਸਾਰ ਵਿਅਕਤੀਤਵ ਸਮਾਜਿਕ ਸਥਿਤੀਆਂ ਦੇ ਵਿਵਹਾਰ ਦੇ ਜੋੜਫਲ ਨੂੰ ਕਿਹਾ ਜਾਂਦਾ ਹੈ। ਵਿਵਹਾਰ ਵਿਚ ਕੇਵਲ ਬਾਹਰੀ ਗੁਣ ਹੀ ਨਹੀਂ ਲਏ ਜਾਂਦੇ ਸਗੋਂ ਲੋਕਾਂ ਵੱਲ ਬਣ ਚੁੱਕੇ ਪਰਪੱਕ ਵਿਚਾਰਾਂ ਤੇ ਨਿਰਭਰ ਕਰਦਾ ਹੈ। ਕਈ ਲੋਕ ਕਿਸੇ ਸਮਾਜਿਕ ਸਥਿਤੀ ਵਿਚ ਗੁਲਾਮ ਦੇ ਰੂਪ ਵਿਚ ਉਦਾਸਤਾ ਦੀ ਭਾਵਨਾ ਵਾਲੇ ਹੁੰਦੇ ਹਨ। ਪਰੰਤੂ ਕੀ ਉਥੋਂ ਦੇ ਮਾਹੌਲ ਤੇ ਭਾਰੀ ਹੋਣ ਵਾਲੇ ਹੁੰਦੇ ਹਨ। ਕਈਆਂ ਵਿਚ ਹਮਦਰਦੀ ਹੁੰਦੀ ਹੈ ਤੇ ਕਈਆਂ ਵਿਚ ਚਿੜਚਿੜਾਪਨ ਹੁੰਦਾ ਹੈ।

### 2.1.4.4ਉਪਰੋਕਤ ਗੁਣਾਂ ਦਾ ਪ੍ਰਭਾਵ :

ਉਪਰੋਕਤ ਤਿੰਨੇ ਪ੍ਰਕਾਰ ਦੇ ਲੱਛਣ ਵੱਖ-ਵੱਖ ਵਿਅਕਤੀਆਂ ਵਿਚ ਵੱਖ-ਵੱਖ ਮਾਤਰਾ ਵਿਚ ਹੁੰਦੇ ਹਨ। ਅਸੀਂ ਇਨ੍ਹਾਂ ਗੁਣਾਂ ਦੀ ਹੋਂਦ ਦਾ ਅਨੁਮਾਨ ਲਾ ਸਕਦੇ ਹਾਂ। ਵਿਅਕਤੀਤਵ ਦੇ ਇਨ੍ਹਾਂ ਗੁਣਾਂ ਦੀ ਮਾਤਰਾ ਦਾ ਲੈਣਾ ਹੀ ਕਾਫੀ ਨਹੀਂ ਪਰੰਤੂ ਉਨ੍ਹਾਂ ਦੇ ਗੁਣਾਂ ਦੇ ਸੰਗਠਨ ਨੂੰ ਵੀ ਦੇਖਣਾ ਹੁੰਦਾ ਹੈ। ਇਨ੍ਹਾਂ ਗੁਣਾਂ ਦੇ ਸੰਗਠਨ ਨਾਲ ਵਿਅਕਤੀਤਵ ਅੰਦਰ ਪੈਦਾ ਹੋ ਜਾਂਦੇ ਹਨ।

ਸਾਰ ਦੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵਿਅਕਤੀ ਦੇ ਵਿਕਤੀਤਵ ਦੀਆਂ ਜੜ੍ਹਾਂ ਉਸਦੀ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਤੇ ਸੰਭਾਵਨਾਵਾਂ ਵਿਚ ਹੀ ਲੁਕੀਆਂ ਹੁੰਦੀਆਂ ਹਨ। ਜਿਵੇਂ ਜਿਵੇਂ ਕਿਸੇ ਪ੍ਰਾਣੀ ਦੀਆਂ ਇਹ ਯੋਗਤਾਵਾਂ ਤੇ ਸੰਭਾਵਨਾਵਾਂ ਆਲੇ ਦੁਆਲੇ ਦੇ ਵਾਤਾਵਰਣ ਨਾਲ ਟਕਰਾਉਂਦੀਆਂ ਹਨ ਤਾਂ ਉਹਦੇ ਵਿਅਕਤੀ ਦਾ ਇਕ ਵਿਸ਼ੇਸ਼ ਨਮੂਨਾ ਰੂਪਮਾਨ ਹੁੰਦਾ ਹੈ ਅਤੇ ਇਹ ਨਮੂਨਾ ਹਰ ਵਿਅਕਤੀ ਦਾ ਅਲੱਗ ਅਲੱਗ ਹੁੰਦਾ ਹੈ।

## 2.1.5 ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ/ਕਾਰਕ **(FACTORS INFLUENCING PERSONALITY DEVELOPMENT) :**

ਰੈਕਸ ਅਤੇ ਨਾਈਟ (Rex and Knight) ਦਾ ਕਥਨ ਹੈ, "ਮਨੋਵਿਗਿਆਨ ਦਾ ਸੰਬੰਧ ਸ਼ਖ਼ਸੀਅਤ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਨਾਲ ਵੀ ਹੈ। ਇਨ੍ਹਾਂ ਵਿਚੋਂ ਕੁਝ ਕਾਰਕ ਸਰੀਰਕ ਰਚਨਾ ਸੰਬੰਧੀ ਜਮਾਂਦਰੂ ਅਤੇ ਦੂਜੇ, ਵਾਤਾਵਰਣ ਸੰਬੰਧੀ ਹੈ। ("Psychology is also concerned with the factors that influence personality. Among these are constitutional, inborn and other environmental factors. ")

### 2.1.5.1 ਖਾਨਦਾਨੀ ਜਾਂ ਜੱਦੀ ਕਾਰਕ (Hereditary Factors) ; ਅਤੇ ਸਰੀਰਕ ਰਚਨਾ ਅਤੇ ਸਿਹਤ (Physical Structure and Health) ।

ਵਿਅਕਤੀ ਦੀ ਸ਼ਖ਼ਸੀਅਤ ਉਤੇ ਉਸਦੀ ਸਰੀਰਕ ਰਚਨਾ ਦਾ ਬਹੁਤ ਪ੍ਰਭਾਵ ਪੈਂਦਾ ਹੈ। ਸੁੰਦਰ ਸਰੀਰਕ ਗਠਨ ਅਤੇ ਦਿਲ ਖਿਚਵੀਂ ਸਿਹਤ ਦੇਖ ਕੇ ਅਸੀਂ ਕਹਿ ਉਠਦੇ ਹਾਂ ਕਿ ਫਲਾਂ ਵਿਅਕਤੀ ਦੀ ਸ਼ਖ਼ਸੀਅਤ ਬਹੁਤ ਚੰਗੀ ਹੈ। ਕਿਸੇ ਵਿਅਕਤੀ ਦਾ ਰੰਗ ਰੂਪ, ਸਰੀਰ ਦਾ ਆਕਾਰ, ਉਚਾਈ, ਮੋਟਾਪਨ, ਛੋਟਾਪਨ, ਅੱਖਾਂ, ਵਾਲਾਂ ਦਾ ਰੰਗ ਆਦਿ ਸਾਰੇ ਗੁਣ ਜਨਮ ਤੋਂ ਹੀ ਪ੍ਰਾਪਤ ਹੁੰਦੇ ਹਨ। ਇਨ੍ਹਾਂ ਸਾਰੇ ਗੁਣਾਂ ਵਿਚ ਜੱਦੀ ਗੁਣਾਂ ਦਾ ਪ੍ਰਭਾਵ ਪੈਂਦਾ ਹੈ।

### (i) ਰੰਗ (Complexion) :

ਜੇਕਰ ਵਿਅਕਤੀ ਦਾ ਰੰਗ ਕਾਲਾ ਹੋਵੇ ਤਾਂ ਸਾਥੀ ਉਸਨੂੰ ਕਾਲਾ ਹਬਸ਼ੀ ਜਾਂ ਕਲੂਟਾ ਬੈਂਗਨ ਕਹਿ ਕੇ ਸੱਦਦੇ ਹਨ। ਜੇਕਰ ਕੋਈ ਬਦਸੂਰਤ ਜਾਂ ਕਾਲਾ ਬੱਚਾ ਸਕੂਲ ਵਿਚ ਨਵੇਂ ਕੱਪੜੇ ਪਾ ਕੇ ਆਉਂਦਾ ਹੈ ਤਾਂ ਉਸਦੇ ਦੁਸ਼ਟ ਸੰਗੀ-ਸਾਥੀ ਉਸਨੂੰ ਅਪਮਾਨਿਤ ਕਰਨ ਲਈ ਕਹਿ ਵੀ ਦਿੰਦੇ ਹਨ ਕਿ ਓਏ ਕਾਲੇ ਕਲੂਟੇ ਆਪਣੀ ਸ਼ਕਲ ਸ਼ੀਸ਼ੇ ਵਿਚ ਦੇਖ ਫਿਰ ਸ਼ੇਖੀ ਮਾਰੀਂ। ਉਸ ਨੂੰ ਸਰੀਰ ਤੇ ਹੀ ਚਿੜ ਹੋ ਜਾਂਦੀ ਹੈ ਅਤੇ ਉਸਦੀ ਸ਼ਖਸੀਅਤ ਦੇ ਵਿਕਾਸ ਵਿਚ ਰੋਕ ਪਾ ਸਕਦੀ ਹੈ।

### (ii) ਉਚਾਈ ਅਤੇ ਭਾਰ (Height and Weight) :

ਜੇ ਬਾਲਕ ਆਪਣੇ ਸੰਗੀ ਸਾਥੀਆਂ ਦੇ ਮੁਕਾਬਲੇ ਵਿਚ ਜ਼ਿਆਦਾ ਲੰਬਾ, ਮੋਟਾ, ਛੋਟਾ ਜਾਂ ਪਤਲਾ ਹੋਵੇਗਾ ਉਸ ਨੂੰ ਸਾਧਾਰਨ ਬਾਲਕ ਨਹੀਂ ਸਮਝਿਆ ਜਾਵੇਗਾ ਅਤੇ ਉਸਦੇ ਸਾਥੀ ਉਸਦੇ ਕਈ ਤਰ੍ਹਾਂ ਦੇ ਨਾਂ ਰੱਖ ਕੇ ਉਸ ਨੂੰ ਤੰਗ ਕਰਨਗੇ ਜਿਵੇਂ ਲੰਬੀ ਬਾਂਸ, ਕਾਗਜੀ ਪਹਿਲਵਾਨ, ਚੂਹੀ, ਮੋਟਾ ਆਲੂ ਆਦਿ। ਇਸ ਨਾਲ ਬੱਚੇ ਵਿਚ ਹੀਨਤਾ ਦੀ ਭਾਵਨਾ ਆ ਜਾਂਦੀ ਹੈ ਅਤੇ ਉਹ ਆਪਣੇ ਸੰਗੀ ਸਾਥੀਆਂ ਨਾਲ ਖੇਡ ਵਿਚ ਭਾਗ ਨਹੀਂ ਲੈਂਦਾ।

### (iii) ਸਰੀਰਕ ਦੋਸ਼ (Physical Defects) :

ਜਮਾਂਦਰੂ ਸਰੀਰਕ ਦੋਸ਼ ਜਿਵੇਂ ਅੰਨਾਪਨ, ਬੋਲਾਪਨ, ਗੁੰਗਾਪਨ, ਲੰਗੜਾਪਨ ਆਦਿ ਸ਼ਖ਼ਸੀਅਤ ਦੇ ਵਿਕਾਸ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਇਤਿਹਾਸ ਗਵਾਹ ਹੈ ਕਿ ਕਾਣੇ, ਲੰਗੜੇ ਅਤੇ ਬਦਸੂਰਤ ਵਿਅਕਤੀ ਹਿੰਸਕ ਅਤੇ ਬੇਰਹਿਮ ਹੁੰਦੇ ਹਨ। ਜਿਨ੍ਹਾਂ ਬਾਲਕਾਂ ਵਿਚ ਸਰੀਰਕ ਦੋਸ਼ ਹੁੰਦੇ ਹਨ ਉਹ ਘਰੋਂ ਬਾਹਰ ਨਹੀਂ ਨਿਕਲਦੇ ਅਤੇ ਆਪਦਾ ਸਮਾਂ ਘਰ ਵਿਚ ਹੀ ਬਤੀਤ ਕਰਦੇ ਹਨ। ਉਹ ਆਪਣੇ ਮਾਤਾ ਪਿਤਾ ਤੇਬਹੁਤ ਨਿਰਭਰ ਕਰਦੇ ਹਨ। ਇਨ੍ਹਾਂ ਵਿਚ ਆਤਮ-ਵਿਸ਼ਵਾਸ਼ ਅਤੇ ਆਤਮ-ਰੱਖਿਆ ਦੀ ਘਾਟ ਹੁੰਦੀ ਹੈ। ਤੈਮੂਰਲੰਗ ਦੇ ਅਤਿਆਚਾਰ ਨੂੰ ਕੌਣ ਨਹੀਂ ਜਾਣਦਾ। ਚੰਗੇਜ਼ ਖਾਂ ਬਹੁਤ ਹੀ ਬਦਸੂਰਤ ਵਿਅਕਤੀ ਸੀ ਅਤੇ ਆਪਣੀ ਬਦਸੂਰਤੀ ਦੀ ਹੀਣ ਭਾਵਨਾ ਕਰਕੇ ਉਹ ਬਹੁਤ ਬੇਰਹਿਮ ਬਣ ਗਿਆ ਸੀ।

### (iv) ਸਰੀਰਕ ਸਿਹਤ (Health):

ਜੱਦੀ ਗੁਣ ਵਿਅਕਤੀ ਦੀ ਸਰੀਰਕ ਸਿਹਤ ਵਿਚ ਯੋਗਦਾਨ ਪਾਉਂਦੇ ਹਨ। ਸਰੀਰਕ ਸਿਹਤ ਦਾ ਵਿਅਕਤੀ ਦੇ ਵਿਹਾਰ ਅਤੇ ਸ਼ਖ਼ਸੀਅਤ ਤੇ ਕਾਫੀ ਪ੍ਰਭਾਵ ਪੈਂਦਾ ਹੈ। ਸਾਰੇ ਲੋਕ ਰੋਗੀ ਵਿਅਕਤੀ ਦੇ ਮੁਕਾਬਲੇ ਅਰੋਗ ਵਿਅਕਤੀ ਨੂੰ ਚੰਗਾ ਸਮਝਦੇ ਹਨ। ਰੋਗੀ ਵਿਅਕਤੀ ਤੇ ਵਧੇਰੇ ਰੋਕ ਲਗਾਈ ਜਾਂਦੀ ਹੈ ਜਿਸ ਕਰਕੇ ਉਹ ਚਿੜਚਿੜਾ, ਨਿਰਾਸ਼ਾਵਾਦੀ ਅਤੇ ਅਸਮਾਜਿਕ ਹੋ ਜਾਂਦਾ ਹੈ।

#### (a) ਬੁੱਧੀ (Intelligence):

ਬੁੱਧੀ ਦਾ ਪੱਧਰ ਜੋ ਸ਼ਖ਼ਸੀਅਤ ਦਾ ਇਕ ਪ੍ਰਮੁੱਖ ਤੱਤ ਹੈ, ਜੱਦੀ ਗੁਣਾਂ ਤੇ ਨਿਰਭਰ ਕਰਦਾ ਹੈ। ਸ਼ਖ਼ਸੀਅਤ ਦੇ ਦੂਜੇ ਗੁਣਾਂ ਨਾਲ ਬੁੱਧੀ ਦਾ ਹੋਣਾ ਸੋਨੇ ਵਿਚ ਸੁਹਾਗਾ ਮੰਨਿਆ ਜਾਂਦਾ ਹੈ। ਬੁੱਧੀਮਾਨ ਵਿਅਕਤੀ ਆਪਣੇ ਵਿਹਾਰ ਨੂੰ ਸਮਾਜ ਦੇ ਆਦਰਸ਼ਾਂ ਦੀਆਂ ਪ੍ਰਤੀਮਾਨਾਂ ਅਨੁਕੂਲ ਬਣਾਉਣ ਵਿਚ ਸਫਲ ਹੁੰਦਾ ਹੈ। ਮੰਦ-ਬੁੱਧੀ ਬਾਲਕ ਸਮਾਜ ਵਿਚ ਸਮਾਯੋਜਨ ਪ੍ਰਾਪਤ ਕਰਨ ਵਿਚ ਔਖ ਅਨੁਭਵ ਕਰਦਾ ਹੈ। ਦੂਜੇ ਬੱਚੇ ਉਸਨੂੰ 'ਬੁੱਧੂ' ਕਹਿਕੇ ਸੱਦਦੇ ਹਨ ਅਤੇ ਉਸ ਨਾਲ ਖੇਡਣਾ ਪਸੰਦ ਨਹੀਂ ਕਰਦੇ। ਅਜਿਹੀ ਸਥਿਤੀ ਵਿਚ ਉਸ ਦੀ ਸ਼ਖ਼ਸੀਅਤ ਵਿਚ ਹੀਨਤਾ ਦੀ ਭਾਵਨਾ ਆ ਜਾਂਦੀ ਹੈ।

### (b) ਲਿੰਗ (Sex):

ਲਿੰਗ ਦਾ ਸ਼ਖ਼ਸੀਅਤ ਤੇ ਕਾਫੀ ਪ੍ਰਭਾਵ ਪੈਂਦਾ ਹੈ। ਭਾਰਤ ਵਿਚ ਕੁੜੀਆਂ ਤੇ ਕਾਫੀ ਨਿਯੰਤਰਣ ਰੱਖਿਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਪੂਰੀ ਤਰ੍ਹਾਂ ਉਭਰ ਨਹੀਂ ਸਕਦੀ। ਮੁੰਡੇ ਅਤੇ ਕੁੜੀਆਂ ਦੇ ਸੁਭਾਅ ਵੀ ਵੱਖ-ਵੱਖ ਹੁੰਦੇ ਹਨ।

### (c) ਨਾੜੀ ਸੰਸਥਾਨ (Nervous System):

ਨਾੜੀ ਸੰਸਥਾਨ ਦੇ ਸਵਿਵਸਥਤ ਰੂਪ ਵਿਚ ਵਿਕਸਿਤ ਹੋਣ ਨਾਲ ਸਾਰੀਆਂ ਮਾਨਸਿਕ ਕ੍ਰਿਆਵਾਂ ਸੁਚਾਰੂ ਰੂਪ ਨਾਲ ਚਲਦੀਆਂ ਹਨ ਜਿਸ ਨਾਲ ਵਿਕਅਤੀ ਦੀ ਸ਼ਖ਼ਸੀਅਤ ਚੰਗੀ ਬਣਦੀ ਹੈ। ਇਸ ਤੋਂ ਉਲਟ ਜਦੋਂ ਨਾੜੀ ਸੰਸਥਾਨ ਦਾ ਉਚਿਤ ਵਿਕਾਸ ਨਹੀਂ ਹੁੰਦਾ, ਤਾਂ ਸਰੀਰਕ ਅਤੇ ਮਾਨਸਿਕ ਕ੍ਰਿਆਵਾਂ ਸੁਚਾਰੂ ਰੂਪ ਨਾਲ ਨਹੀਂ ਚਲਦੀਆਂ ਅਤੇ ਸ਼ਖ਼ਸੀਅਤ ਵਿਚ ਸੁਮੇਲ ਪੈਂਦਾ ਨਹੀਂ ਹੋ ਸਕਦਾ।

**(d) ਪ੍ਰਣਾਲੀ-ਰਹਿਤ ਗ੍ਰੰਥੀਆਂ ਜਾਂ ਰਸਾਇਣਕ ਸੰਗਠਨ (Endocrine or ductless glands):** ਪ੍ਰਣਾਲੀ ਰਹਿਤ ਗ੍ਰੰਥੀਆਂ ਵਿਅਕਤੀ ਦੇ ਸਰੀਰਕ-ਬੌਧਿਕ, ਸੰਵੇਗਾਤਮਕ ਅਤੇ ਸਮਾਜਿਕ ਵਿਕਾਸ ਵਿਚ ਮਹੱਤਵਪੂਰਨ ਕੰਮ ਕਰਦੀਆਂ ਹਨ। ਇਨ੍ਹਾਂ ਦੇ ਦੂਸ਼ਿਤ ਕਾਰਜਾਂ ਕਰਕੇ ਸ਼ਖ਼ਸੀਅਤ ਤੇ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਵਿਅਕਤੀ ਨੂੰ ਸਮਾਜ ਵਿਚ ਪ੍ਰਤਿਸ਼ਠਾ ਨਹੀਂ ਮਿਲਦੀ। ਕੁੱਝ ਮੁੱਖ ਪ੍ਰਣਾਲੀ ਰਹਿਤ ਗ੍ਰੰਥੀਆਂ ਦੇ ਕੰਮ ਇਸ ਤਰ੍ਹਾਂ ਹਨ :

### (i) ਉਪਵ੍ਰਿਕ ਗ੍ਰੰਥੀ (Adrenal Gland):

ਇਸ ਗ੍ਰੰਥੀ ਵਿਚ ਐਡਰੋਨਾਲਿਲ ਸ਼ਤਰਵਿਤ ਹੁੰਦਾ ਹੈ। ਇਹ ਵਿਅਕਤੀ ਦੇ ਸੰਵੇਗਾਤਮਕ ਵਿਹਾਰ ਨੂੰ ਪ੍ਰਭਾਵਿਤ ਕਰਦਾ ਹੈ। ਇਸ ਗ੍ਰੰਥੀ ਦੇ ਚੰਗੀ ਤਰ੍ਹਾਂ ਕੰਮ ਕਰਨ ਨਾਲ ਐਡੀਸ਼ਨ ਰੋਗ (Addision's Disease) ਹੋ ਜਾਂਦਾ ਹੈ ਜਿਸ ਦੇ ਸਿੱਟੇ ਵਜੋਂ ਨਿਰਣਾਤਮਕ ਸ਼ਕਤੀ ਨੂੰ ਹਾਨੀ ਪਹੁੰਚਦੀ ਹੈ, ਨੀਂਦ ਨਹੀਂ ਆਉਂਦੀ ਅਤੇ ਲਿੰਗ ਰੁਚੀ ਵਿਚ ਕਮਜ਼ੋਰੀ ਪੈਂਦਾ ਹੋ ਜਾਂਦੀ ਹੈ। ਇਸ ਗ੍ਰੰਥੀ ਦੇ ਉਚਿਤ ਕਾਰਜ ਕਰਨ ਨਾਲ ਮਨੁੱਖ ਫੁਰਤੀਲਾ ਅਤੇ ਕ੍ਰਿਆਸ਼ੀਲ ਹੋ ਜਾਂਦਾ ਹੈ।

### (ii) ਗਲ ਗ੍ਰੰਥੀ (Thyroid Gland):

ਇਸ ਗ੍ਰੰਥੀ ਤੋਂ ਹੋਣ ਵਾਲਾ ਰਸ-ਸ਼ਤਰਾਵ ਵਿਅਕਤੀ ਦੇ ਸੁਭਾਅ ਨੂੰ ਪ੍ਰਭਾਵਿਤ ਕਰਦਾ ਹੈ। ਇਸ ਗ੍ਰੰਥੀ ਦੇ ਵਧੇਰੇ ਕ੍ਰਿਆਸ਼ੀਲ ਹੋਣ ਤੇ ਵਿਅਕਤੀ ਤਨਾਅ, ਚਿੰਤਾ ਅਤੇ ਉਤੇਜਨਾ ਦਾ ਅਨੁਭਵ ਕਰਦਾ ਹੈ। ਇਸ ਤੋਂ ਉਲਟ ਜਦੋਂ ਗ੍ਰੰਥੀ ਤੋਂ ਘੱਟ ਰਸ-ਸ਼ਤਰਾਵ ਹੁੰਦਾ ਹੈ ਤਾਂ ਜੜਵਾਪਨ (Cretinism) ਰੋਗ ਹੋ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਵਿਅਕਤੀ ਥਕਾਵਟ, ਵਿਆਕੁਲਤਾ ਅਤੇ ਮਾਨਸਿਕ ਦੁਰਬਲਤਾ ਅਨੁਭਵ ਕਰਦਾ ਹੈ।

### (iii) ਉਪ-ਗਲ ਗ੍ਰੰਥੀ (Para-Thyroid Gland):

ਵਧੇਰੇ ਕ੍ਰਿਆਸ਼ੀਲ ਹੋਣ ਤੇ ਵਿਅਕਤੀ ਦੇ ਸੁਭਾਅ ਵਿਚ ਸ਼ਾਂਤੀ ਆ ਜਾਂਦੀ ਹੈ ਅਤੇ ਘੱਟ ਕ੍ਰਿਆਸ਼ੀਲ ਹੋਣ ਤੇ ਉਤੇਜਨ ਆ ਜਾਂਦੀ ਹੈ।

### (iv) ਪਿਊਸ਼ਿਕਾ ਗ੍ਰੰਥੀ (Pituitary Gland):

ਇਸ ਗ੍ਰੰਥੀ ਨੂੰ ਗ੍ਰੰਥੀ-ਪਤੀ (Master Gland) ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਗ੍ਰੰਥੀ ਦਾ ਬਾਕੀ ਸਾਰੀਆਂ ਗ੍ਰੰਥੀਆਂ ਨਾਲ ਸੰਬੰਧ ਜੁੜਿਆ ਹੁੰਦਾ ਹੈ। ਇਸ ਗ੍ਰੰਥੀ ਦੇ ਰਸ ਦਾ ਮਨੁੱਖ ਦੀ ਸਰੀਰਕ ਅਤੇ ਬੌਧਿਕ ਉਨਤੀ ਤੇ ਪ੍ਰਭਾਵ ਪੈਂਦਾ ਹੈ। ਇਸ ਦੇ ਜ਼ਿਆਦਾ ਕ੍ਰਿਆਸ਼ੀਲ ਹੋਣ ਤੇ ਬੱਚੇ ਦਾ ਸਰੀਰਕ ਵਿਕਾਸ ਜ਼ਿਆਦਾ ਹੁੰਦਾ ਹੈ ਅਤੇ ਉਹ ਗੁਸੈਲੇ ਸੁਭਾਅ ਦਾ ਹੋ ਜਾਂਦਾ ਹੈ। ਇਸ ਤੋਂ ਉਲਟ ਘੱਟ ਕ੍ਰਿਆਸ਼ੀਲ ਹੋਣ ਕਾਰਣ ਵਿਅਕਤੀ ਦੇ ਸਰੀਰਕ ਅਤੇ ਬੌਧਿਕ ਵਿਕਾਸ ਵਿਚ ਰੁਕਾਵਟ ਪੈਂਦੀ ਹੈ। ਉਹ ਠਿੰਗਣਾ ਅਤੇ ਡਰਪੋਕ ਹੋ ਜਾਂਦਾ ਹੈ।

### (v) ਯੋਨ ਗ੍ਰੰਥੀ (Sex Gland and gonads):

ਇਹ ਗ੍ਰੰਥੀ ਕਾਮ ਪ੍ਰਵ੍ਰਿਤੀ ਅਤੇ ਗੌਣ (Secondary) ਕੰਮ ਸੰਬੰਧੀ ਲੱਛਣਾਂ ਦੀ ਉਤਰਦਾਈ ਹੈ। ਜੇਕਰ ਇਹ ਗ੍ਰੰਥੀ ਜ਼ਿਆਦਾ ਕ੍ਰਿਆਸ਼ੀਲ ਹੋਵੇ ਤਾਂ ਵਿਅਕਤੀ ਨੂੰ ਬਹੁਤ ਕਾਮੁਕ ਬਣਾ ਦਿੰਦੀ ਹੈ। ਇਸਦੇ ਉਲਟ ਇਸ ਦਾ ਘੱਟ ਵਿਕਾਸ ਹੋਣ ਕਾਰਨ ਵਿਅਕਤੀ

ਦਾ ਉਚਿਤ ਲੈਗਿੰਕ ਵਿਕਾਸ ਨਹੀਂ ਹੋ ਸਕਦਾ ਅਤੇ ਉਸਦੀ ਲਿੰਗ ਰੁਚੀ ਘੱਟ ਜਾਂਦੀ ਹੈ।

### 2.1.5.2 ਵਾਤਾਵਰਣ ਕਾਰਕ (ENVIRONMENTAL FACTORS):

#### (1) ਭੂਗੋਲਿਕ ਜਾਂ ਭੌਤਿਕ ਵਾਤਾਵਰਣ (Geographical or Physical Environment):

ਸ਼ਖ਼ਸੀਅਤ ਦੇ ਵਿਕਾਸ ਵਿਚ ਭੂਗੋਲਿਕ ਜਾਂ ਭੌਤਿਕ ਵਾਤਾਵਰਣ ਦਾ ਬਹੁਤ ਪ੍ਰਭਾਵ ਪੈਂਦਾ ਹੈ। ਜਿਸ ਸਥਾਨ ਦੀ ਜਲਵਾਯੂ ਠੰਢੀ ਹੁੰਦੀ ਹੈ, ਉਥੇ ਦੇ ਲੋਕ ਗੋਰੇ, ਸੁੰਦਰ, ਤੰਦਰੁਸਤ, ਨਿਡਰ ਅਤੇ ਬੁੱਧੀਮਾਨ ਹੁੰਦੇ ਹਨ। ਇਸ ਦੇ ਉਲਟ ਗਰਮ ਜਲਵਾਯੂ ਵਾਲੇ ਸਥਾਨ ਦੇ ਕਾਲੇ, ਆਲਸੀ ਅਤੇ ਮੰਦ-ਬੁੱਧੀ ਵਾਲੇ ਹੁੰਦੇ ਹਨ।

#### (2) ਪਰਿਵਾਰਕ ਵਾਤਾਵਰਣ (Family Environment):

ਸ਼ਖ਼ਸੀਅਤ ਉਤੇ ਪਰਿਵਾਰ ਦਾ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਪਰਿਵਾਰ ਵਿਚ ਜੇਕਰ ਨਵੇਂ ਭੈਣ ਭਰਾ ਵੱਲ ਧਿਆਨ ਨਾ ਦਿੱਤਾ ਜਾਏ ਤਾਂ ਉਹ ਆਪਣਾ ਸੰਤੁਲਨ ਗੁਆ ਬੈਠਦੇ ਹਨ। ਨਿਯੰਤਰਣ ਦੀ ਘਾਟ ਕਾਰਨ ਬੱਚੇ ਅਪਰਾਧ ਦਾ ਸ਼ਿਕਾਰ ਹੋ ਜਾਂਦੇ ਹਨ। ਜਿਨ੍ਹਾਂ ਪਰਿਵਾਰਾਂ ਵਿਚ ਬੱਚੇ ਦੀ ਲੋੜ ਨਹੀਂ ਸਮਝੀ ਜਾਂਦੀ ਉਸ ਵਿਚ ਗੁੱਸੇ ਦੀ ਭਾਵਨਾਂ ਪੈਦਾ ਹੋ ਜਾਂਦੀ ਹੈ ਅਤੇ ਬੱਚੇ ਆਸਾਨੀ ਨਾਲ ਸਮਾਯੋਜਨ ਨਹੀਂ ਕਰ ਸਕਦੇ। ਜਿਨ੍ਹਾ ਪਰਿਵਾਰਾਂ ਵਿਚ ਲੜਾਈ-ਝਗੜਾ, ਮਾਤਾ ਪਿਤਾ ਦਾ ਵੱਖਰੇ ਰਹਿਣਾ ਅਤੇ ਤਲਾਕ ਆਦਿ ਦੀਆਂ ਗੱਲਾਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਦੇ ਬੱਚੇ ਵਾਤਾਵਰਣ ਨਾਲ ਸਮਾਯੋਜਨ ਕਰਨ ਵਿਚ ਔਖ ਮਹਿਸੂਸ ਕਰਦੇ ਹਨ। ਇਸ ਦੇ ਉਲਟ ਜਿਸ ਪਰਿਵਾਰ ਵਿਚ ਪਿਆਰ, ਸਹਿਯੋਗ ਅਤੇ ਪ੍ਰਜਾਤੰਤਰ ਦੀ ਭਾਵਨਾ ਪਾਈ ਜਾਂਦੀ ਹੈ ਉਸ ਪਰਿਵਾਰ ਦੇ ਬੱਚੇ ਸੌਖ ਨਾਲ ਸਮਾਯੋਜਨ ਕਰ ਲੈਂਦੇ ਹਨ।

ਪੇਂਡੂ ਪਰਿਵਾਰਾਂ ਦੇ ਬੱਚੇ ਨਿਜੀ ਅਤੇ ਸਮਾਜਿਕ ਸਮਾਯੋਜਨ ਦੀ ਦ੍ਰਿਸ਼ਟੀ ਨਾਲ ਸ਼ਹਿਰੀ ਬੱਚਿਆਂ ਨਾਲੋਂ ਬਹੁਤੇ ਸ੍ਰੇਸ਼ਟ ਹੁੰਦੇ ਹਨ। ਸੰਯੁਕਤ ਪਰਿਵਾਰ ਦਾ ਵੀ ਬੱਚੇ ਦੀ ਸ਼ਖ਼ਸੀਅਤ ਤੇ ਪ੍ਰਭਾਵ ਪੈਂਦਾ ਹੈ। ਬੱਚੇ ਤੇ ਪਰਿਵਾਰ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਦਾ ਵੀ ਅਸਰ ਪੈਂਦਾ ਹੈ। ਆਰਥਿਕ ਪੱਖ ਤੋਂ ਕਮਜ਼ੋਰ ਬੱਚਿਆਂ ਦੀ ਸ਼ਖ਼ਸੀਅਤ ਵਿਚ ਹੀਨਤਾ, ਸਰੀਰਕ ਕਮਜ਼ੋਰੀ ਅਤੇ ਅੰਤਰਮੁੱਖਤਾ ਦੇ ਲੱਛਣ ਪੈਦਾ ਹੁੰਦੇ ਹਨ।

#### (3) ਗੁਆਂਢ (Neighbourhood) :

ਸ਼ਖ਼ਸੀਅਤ ਦੇ ਗੁਆਂਢ ਦਾ ਵੀ ਬਹੁਤ ਪ੍ਰਭਾਵ ਪੈਂਦਾ ਹੈ। ਵਿਅਕਤੀ ਜਦੋਂ ਤੁਰਨਾ-ਫਿਰਨਾ ਆਰੰਭ ਕਰ ਦਿੰਦਾ ਹੈ, ਉਸ ਸਮੇਂ ਤੋਂ ਗੁਆਂਢ ਦਾ ਪ੍ਰਭਾਵ ਸ਼ੁਰੂ ਹੋ ਜਾਂਦਾ ਹੈ। ਜੇਕਰ ਗੁਆਂਢ ਪੜ੍ਹੇ ਲਿਖੇ ਤੇ ਚੰਗੀ ਸਭਿਅਤਾ ਵਾਲੇ ਹੋਣ ਤਾਂ ਸ਼ਖ਼ਸੀਅਤ ਤੇ ਚੰਗਾ ਅਸਰ ਪੈਂਦਾ ਹੈ। ਲੂਰੀ (Lourie) ਨੇ ਦੱਸਿਆ ਹੈ ਕਿ ਗੁਆਂਢ ਦੇ ਪ੍ਰਭਾਵ ਨਾਲ ਹੀ ਬੱਚਿਆਂ ਵਿਚ ਗੰਦੀਆਂ ਆਦਤਾਂ ਦਾ ਵਿਕਾਸ ਹੁੰਦਾ ਹੈ।

#### (4) ਮਿੱਤਰ ਅਤੇ ਸਾਥੀ (Friends and Companion) :

ਮਿੱਤਰ ਅਤੇ ਸਾਥੀਆਂ ਦੇ ਪ੍ਰਭਾਵ ਨਾਲ ਹੀ ਗੁਣ ਅਤੇ ਔਗੁਣ ਵਿਕਸਿਤ ਹੁੰਦੇ ਹਨ। ਜਿਨ੍ਹਾਂ ਵਿਅਕਤੀਆਂ ਨੂੰ ਸੰਗੀ-ਸਾਥੀਆਂ ਦਾ ਸਮਰਥਨ ਨਹੀਂ ਮਿਲਦਾ ਅਤੇ ਜੋ ਇਕੱਲੇ ਰਹਿ ਜਾਂਦੇ ਹਨ, ਉਨ੍ਹਾਂ ਦੀ ਸ਼ਖ਼ਸੀਅਤ ਚੰਗੀ ਤਰ੍ਹਾਂ ਵਿਕਸਿਤ ਨਹੀਂ ਹੁੰਦੀ। ਮਿੱਤਰ ਮੰਡਲ ਵਿਚ ਰਹਿ ਕੇ ਆਤਮ-ਵਿਸ਼ਵਾਸ, ਮਿੱਤਰਤਾ ਅਤੇ ਅਗਵਾਈ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ।

#### (5) ਸਕੂਲ (School) :

ਸ਼ਖ਼ਸੀਅਤ ਦੇ ਵਿਕਾਸ ਵਿਚ ਸਕੂਲ ਦੇ ਵਾਤਾਵਰਣ, ਅਧਿਆਪਕਾਂ ਦੇ ਵਿਹਾਰ ਅਤੇ ਜਮਾਤ ਦੇ ਵਿਦਿਆਰਥੀ ਦਾ ਪ੍ਰਭਾਵ ਪੈਂਦਾ ਹੈ। ਅਧਿਆਪਕਾਂ ਦੇ ਆਚਰਨ ਮੁੱਲਾਂ ਅਤੇ ਸ਼ਖ਼ਸੀਅਤ ਤੋਂ ਵਿਦਿਆਰਥੀ ਬਹੁਤ ਪ੍ਰਭਾਵਿਤ ਹੁੰਦੇ ਹਨ। ਸਕੂਲ ਵਿਚ ਪਾਠ-ਕ੍ਰਮ, ਅਨੁਸ਼ਾਸ਼ਨ ਅਤੇ ਪਾਠ-ਸਹਾਇਕ ਕ੍ਰਿਆਵਾਂ ਦਾ ਵਿਕਾਸ ਵਿਚ ਮਹੱਤਵਪੂਰਨ ਹੱਥ ਹੈ। ਕ੍ਰੋ ਅਤੇ ਕ੍ਰੋ (Crow & Crow) ਦਾ ਕਥਨ ਹੈ , "ਬੱਚੇ ਦੇ ਵਿਕਸਿਤ ਹੋਣ ਅਤੇ ਸ਼ਖ਼ਸੀਅਤ ਤੇ ਸਕੂਲ ਦੇ ਅਨੁਭਵਾਂ ਦਾ ਬਹੁਤ ਪ੍ਰਭਾਵ ਪੈਂਦਾ ਹੈ।

### (6) ਰੇਡੀਓ, ਕਲੱਬ ਅਤੇ ਸਿਨੇਮਾ (Radio, Club and Cinema):

ਰੇਡੀਓ, ਕਲੱਬ ਅਤੇ ਸਿਨੇਮਾ ਵੀ ਸ਼ਖ਼ਸੀਅਤ ਤੇ ਬਹੁਤ ਪ੍ਰਭਾਵ ਪਾਉਂਦੇ ਹਨ। ਇਨ੍ਹਾਂ ਸਾਧਨਾਂ ਤੋਂ ਵਿਅਕਤੀ ਬਹੁਤ ਕੁਝ ਸਿੱਖਦਾ ਹੈ।

### (7) ਮੰਦਰ ਅਤੇ ਗੁਰਦੁਆਰੇ (Temple and Gurdwaras):

ਮੰਦਰ ਅਤੇ ਗੁਰਦੁਆਰੇ ਦਾ ਵਿਅਕਤੀ ਦੇ ਸਮਾਜਿਕ ਅਤੇ ਚਿੱਤਰ ਵਿਕਾਸ ਵਿਚ ਬਹੁਤ ਯੋਗਦਾਨ ਹੈ।

### (8) ਨਾਂ ਅਤੇ ਸ਼ਖ਼ਸੀਅਤ (Name and Personality):

ਪ੍ਰਭਾਵਸ਼ਾਲੀ ਨਾਂ ਵਿਅਕਤੀ ਵਿਚ ਵਡਿਆਈ ਦੀ ਭਾਵਨਾ ਦਾ ਵਿਕਾਸ ਕਰਦੇ ਹਨ ਅਤੇ ਘਟੀਆਂ ਨਾਂ ਜਿਵੇਂ ਤੋਤਾ, ਰਾਮ, ਗੰਡਾ ਰਾਮ ਆਦਿ ਆਤਮਗਲਾਨੀ ਅਤੇ ਹੀਨਤਾ ਦੀ ਭਾਵਨਾ ਪੈਦਾ ਕਰਦੇ ਹਨ।

### (9) ਪਹਿਰਾਵਾ (Clothes):

ਪਹਿਰਾਵੇ ਦਾ ਸ਼ਖ਼ਸੀਅਤ ਤੇ ਬਹੁਤ ਪ੍ਰਭਾਵ ਪੈਂਦਾ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਵਿਅਕਤੀ ਕੀਮਤੀ ਕੱਪੜੇ ਪਹਿਨੇ। ਜੇਕਰ ਬੱਚੇ ਦੇ ਪਹਿਰਾਵੇ ਦੀ ਦੂਜੇ ਸਾਥੀ ਸ਼ਲਾਘਾ ਕਰਨਗੇ ਤਾਂ ਉਸ ਵਿਚ ਆਤਮ-ਗੌਰਵ ਦੀ ਭਾਵਨਾ ਵਿਕਸਿਤ ਹੋਵੇਗੀ। ਰੀਡ (Reid) ਦਾ ਕਥਨ ਹੈ, "ਚੰਗੇ ਪਹਿਰਾਵੇ ਦੁਆਰਾ ਬੱਚੇ ਵਿਚ ਆਤਮ-ਵਿਸ਼ਵਾਸ ਅਤੇ ਆਤਮ ਸਵੈ-ਅਭਿਮਾਨ ਦੀ ਭਾਵਨਾ ਵਿਕਸਿਤ ਹੋਵੇਗੀ।" ਮਾਰਟਨ (Marton) ਨੇ ਲਿਖਿਆ ਹੈ, "ਬੱਚੇ ਦੇ ਸਵੈ ਦੇ ਨਿਰਮਾਣ ਵਿਚ ਪਹਿਰਾਵੇ ਦਾ ਮੁੱਖ ਹੱਥ ਰਹਿੰਦਾ ਹੈ।

### (10) ਸਮਾਜਿਕ ਵਾਤਾਵਰਣ (Social Environment):

ਵਿਅਕਤੀ ਸਮਾਜਿਕ ਵਾਤਾਵਰਣ ਵਿਚ ਰਹਿ ਕੇ ਹੀ ਭਾਸ਼ਾ, ਰਹਿਣ-ਸ਼ਹਿਣ ਦੇ ਢੰਗ, ਖਾਣ-ਪੀਣ ਦੀ ਵਿਧੀ, ਦੂਜਿਆਂ ਨਾਲ ਵਿਵਹਾਰ ਕਰਨ ਦੇ ਪ੍ਰਤੀਮਾਨ, ਧਾਰਮਿਕ ਅਤੇ ਨੈਤਿਕ ਵਿਚਾਰ ਆਦਿ ਅਨੇਕਾ ਗੱਲਾਂ ਸਿੱਖਦਾ ਹੈ। ਇਸ ਤਰ੍ਹਾਂ ਸਮਾਜ ਉਸਦੀ ਸ਼ਖ਼ਸੀਅਤ ਦਾ ਨਿਰਮਾਣ ਕਰਦਾ ਹੈ। ਗੈਰੇਟ (Garrett) ਦਾ ਕਥਨ ਹੈ, "ਜਨਮ ਸਮੇਂ ਬੱਚੇ ਦੀ ਸ਼ਖ਼ਸੀਅਤ ਉਸ ਸਮਾਜ ਦੁਆਰਾ, ਜਿਸ ਵਿਚ ਉਹ ਰਹਿੰਦਾ ਹੈ, ਬਣਾਈ ਅਤੇ ਪਰਿਵਰਤਿਤ ਕੀਤੀ ਜਾਂਦੀ ਹੈ।"

### (11) ਸਭਿਆਚਾਰਕ ਵਾਤਾਵਰਣ (Cultural Environment):

ਸ਼ਖ਼ਸੀਅਤ ਸਭਿਆਚਾਰ ਦਾ ਦਰਪਨ ਹੈ। ਵਿਅਕਤੀ ਜਿਸ ਤਰ੍ਹਾਂ ਦੇ ਵਾਤਾਵਰਣ ਵਿਚ ਪਲ ਕੇ ਵੱਡਾ ਹੁੰਦਾ ਹੈ, ਉਸਦੀ ਸ਼ਖ਼ਸੀਅਤ ਵੀ ਉਸੇ ਰੰਗ ਵਿਚ ਰੰਗੀ ਜਾਂਦੀ ਹੈ। ਹਰੇਕ ਸਭਿਆਚਾਰ ਵਿਚ ਆਪਣੀ ਮਾਨਤਾਵਾਂ, ਰੀਤੀ ਰਿਵਾਜ਼, ਰਹਿਣ-ਸਹਿਣ ਦੀਆਂ ਵਿਧੀਆਂ, ਧਰਮ-ਕਰਮ, ਆਦਿ ਹੁੰਦੇ ਹਨ। ਉਸਦੀ ਸ਼ਖ਼ਸੀਅਤ ਤੇ ਸਭਿਆਚਾਰ ਦੀ ਅਮਿੱਟ ਛਾਪ ਲੱਗ ਜਾਂਦੀ ਹੈ। ਧਿਆਨ ਰਹੇ ਕਿ ਹਰੇਕ ਦੇਸ਼, ਕਾਲ ਅਤੇ ਸਥਾਨ ਦਾ ਆਪਣਾ ਸਭਿਆਚਾਰ ਹੁੰਦਾ ਹੈ।

### (12) ਦੂਜੇ ਵਾਤਵਰਣ ਦੇ ਕਾਰਕ (Other Environmental Factors):

ਵਿਅਕਤੀ ਦੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਨ ਵਾਲੇ ਕੁਝ ਹੋਰ ਤੱਤ ਹਨ ਜਿਵੇਂ ਕਿ ਮੇਲੇ, ਪ੍ਰਦਰਸ਼ਨੀਆਂ, ਪੁਸਤਕਾਂ, ਅਖਬਾਰਾਂ ਅਤੇ ਸਮਾਜਿਕ ਸਥਿਤੀ ਅਤੇ ਕਾਰਜ (Status and Role).

### (13) ਮਨੋਵਿਗਿਆਨਕ ਕਾਰਕ (Psychological Factors):

ਵਿਅਕਤੀ ਦੇ ਵਿਕਾਸ ਵਿਚ ਪ੍ਰਭਾਵ ਪਾਉਣ ਵਾਲੇ ਮਨੋਵਿਗਿਆਨਕ ਕਾਰਕ ਹੇਠ ਲਿਖੇ ਹਨ :

(i) ਅਭਿਪ੍ਰੇਰਨਾ (Motives)

(ii) ਅਰਜਿਤ ਰੁਚੀਆਂ (Acquired Interests)

(iii) ਅਭਿਵ੍ਰਿਤੀਆਂ (Attitudes)

(iv) ਆਚਰਣ (Character)

(v) ਬੌਧਿਕ ਸਮਰਥਾਵਾਂ (Intellectual Capacities): ਜਿਵੇਂ ਤਰਕ, ਸਿੱਖਣ ਅਤੇ ਕਲਪਨਾ ਸੰਬੰਧੀ ਸਮਰਥਾਵਾਂ ਉਦਾਹਰਣ ਵਜੋਂ ਬੁੱਧੀ, ਸਾਡੀ ਉਚਿਤ ਢੰਗ ਨਾਲ ਸਮਾਯੋਜਨ ਕਰਨ ਵਿਚ ਸਹਾਇਤਾ ਕਰਦੀ ਹੈ।

ਉਪਰ ਦਿੱਤੀ ਵਿਆਖਿਆ ਤੋਂ ਪਤਾ ਲਗਾ ਹੈ ਕਿ ਕੋਈ ਵੀ ਕਾਰਕ ਇਕੱਲਾ ਹੀ ਸ਼ਖ਼ਸੀਅਤ ਦੇ ਵਿਕਾਸ ਵਿਚ ਸਹਾਈ ਨਹੀਂ, ਸਗੋਂ ਸਾਰੇ ਕਾਰਕਾਂ ਜਿਵੇਂ ਵਿਰਾਸਤੀ, ਮਨੋਵਿਗਿਆਨਕ ਅਤੇ ਸਮਾਜਿਕ ਕਾਰਕਾਂ ਦੀ ਅੰਤਰ-ਕ੍ਰਿਆ ਦੁਆਰਾ ਹੀ ਸ਼ਖ਼ਸੀਅਤ ਵਿਕਸਿਤ ਹੁੰਦੀ ਹੈ।

### 2.1.6 ਸਾਰ (conclusion) :

ਉਪਰੋਕਤ ਚਰਚਾ ਤੋਂ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਸ਼ਖਸ਼ੀਅਤ ਇੱਕ ਬਹੁਤ ਹੀ ਗੁੰਝਲਦਾਰ ਵਿਸ਼ਾ ਹੈ ਜਿਸਨੂੰ ਕਿਸੇ ਇੱਕ ਪਰਿਭਾਸ਼ਾ ਵਿਚ ਜਾਂ ਕਿਸੇ ਇੱਕ ਵਿਧੀ ਰਾਹੀਂ ਮਾਪਿਆ ਨਹੀਂ ਜਾ ਸਕਦਾ। ਇਹ ਵਿਅਕਤੀ ਦੇ ਵਿਸ਼ੇਸ਼ ਤਰੀਕਿਆਂ ਅਤੇ ਉਸ ਦੀਆਂ ਖੂਬੀਆਂ ਦੇ ਸੁਮੇਲ ਵਜੋਂ ਵਾਤਾਵਰਣ ਪ੍ਰਤੀ ਕੀਤੀ ਗਈ ਪ੍ਰਤੀਕ੍ਰਿਆ ਹੈ। ਇਹ ਇੱਕ ਸੰਗਠਿਤ ਇਕਾਈ ਹੈ ਜੋ ਜੱਦੀ ਅਤੇ ਵਾਤਾਵਰਣਿਕ ਕਾਰਕਾਂ ਦੀ ਅੰਤਰ ਕ੍ਰਿਆ ਦੇ ਨਤੀਜੇ ਵਜੋਂ ਪ੍ਰਗਟ ਹੁੰਦੀ ਹੈ।ਇਹ ਕਦੇ ਵੀ ਸਥਿਰ ਨਹੀਂ ਰਹਿੰਦੀ।

### *2.1.7 ਸ਼ਬਦਾਰਥ ਸੂਚੀ*

*1. ਸ਼ਖਸ਼ੀਅਤ : ਸ਼ਖਸ਼ੀਅਤ ਇੱਕ ਵਿਅਕਤੀ ਵਿਚ ਉਨ੍ਹਾਂ ਮਾਨਸਿਕ ਸਰੀਰਕ ਪ੍ਰਣਾਲੀਆਂ ਦਾ ਗਤੀਸ਼ੀਲ ਸੰਗਠਨ ਹੈ, ਜੋ ਉਸਦੇ ਵਾਤਾਵਰਣ ਅਤੇ ਸਮਾਯੋਜਨ ਨੂੰ ਨਿਰਧਾਰਤ ਕਰਦਾ ਹੈ।*

*2. ਵਿਅਕਤੀਤਵ ਦੇ ਲੱਛਣ : ਵਿਅਕਤੀਤਵ ਵਿਚ ਦੋ ਪ੍ਰਕਾਰ ਦੇ ਲੱਛਣ ਹੁੰਦੇਹਨ - (1) ਸਤੱਈ ਲੱਛਣ - ਇਸ ਪ੍ਰਕਾਰ ਦੇ ਲੱਛਣਾਂ ਵਿਚ ਆਮ ਤੌਰ ਤੇ ਵਿਵਹਾਰ ਤੇ ਬਾਹਰੋਂ ਦਿਸਦੇ ਅੰਗ ਆ ਜਾਂਦੇ ਹਨ ਜਿਵੇਂ ਕਿ ਸਮਾਜਿਕ ਵਿਵਹਾਰ ਕਰਦੇ ਹੋਏ ਮਿੱਤਰ ਭਾਵਨਾ ਦਾ ਪ੍ਰਗਟਾਉਣਾ, ਸਰੀਰਕ ਸ਼ਕਤੀਆਂ ਦਾ ਪ੍ਰਗਟਾਓ, ਦੂਜੇ ਪ੍ਰਕਾਰ ਦੇ ਲੱਛਣਾਂ ਨੂੰ ਅੰਤਰ ਅੰਗ (*Depth Factors*) ਕਿਹਾ ਜਾਂਦਾਹੈ ਜਿਨ੍ਹਾਂ ਵਿਚ ਵਿਅਕਤੀ ਦੇ ਡਰ, ਸਹਿਮ, ਚਿੰਤਾਵਾਂ, ਇੱਛਾਵਾਂ, ਆਦਰਸ਼ ਆਦਿ ਆ ਜਾਂਦੇ ਹਨ।*

*3. ਜੱਦੀ ਕਾਰਕ : ਜੱਦੀ ਕਾਰਕ ਜਿਵੇਂ ਸਰੀਰਕ ਰਚਨਾ, ਰੰਗ-ਰੂਪ, ਸਰੀਰ ਦਾ ਆਕਾਰ, ਉਚਾਈ, ਮੋਟਾਪਨ, ਅੱਖਾਂ ਤੇ ਵਾਲਾਂ ਦਾ ਰੰਗ ਆਦਿ ਸਾਰੇ ਉਹ ਕਾਰਕ ਹਨ ਜੋ ਜਨਮ ਤੋਂ ਹੀ ਪ੍ਰਾਪਤ ਹੁੰਦੇ ਹਨ।*

*4. ਵਾਤਾਵਰਣਿਕ ਕਾਰਕ : ਵਾਤਾਵਰਣਿਕ ਕਾਰਕ ਜਿਵੇਂ ਕਿ ਪਰਿਵਾਰ, ਗੁਆਂਢ, ਮਿੱਤਰ ਅਤੇ ਸਾਥੀ, ਸਕੂਲ, ਸਮਾਜਿਕ ਤੇ ਸਭਿਆਚਾਰਕ ਵਾਤਾਵਰਣ ਆਦਿ ਉਹ ਕਾਰਕ ਹਨ ਜੋ ਵਿਅਕਤੀ ਜਨਮ ਤੋਂ ਬਾਅਦ ਵਾਤਾਵਰਣ ਵਿਚ ਵਿਚਰਦੇ ਹੋਏ ਸਿੱਖਦਾ ਹੈ।*

### *2.1.8 ਵੱਡੇ ਸਵਾਲ*

*1. ਸ਼ਖਸ਼ੀਅਤ ਦੀ ਪਰਿਭਾਸ਼ਾ ਦਿਓ। ਇਸਦੀਆਂ ਵਿਸ਼ੇਸ਼ਤਾਵਾਂ ਨੂੰ ਵਰਣਨ ਕਰੋ?*

*2. ਸ਼ਖਸ਼ੀਅਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵਰਨਣ ਕਰੋ।*

### *2.1.9 ਛੋਟੇ ਸਵਾਲ*

1. ਬਾਹਰਮੁਖੀ ਦੀ ਪਰਿਭਾਸ਼ਾ ਦੱਸੋ।
2. ਸਭਿਆਚਾਰਕ ਵਾਤਾਵਰਣ ਦਾ ਸਖ਼ਸ਼ੀਅਤ ਤੇ ਅਸਰ ਦਾ ਸੰਖੇਪ ਵਰਨਣ ਕਰੋ।

### 2.1.10 ਹਵਾਲਾ ਪੁਸਤਕਾਂ


1. ਸਿੱਖਿਆ ਮਨੋਵਿਗਿਆਨ : ਇੰਦਰਜੀਤ ਕੌਰ ਸੰਧੂ, ਅੰਮ੍ਰਿਤ ਕੌਰ
2. ਵਿਦਿਅਕ ਮਨੋਵਿਗਿਆਨ : ਡਾ. ਅਮਰ ਸਿੰਘ ਧਾਲੀਵਾਰ

ਪਾਠ ਨੰ: 2.2

ਲੇਖਿਕਾ : ਡਾ. ਮਮਤਾ ਸ਼ਰਮਾ

Last updated July, 2023

# ਸ਼ਖਸ਼ੀਅਤ ਦੇ ਸਿਧਾਂਤ
# (Theories of Personality )


2.2.0 ਉਦੇਸ਼

2.2.1 ਭੂਮਿਕਾ

2.2.2 ਸ਼ਖਸ਼ੀਅਤ ਦੇ ਸਿਧਾਂਤ

2.2.3 ਫਰਾਇਡ ਦਾ ਮਨੋਵਿਸ਼ਲੇਸ਼ਣ ਦਾ ਸਿਧਾਂਤ

- 2.2.3.1 ਵਿਅਕਤੀਤਵ ਦੇ ਬੁਨਿਆਦੀ ਤੱਤ
- 2.2.3.2 ਵਿਅਕਤੀਤਵ ਦਾ ਵਿਕਾਸ
- 2.2.3.3 ਮੁੱਢਲੇ ਵਿਕਾਸ ਸੰਬੰਧੀ ਪੜਾਅ
- 2.2.3.4 ਅਚੇਤਨਤਾ ਦੀ ਮਹੱਤਤਾ
- 2.2.3.5 ਸੁਰੱਖਿਆ ਕਿਰਿਆ ਵਿਧੀਆਂ

2.2.4 ਆਲਪੋਰਟ ਦਾ ਵਿਸ਼ਿਸ਼ਟਤਾ ਦਾ ਸਿਧਾਂਤ

- 2.2.4.1 ਗੁਣ ਅਤੇ ਰੁਚੀਆਂ
- 2.2.4.2 ਵਿਅਕਤੀਗਤ ਅਤੇ ਸਮੂਹਿਕ ਗੁਣ
- 2.2.4.3 ਸ਼ਖਸ਼ੀਅਤ ਦਾ ਵਿਕਾਸ

2.2.5 ਕੈਟਲ ਦਾ ਸਿਧਾਂਤ

- 2.2.5.1 ਸ਼ਖਸ਼ੀਅਤ ਦਾ ਸਰੂਪ
- 2.2.5.2 ਮੂਲ ਰਚਨਾ ਗੁਣ ਅਤੇ ਧਰਾਤਲ ਗੁਣ
- 2.2.5.3 ਵਿਅਕਤੀਤਵ ਦਾ ਵਿਕਾਸ
- 2.2.5.4 ਖੋਜ ਵਿਧੀਆਂ

2.2.6 ਸਾਰ

2.2.7 ਸ਼ਬਦਾਵਲੀ

2.2.8 ਵੱਡੇ ਸਵਾਲ

2.2.9 ਛੋਟੇ ਸਵਾਲ

2.2.10 ਸਹਾਇਕ ਪੁਸਤਕਾਂ

## 2.2.0 ਉਦੇਸ਼ (**Objectives**) :

ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸ਼ਖਸ਼ੀਅਤ ਸੰਬੰਧੀ ਵੱਖ-ਵੱਖ ਮਨੋਵਿਗਿਆਨੀਆਂ ਦੇ ਵਿਭਿੰਨ ਪਹਿਲੂਆਂ ਬਾਰੇ ਜਾਣੂ ਕਰਵਾਉਣਾ ਹੈ। ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਇਹ ਸਮਝਣ ਦੇ ਯੋਗ ਹੋ ਜਾਣਗੇ ਕਿ :

(1) ਸ਼ਖਸ਼ੀਅਤ ਵਿਚ ਇੱਡ, ਈਗੋ ਜਾਂ ਸੁਪਰ-ਈਗੋ ਦਾ ਕੀ ਰੋਲ ਹੈ।

(2) ਅਚੇਤਨਤਾ ਦਾ ਕੀ ਮਹੱਤਵ ਹੈ?

(3) ਸੁਰੱਖਿਆ ਕਿਰਿਆ ਵਿਧੀਆਂ ਦਾ ਵਿਕਾਸ ਕਿਵੇਂ ਹੁੰਦਾ ਹੈ?

(4) ਕਾਰਡੀਨਲ, ਕੇਂਦਰੀ ਅਤੇ ਸੈਕੰਡਰੀ ਰੁਚੀਆਂ ਕਿਹੜੀਆਂ-ਕਿਹੜੀਆਂ ਹਨ?

(5) ਮੂਲ ਰਚਨਾ ਅਤੇ ਧਰਾਤਲ ਗੁਣਾਂ ਦਾ ਕੀ ਰੋਲ ਹੈ?

(6) ਕੈਟਲ ਦੀਆਂ ਖੋਜ ਵਿਧੀਆਂ ਕਿਹੜੀਆਂ ਹਨ?

## 2.2.1 ਭੂਮਿਕਾ

ਸ਼ਖਸ਼ੀਅਤ ਦਾ ਅਲੱਗ-ਅਲੱਗ ਤਰੀਕਿਆਂ ਨਾਲ ਅਧਿਐਨ ਕੀਤਾ ਜਾਂਦਾ ਹੈ। ਇਸ ਵਿਚ ਸਾਰੀਆਂ ਮਾਨਸਿਕ ਅਤੇ ਸਰੀਰਕ ਪ੍ਰਕ੍ਰਿਆਵਾਂ ਸ਼ਾਮਿਲ ਹੁੰਦੀਆਂ ਹਨ। ਸਰਲ ਸ਼ਬਦਾਂ ਵਿਚ ਇਸ ਨੂੰ ਵਿਅਕਤੀ ਦੀ ਆਪਣੇ ਆਲੇ ਦੁਆਲੇ ਪ੍ਰਤੀ ਪ੍ਰਤੀਕ੍ਰਿਆ ਨੂੰ ਹੀ ਵਿਅਕਤੀਤਵ ਮੰਨਿਆ ਜਾਂਦਾ ਹੈ, ਪਰੰਤੂ ਇਹ ਉਨ੍ਹਾਂ ਸਾਰੇ ਕਾਰਾਂ ਦਾ ਸੁਮੇਲ ਹੈ ਜੋ ਮਨੁੱਖੀ ਵਿਵਹਾਰ ਨੂੰ ਬਣਾਉਣ ਵਿਚ ਸਹਾਈ ਹੁੰਦੇ ਹਨ। ਕੁਝ ਵਿਅਕਤੀਆਂ ਦੇ ਸਿਰਫ ਇਕ ਜਾਂ ਦੋ ਤੱਥਾਂ ਤੇ ਹੀ ਆਪਣਾ ਧਿਆਨ ਕੇਂਦਰਿਤ ਕੀਤਾ ਹੈ ਜਿਵੇਂ ਵਿਰਾਸਤ ਦਾ ਸ਼ਖ਼ਸੀਅਤ ਤੇ ਪ੍ਰਭਾਵ। ਵੱਖ-ਵੱਖ ਸਿਧਾਂਤਾਂ ਵਿਚ ਵੱਖ-ਵੱਖ ਪ੍ਰਕ੍ਰਿਆਵਾਂ ਤੇ ਜ਼ੋਰ ਦਿੱਤਾ ਜਾਂਦਾ ਹੈ। ਪ੍ਰਮੁੱਖ ਸਿਧਾਂਤ ਹੇਠ ਲਿਖੇ ਹਨ

(1) ਫਰਾਇਡ ਦਾ ਮਨੋਵਿਸ਼ਲੇਸ਼ਣ ਦਾ ਸਿਧਾਂਤ (Freud's Psychoanalytic Theory); ਅਤੇ

(2) ਆਲਪੋਰਟ ਅਤੇ ਕੈਟਲ ਦਾ ਵਿਸ਼ਿਸ਼ਟਤਾ ਦਾ ਸਿਧਾਂਤ (Trait Theory of Allport and Cattell)

(3) ਕੈਟਲ ਦਾ ਫੈਕਟਰ ਸਿਧਾਂਤ

## 2.2.2 ਸ਼ਖਸ਼ੀਅਤ ਦੇ ਸਿਧਾਂਤ :

ਸ਼ਖਸ਼ੀਅਤ ਦੇ ਸਰੂਪ ਬਾਰੇ ਵੱਖ-ਵੱਖ ਮਨੋਵਿਗਿਆਨੀਆਂ ਨੇ ਵੱਖ-ਵੱਖ ਸਿਧਾਂਤ ਦਿੱਤੇ ਹਨ। ਹਰ ਸਿਧਾਂਤ ਸ਼ਖਸ਼ੀਅਤ ਨੂੰ ਸਮਝਣ ਲਈ ਇੱਕ ਵੱਖਰਾ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਹਰ ਦ੍ਰਿਸ਼ਟੀਕੋਣ ਦੇ ਕੁਝ ਗੁਣ ਅਤੇ ਔਗੁਣ ਹਨ ਕਿਉਂਕਿ ਕੋਈ ਵੀ ਸਿਧਾਂਤ ਸਾਰੇ ਕਾਰਕਾਂ ਨੂੰ ਉਸਦੀ ਵਿਆਖਿਆ ਵਿਚ ਸ਼ਾਮਿਲ ਨਹੀਂ ਕਰ ਸਕਦਾ। ਕੁਝ ਸਿਧਾਂਤ ਪੂਰਵ ਅਨੁਭਵ ਨੂੰ ਮਹੱਤਵਪੂਰਨ ਮੰਨਦੇ ਹਨ ਅਤੇ ਕੁਝ ਵਰਤਮਾਨ ਸਥਿਤੀਆਂ ਨੂੰ। ਸ਼ਖਸ਼ੀਅਤ ਨੂੰ ਸਮਝਣ ਲਈ ਅਸੀਂ ਕੁਝ ਮਨੋਵਿਗਿਆਨਕ ਸਿਧਾਂਤਾਂ ਤੇ ਨਜ਼ਰ ਮਾਰਦੇ ਹਾਂ।

(1) ਫਰਾਇਡ ਦਾ ਮਨੋਵਿਸ਼ਲੇਸ਼ਣ ਸਿਧਾਂਤ

(2) ਅਲਪੋਰਟ ਦਾ ਵਿਸ਼ਿਸ਼ਟਤਾ ਦਾ ਸਿਧਾਂਤ

(3) ਕੈਟਲ ਦਾ ਫੈਕਟਰ ਸਿਧਾਂਤ

## 2.2.3 ਫਰਾਇਡ ਦਾ ਮਨੋਵਿਸ਼ਲੇਸ਼ਣ ਦਾ ਸਿਧਾਂਤ (FREUD'S PSYCHOANALYTIC THEORY):

ਮਨੋਵਿਸ਼ਲੇਸ਼ਣਕ ਸਿਧਾਂਤ ਸ਼ਖ਼ਸੀਅਤ ਨੂੰ ਦੂਸਰੇ ਸਿਧਾਂਤਾਂ ਤੋਂ ਬਿਲਕੁਲ ਵੱਖਰੇ ਰੂਪ ਵਿਚ ਪੇਸ਼ ਕਰਦਾ ਹੈ। ਦੂਸਰੇ ਸਿਧਾਂਤ ਸਰਵਜਨਿਕ ਵਿਅਕਤੀਤਵ ਤੇ ਫੋਕਸ ਕਰਦੇ ਹਨ ਪਰੰਤੂ ਮਨੋਵਿਸ਼ਲੇਸ਼ਣਕ ਸਿਧਾਂਤ, ਇਸਦੇ ਉਲਟ ਪ੍ਰਾਈਵੇਟ ਜਾਂ ਨਿੱਜੀ ਵਿਅਕਤੀਤਵ ਤੇ ਫੋਕਸ ਕਰਦਾ ਹੈ। ਵੀਹਵੀਂ ਸਦੀ ਵਿਚ ਫਰਾਇਡ ਦੇ ਵਿਚਾਰ ਅਨੁਸਾਰ ਵਿਅਕਤੀ ਦਾ ਵਿਵਹਾਰ ਅਚੇਤਨ ਇਛਾਵਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ, ਖਾਸ ਤੌਰ ਤੇ ਕ੍ਰੋਧੀ ਅਤੇ ਕਾਮਿਕ ਆਵੇਗ ਦੁਆਰਾ। ਪਰੰਤੂ ਇਸ ਵਿਚਾਰ ਦੇ ਕਈ ਲੋਕ ਵਿਰੁੱਧ ਸਨ। ਬਾਅਦ ਵਿਚ ਉਸਦੇ ਵਿਚਾਰਾਂ ਨਾਲ ਸਹਿਮਤੀ ਵੱਧਦੀ ਗਈ ਅਤੇ ਹੁਣ ਉਨ੍ਹਾਂ ਦਾ ਸਮਾਜਿਕ ਵਿਗਿਆਨਾਂ ਅਤੇ ਪਬਲਿਕ ਵਿਚਾਰਾਂ ਵਿੱਚ ਮਹੱਤਪੂਰਨ

ਸਥਾਨ ਹੈ।

### 2.2.3.1 ਵਿਅਕਤੀਤਵ ਦੇ ਬੁਨਿਆਦੀ ਤੱਤ (Basic Elements of Personality) :

ਸਿਗਮੰਡ ਫਰਾਇਡ (1856-1939) ਦੀਆਂ ਮਨੋਵਿਸ਼ਲੇਸ਼ਣਾਤਮਕ ਲਿਖਤਾਂ ਵਿਸ਼ਾਲ ਹਨ ਅਤੇ ਜਿਸ ਸਿਧਾਂਤ ਦਾ ਉਨ੍ਹਾਂ ਵਰਣਨ ਕੀਤਾ ਹੈ ਉਸਨੂੰ ਕਈ ਲੋਕਾਂ ਦੁਆਰਾ ਵਿਅਕਤੀਤਵ ਦਾ ਵਿਆਪਕ ਸਿਧਾਂਤ ਮੰਨਿਆ ਜਾਂਦਾ ਹੈ। ਫ੍ਰਾਇਡ ਦੇ ਅਨੁਸਾਰ, ਵਿਅਕਤੀਤਵ ਦੇ ਤੱਤਾਂ ਵਿਚ ਤਿੰਨ ਬੁਨਿਆਦੀ ਵਰਗੀਕਰਣ ਹਨ :-

(1) ਇੱਡ (Id)

(2) ਈਗੋ (Ego), ਅਤੇ

(3) ਸੁਪਰ-ਈਗੋ (Super-Ego)

ਆਮ ਸ਼ਬਦਾਂ ਵਿਚ ਇਹ ਤਿੰਨ ਵਰਗੀਕਰਣ ਕ੍ਰਮਵਾਰ ਸਰੀਰਕ ਜਾਂ ਜੀਵ ਵਿਗਿਆਨ ਸੰਬੰਧੀ ਮਨੋਵਿਗਿਆਨਕ ਅਤੇ ਸਮਾਜਿਕ ਚਿੰਨ ਹਨ।

### (1) ਇੱਡ (Id) :

ਨਵਾਂ ਜੰਮਿਆ ਬੱਚਾ ਸਰੀਰਕ ਪ੍ਰੇਰਣਾ ਜਿਵੇਂ ਭੁੱਖ, ਪਿਆਸ, ਨੀਂਦ ਦੁਆਰਾ ਕ੍ਰਿਆਸ਼ੀਲ ਹੁੰਦਾ ਹੈ। ਸਰੀਰਕ ਜਾਂ ਜੀਵ ਵਿਗਿਆਨ ਸੰਬੰਧੀ ਇਹ ਵਿਸ਼ੇਸ਼ਤਾਵਾਂ ਅਤੇ ਪ੍ਰਵਿਰਤੀਆਂ ਜਮਾਂਦਰੂ ਹੁੰਦੀਆਂ ਹਨ ਅਤੇ ਇਨ੍ਹਾਂ ਫਰਾਇਡ ਨੇ ਇੱਡ (Id) ਦੀ ਮੁੱਖ ਵਿਸ਼ੇਸ਼ਤਾ ਜ਼ਰੂਰਤਾਂ ਦੀ ਸੰਤੁਸਟੀ ਦੀ ਇੱਛਾ ਹੈ। ਇਸ ਦਾ ਕੋਈ ਸਮੂਹ ਨਹੀਂ ਹੁੰਦਾ। ਫ੍ਰਾਇਡ ਨੇ ਇਸਦਾ ਵਰਨਣ ਉਤੇਜਨਾ ਦੀ ਕੜ੍ਹਾਹੀ ਦੇ ਰੂਪ ਵਿਚ ਕੀਤਾ ਹੈ। ਇਸ ਨੂੰ ਸੰਤੁਸ਼ਟੀ ਜਾਂ ਪ੍ਰਸੰਨਤਾ ਸਿਧਾਂਤ (Pleasure Principle) ਵੀ ਕਿਹਾ ਜਾਂਦਾ ਹੈ। ਨਵ-ਜੰਮੇ ਬੱਚੇ ਤੇ ਵਾਤਾਵਰਣੀ ਤੱਥਾਂ ਦਾ ਕੋਈ ਖਾਸ ਪ੍ਰਭਾਵ ਨਹੀਂ ਹੁੰਦਾ, ਇਸ ਲਈ ਇਹ 'ਇੱਡ' (Id) ਦੇ ਬੁਨਿਆਦੀ ਸਿਧਾਂਤ ਸੰਤੁਸ਼ਟੀ ਜਾਂ ਪ੍ਰਸੰਨਤਾ ਦੁਆਰਾ ਕ੍ਰਿਆ ਕਰਦੇ ਹਨ। ਉਹ ਆਪਣੀਆਂ ਲੋੜਾਂ ਦੀ ਤਤਕਾਲੀ ਪੂਰਤੀ ਚਾਹੁੰਦਾ ਹੈ। ਜਦੋਂ ਬੱਚਾ ਭੁੱਖਾ ਹੁੰਦਾ ਹੈ, ਉਸ ਨੂੰ ਉਸ ਸਮੇਂ ਹੀ ਭੋਜਨ ਦੀ ਜ਼ਰੂਰਤ ਹੁੰਦੀ ਹੈ। ਜੇ ਬੱਚੇ ਨੂੰ ਉਸ ਸਮੇਂ ਭੋਜਨ ਨਹੀਂ ਮਿਲੇਗਾ ਤਾਂ ਹੋ ਸਕਦਾ ਹੈ ਕਿ ਬੱਚਾ ਆਪਣਾ ਅੰਗੂਠਾ, ਕੋਈ ਕਪੜਾ ਜਾਂ ਹੋਰ ਕੋਈ ਅਜਿਹੀ ਚੀਜ਼ ਜੋ ਉਸਦੀ ਪਹੁੰਚ ਵਿਚ ਹੋਵੇ ਮੂੰਹ ਵਿਚ ਪਾ ਸਕਦਾ ਹੈ। ਜਦੋਂ ਉਹ ਸੰਤੁਸ਼ਟੀ ਸਿਧਾਂਤ ਦੇ ਅਨੁਸਾਰ ਵਿਵਹਾਰ ਕਰਦਾ ਹੈ ਤਾਂ ਬੱਚਾ ਹਾਲਾਤ ਤੋਂ ਅਸਾਵਧਾਨ ਮਾਨਸਿਕ ਪ੍ਰੇਰਣਾ ਤੋਂ ਕ੍ਰਿਆ ਕਰਦਾ ਹੈ।

**(2) ਈਗੋ ਜਾਂ ਹਉਮੈ (Ego)** : ਸਰੀਰਕ ਲੋੜਾਂ ਜ਼ਿੰਦਗੀ ਭਰ ਚਲਦੀਆਂ ਰਹਿੰਦੀਆਂ ਹਨ ਅਤੇ ਇਸ ਲਈ ਇੱਡ (Id) ਹਮੇਸ਼ਾ ਹੀ ਸ਼ਖ਼ਸੀਅਤ ਦਾ ਅੰਗ ਹੈ। ਪਰੰਤੂ ਵੱਧ ਰਿਹਾ ਬੱਚਾ ਬਾਹਰਲੇ ਵਾਤਾਵਰਣ ਪ੍ਰਤੀ ਕ੍ਰਿਆ ਕਰਨਾ ਜਲਦੀ ਹੀ ਸਿੱਖ ਲੈਂਦਾ ਹੈ। ਜਿਵੇਂ ਇਹ ਵਿਕਾਸ ਹੁੰਦਾ ਰਹਿੰਦਾ ਹੈ, ਇੱਡ (Id) ਦੀ ਅਭਿਵਿਅਕਤੀ ਵਿਚ ਸੁਧਾਰ ਹੁੰਦਾ ਰਹਿੰਦਾ ਹੈ। ਬੱਚਾ ਅਸਲੀਅਤ ਨੂੰ ਸਮਝਣਾ ਸ਼ੁਰੂ ਕਰ ਦਿੰਦਾ ਹੈ। ਵਾਤਾਵਰਣ ਦੀਆਂ ਲੋੜਾਂ ਅਨੁਸਾਰ ਅਸਲੀਅਤ ਸਿਧਾਂਤ (Reality Principle), ਸੰਤੁਸਟੀ ਸਿਧਾਂਤ (Pleasure Principle) ਦਾ ਵਧਿਆ ਹੋਇਆ ਰੂਪ ਹੈ। ਬੱਚਾ ਵੱਡਾ ਹੁੰਦਾ ਹੈ ਅਤੇ ਆਪਣੇ ਆਲੇ-ਦੁਆਲੇ ਦੀ ਛਾਣ ਬੀਣ ਕਰਨੀ ਸ਼ੁਰੂ ਕਰ ਦਿੰਦਾ ਹੈ ਜਿਸ ਨੂੰ ਫਰਾਇਡ ਨੇ ਅਸਲੀਅਤ ਦੀ ਪ੍ਰਖਿਆ ਕਰਨੀ ਕਿਹਾ ਹੈ। ਅਸਲੀਅਤ ਵਿਚ ਕ੍ਰਿਆ ਕਰਦਾ ਬੱਚਾ ਕਿਸੇ ਨਤੀਜੇ ਤੇ ਪਹੁੰਚ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਕੱਪੜਿਆਂ ਦਾ ਸਵਾਦ ਆਈਸ ਕਰੀਮ ਦੇ ਸਵਾਦ ਵਰਗਾ ਵਧੀਆਂ ਨਹੀਂ ਹੈ।

ਅਸਲੀਅਤ ਸਿਧਾਂਤ (Reality Principle) ਦੁਆਰਾ ਵਿਵਹਾਰ ਜ਼ਿੰਦਗੀ ਦੀ ਸ਼ੁਰੂਆਤ ਤੋਂ ਘੱਟ ਬੇਸਮਝ ਅਤੇ ਘੱਟ ਨਿਸ਼ਕਪਟ ਹੋ ਜਾਂਦਾ ਹੈ ਅਤੇ ਹਉਮੈਂ ਦੀ ਉਤਪਤੀ ਹੋ ਜਾਂਦੀ ਹੈ। ਵਿਅਕਤੀਤਵ ਦਾ ਇਹ ਦੂਜਾ ਹਿੱਸਾ ਕਈ ਗੁੰਝਲਦਾਰ ਮਾਨਸਿਕ ਪ੍ਰਕ੍ਰਿਆਵਾਂ ਜਿਵੇਂ ਸਿੱਖਣਾ, ਚਿੰਤਨ ਕਰਨਾ, ਪ੍ਰਤੱਖੀਕਰਨ ਕਰਨਾ ਅਤੇ ਯਾਦ ਕਰਨਾ ਆਦਿ ਉੱਪਰ ਨਿਰਭਰ ਕਰਦਾ ਹੈ। ਇਸਨੂੰ ਕਈ ਵਾਰ ਵਿਅਕਤੀਤਵ ਦੀ ਸਮੱਸਿਆ ਦਾ ਹੱਲ ਪਰਿਮਾਣ ਕਰਨਾ ਅਤੇ ਯਾਦ ਕਰਨਾ ਆਦਿ ਉੱਪਰ ਨਿਰਭਰ ਕਰਦਾ ਹੈ ਅਤੇ ਅਸਲੀਅਤ ਵਿਚ ਉਸਦੀ ਹੋਂਦ (ਇੱਡ) (Id) ਮੰਨੀ ਜਾਂਦੀ ਹੈ। ਹਉਮੈਂ ਜਾਂ ਈਗੋ ਵਿਅਕਤੀ ਨੂੰ ਸਰੀਰਕ ਪ੍ਰੇਰਨਾਵਾਂ ਦੀ ਬਜਾਏ

ਉਸ ਵਿਵਹਾਰ ਦੇ ਅਨੁਸਾਰ ਕੰਮ ਕਰਨ ਲਈ ਪ੍ਰੇਰਿਤ ਜਾਂ ਵਰਜਿਤ ਕਰਦੀ ਹੈ ਜੋ ਉਸਨੇ ਪੂਰੇ ਸੰਸਾਰ ਬਾਰੇ ਸਿੱਖਿਆ ਹੁੰਦਾ ਹੈ।

### (3) ਸੁਪਰ-ਈਗੋ (Super-Ego):

ਆਪਣੇ ਸਮਾਜਿਕ ਵਾਤਾਵਰਣ ਪ੍ਰਤੀ ਪ੍ਰਤੀਕ੍ਰਿਆ ਕਰਦਾ ਹੋਇਆ ਹਰ ਬੱਚਾ ਅਖ਼ੀਰ ਵਿਚ ਆਪਣੇ ਮਾਪਿਆਂ ਅਤੇ ਵੱਡਿਆਂ ਤੋਂ ਕੁਝ ਸਮਾਜਿਕ ਮਿਆਰ ਅਤੇ ਕਦਰਾਂ-ਕੀਮਤਾਂ ਸਿੱਖ ਜਾਂਦਾ ਹੈ। ਸਮੂਹਿਕ ਰੂਪ ਵਿਚ ਸ਼ਖ਼ਸੀਅਤ ਤੱਤਾਂ ਨੂੰ ਸੁਪਰ-ਈਗੋ ਕਿਹਾ ਜਾਂਦਾ ਹੈ। ਸੁਪਰ-ਈਗੋ ਦੀਆਂ ਦੋ ਕਿਸਮਾਂ ਹਨ : (1) ਇਕ ਅੰਤਰਆਤਮਾ (Conscience) ਹੈ, ਜੋ ਸਮਾਜ ਵਿਰੋਧ ਵਿਵਹਾਰ ਦੇ ਪ੍ਰਗਟਾਓ ਨੂੰ ਕਾਬੂ ਵਿਚ ਰੱਖਦੀ ਹੈ। ਅੰਤਰ ਆਤਮਾ ਦਾ ਵਿਕਾਸ ਸਜ਼ਾ ਦੇ ਡਰ ਅਤੇ ਤਿਰਸਕਾਰ ਦੇ ਪ੍ਰਭਾਵ ਹੇਠ ਹੁੰਦਾ ਹੈ। ਇਸ ਤਰ੍ਹਾਂ ਜੇ ਮਾਪੇ ਬੱਚੇ ਨੂੰ ਝੂਠ ਬੋਲਣ ਤੇ ਉਸਨੂੰ "ਗੰਦਾ" ਸਮਝਦੇ ਹਨ ਜੇ ਬੱਚਾ ਮਾਪਿਆਂ ਦੁਆਰਾ ਇਸ ਤਿਰਸਕਾਰ ਨੂੰ ਸਮਝਣ ਦੀ ਕੋਸ਼ਿਸ਼ ਕਰੇਗਾ ਤਾਂ ਅਗਲੀ ਵਾਰ ਉਹ ਝੂਠ ਬੋਲਣ ਵੇਲੇ, ਆਪਣੇ ਆਪ ਨੂੰ ਕਹੇਗਾ ਕਿ "ਮੈਂ ਗੰਦਾ ਹਾਂ" ਮੈਨੂੰ ਆਪਣੇ ਆਪ ਤੇ ਸ਼ਰਮ ਮਹਿਸੂਸ ਹੁੰਦੀ ਹੈ। ਬੱਚਾ ਸੁਪਰ-ਈਗੋ ਦਾ ਜੇ ਇਹ ਪੱਖ ਸਮਝੇਗਾ ਤਾਂ ਉਸ ਵਿਚ ਆਪਣੇ ਵਿਵਹਾਰ ਨੂੰ ਕਾਬੂ ਕਰਨ ਦੀ ਸ਼ਕਤੀ ਆ ਜਾਵੇਗੀ।

ਸੁਪਰ-ਈਗੋ ਦੀ ਦੂਸਰੀ ਕਿਸਮ ਇਹ ਹੈ ਕਿ ਜਿਸ ਵਿੱਚ ਬੱਚੇ ਦੁਆਰਾ ਕੀਤੇ ਵਿਵਹਾਰ ਨੂੰ ਮਾਪੇ ਹੌਸਲਾ ਦਿੰਦੇ ਹਨ। ਇਸ ਨੂੰ ਈਗੋ-ਆਦਰਸ਼ (Ego Ideal) ਕਹਿੰਦੇ ਹਨ। ਈਗੋ ਆਦਰਸ਼ ਵਿਚ ਬੱਚੇ ਦੇ ਚੰਗੇ ਵਿਹਾਰ ਜਾਂ ਕਿਸੇ ਉਦੇਸ਼ ਦੀ ਪ੍ਰਾਪਤੀ ਨੂੰ 'ਚੰਗਾ ਬੱਚਾ' ਜਾਂ 'ਇਨਾਮ' ਦੇ ਕੇ ਉਤਸ਼ਾਹਿਤ ਕੀਤਾ ਜਾਂਦਾ ਹੈ। ਜਦੋਂ ਬੱਚਾ ਕਿਸੇ ਸਫਲ ਵਿਅਕਤੀ ਅਤੇ ਈਗੋ ਆਦਰਸ਼ (Ego ideal) ਦੋਵੇਂ ਬਚਪਨ ਵਿਚ ਹੀ ਵਿਕਸਿਤ ਹੋ ਜਾਂਦੇ ਹਨ। ਜੋ ਬਾਲਕ ਅਵਸਥਾ ਵਿਚ ਵਿਵਹਾਰ ਤੇ ਅਸਰ ਪਾਉਂਦੇ ਹਨ।

### 2.2.3.2ਵਿਅਕਤੀਤਵ ਦਾ ਵਿਕਾਸ (Personalilty Development):

ਜਿਵੇਂ ਜਿਵੇਂ ਬੱਚੇ ਦਾ ਵਿਕਾਸ ਹੁੰਦਾ ਹੈ, ਉਸਦੀ ਸ਼ਖ਼ਸੀਅਤ ਵਿਚ ਈਗੋ ਅਤੇ ਸੁਪਰ-ਈਗੋ ਤੇ (Id), ਦੇ ਵਿਕਾਸ ਨਾਲ ਬੁਨਿਆਦੀ ਤਬਦੀਲੀਆਂ ਆ ਜਾਂਦੀਆਂ ਹਨ। ਜਦੋਂ ਬੱਚਾ ਨਿਰਜੀਵ ਵਸਤੂਆਂ ਅਤੇ ਮਨੁੱਖਾਂ ਦੇ ਸੰਪਰਕ ਰਾਹੀਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕਰਦਾ ਹੈ, ਤਾਂ ਉਸਦੀ ਅਵਸਥਾਵਾਂ ਵਿਚ ਸਭ ਤੋਂ ਮਹੱਤਵਪੂਰਨ ਤੱਤ ਵੱਡਿਆਂ ਨਾਲ ਬੱਚਿਆਂ ਦਾ ਭਾਵਾਤਮਕ ਸੰਬੰਧ ਹੈ।

### ਪਛਾਣ ਜਾਂ ਸ਼ਨਾਖਤ ਦੀ ਜ਼ਿੰਮੇਵਾਰੀ (The Role of Identification) :

ਇਕ ਬੱਚੇ ਦਾ ਆਪਣੇ ਵੱਡੇ ਲੋਕਾਂ ਨਾਲ ਭਾਵਾਤਮਕ ਸੰਬੰਧ ਅਤੇ ਆਪਦੀ ਜ਼ਿੰਦਗੀ ਨੂੰ ਇਕ ਮਿਸਾਲ ਦੇ ਰੂਪ ਵਿਚ ਪੇਸ਼ ਕਰਨ ਜਾਂ ਕਿਸੇ ਸਫਲ ਵਿਅਕਤੀ ਵਰਗੀ ਜ਼ਿੰਦਗੀ ਬਨਾਉਣ ਦੀ ਕੋਸ਼ਿਸ਼ ਜਾਂ ਪਛਾਣ ਪ੍ਰਕ੍ਰਿਆ (Identification Process) ਕਹਿੰਦੇ ਹਨ। ਫਰਾਇਡ ਅਨੁਸਾਰ ਇਹ ਪ੍ਰਕ੍ਰਿਆ ਨਕਲ ਜਾਂ ਅਨੁਕਰਨ (imitation) ਨਾਲੋਂ ਵਧੇਰੇ ਡੂੰਘੀ ਹੈ। ਅਨੁਕਰਨ ਦਾ ਮਤਲਬ ਦੂਸਰੇ ਵਿਅਕਤੀ ਦੀ ਨਕਲ ਕਰਨਾ ਹੈ ਪਰੰਤੂ ਪਛਾਣ ਵਿਚ ਦੂਸਰੇ ਵਿਅਕਤੀ ਦੇ ਸੋਚਣ ਅਤੇ ਵਿਵਹਾਰ ਦੇ ਤਰੀਕਿਆਂ ਨੂੰ ਆਪਣੇ ਤਰੀਕਿਆਂ ਵਿਚ ਸੰਸਥਾਪਿਤ ਕਰਨਾ ਹੁੰਦਾ ਹੈ।

ਬੱਚੇ ਲਈ ਪਛਾਣ ਪ੍ਰਕ੍ਰਿਆ ਕੋਈ ਸੌਖਾ ਨਹੀਂ ਹੈ। ਜ਼ਿੰਦਗੀ ਦੇ ਸ਼ੁਰੂ ਵਿਚ ਦੋਵੇਂ ਲਿੰਗਾਂ ਦੇ ਬੱਚਿਆਂ ਦਾ ਆਪਣੀ ਮਾਂ ਨਾਲ ਜ਼ਿਆਦਾ ਮਿਲਨ ਹੁੰਦਾ ਹੈ, ਇਸ ਕਰਕੇ ਲੜਕਿਆਂ ਨੂੰ ਮਰਦਾਨਵੇਂ ਰੋਲ ਵੱਲ ਤਬਦੀਲ ਕਰਨਾ ਚਾਹੀਦਾ ਹੈ। ਇਸ ਤਬਦੀਲੀ ਨੂੰ ਇਹ ਅਹਿਸਾਸ ਨਾਲ ਕਿ ਮਰਦਾਵਾਂ ਰੋਲ, ਮਹਾਨ ਪ੍ਰਭੂਸਤਾਵਾਂ ਵਿਚੋਂ ਇਕ ਹੈ, ਆਸਾਨ ਬਣਾਇਆ ਜਾ ਸਕਦਾ ਹੈ। ਲੜਕੀਆਂ ਦਾ ਰੋਲ ਵਿਰਾਸਤੀ ਹੀ ਘੱਟ ਸ਼ਕਤੀ ਵਾਲਾ ਹੁੰਦਾ ਹੈ ਪਰੰਤੂ ਇਸਦੀ ਪੂਰਤੀ ਔਰਤਾਂ ਦੇ ਲਿੰਗੀ ਵਿਵਹਾਰ ਵਿੱਚ ਜ਼ਿਆਦਾ ਵਿਸਥਾਰ ਖੇਤਰ ਨਾਲ ਹੋ ਜਾਂਦੀ ਹੈ।

### 2.2.3.3 ਮੁੱਢਲੇ ਵਿਕਾਸ ਸੰਬੰਧੀ ਪੜਾਅ (Early Development Stages):

ਫਰਾਇਡ ਨੇ ਸ਼ਖ਼ਸੀਅਤ ਦੇ ਵਿਕਾਸ ਲਈ ਕਈ ਪੜ੍ਹਾਅ ਦੱਸੇ ਹਨ ਜਿਨ੍ਹਾਂ ਵਿਚ ਮੌਖਿਕ (Oral), ਐਨਲ (Anal) ਅਤੇ ਲਿੰਗ ਸੰਬੰਧੀ (Phallic) ਮੁੱਢਲੇ ਪੜਾਅ ਹਨ। ਹਰ ਪੜ੍ਹਾਅ ਵਿਚ ਵਿਕਾਸ ਸੰਬੰਧੀ ਕੰਮ ਹੁੰਦਾ ਹੈ ਜੋ ਖਾਸ ਸਰੀਰਕ ਖੇਤਰ

ਵਿਚ ਸੰਬੰਧਤ ਹੁੰਦਾ ਹੈ। ਮੌਖਿਕ ਪੜਾਅ (Oral Stage) ਵਿਚ ਸਮੱਸਿਆ ਖੁਆਉਣ (Feeding) ਨਾਲ ਸੰਬੰਧਿਤ ਹੁੰਦੀ ਹੈ। ਐਨਲ ਪੜਾਅ (Anal Stage) ਵਿਚ ਬੱਚੇ ਨੂੰ ਸਰੀਰ ਸਿੰਗਾਰ (Toilet Training) ਸੰਬੰਧੀ ਟਰੇਨਿੰਗ ਹੋਣੀ ਚਾਹੀਦੀ ਹੈ। ਲਿੰਗ ਸੰਬੰਧੀ ਪੜਾਅ ਵਿਚ ਇਕ ਢੁਕਵਾਂ ਕਾਮ ਰੋਲ ਆਪਣਾ ਲੈਣਾ ਚਾਹੀਦਾ ਹੈ।

ਮੌਖਿਕ ਪੜ੍ਹਾਅ ਦੇ ਪਹਿਲੇ ਸਾਲ ਵਿਚ ਬੱਚੇ ਦੀ ਮੁੱਖ ਤ੍ਰਿਪਤੀ ਨਿੱਪਲ ਨੂੰ ਚੂਸਣ ਅਤੇ ਦੁੱਧ, ਭੋਜਨ ਲੈਣ ਨਾਲ ਹੁੰਦੀ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਜਿਸ ਢੰਗ ਨਾਲ ਬੱਚੇ ਦੀਆਂ ਇਹ ਲੋੜਾਂ ਪੂਰੀਆਂ ਹੁੰਦੀਆਂ ਹਨ, ਬਾਅਦ ਵਿਚ ਇਹ ਉਸਦੇ ਵਿਅਕਤੀਤਵ ਦੀਆਂ ਵਿਸ਼ੇਸ਼ਤਾਵਾਂ ਬਣ ਜਾਂਦੀਆਂ ਹਨ। ਇਸ ਸਿਧਾਂਤ ਦੇ ਅਨੁਸਾਰ ਜੇ ਬੱਚੇ ਨੂੰ ਦੁੱਧ ਇੱਕ ਦਮ ਖੁਸ਼ੀ ਨਾਲ ਮਿਲ ਜਾਵੇ, ਬੱਚੇ ਵਿਚ ਵਿਸ਼ਵਾਸ਼ ਅਤੇ ਆਸ਼ਾਵਾਦੀ ਵਿਹਾਰ ਦਾ ਵਿਕਾਸ ਹੁੰਦਾ ਹੈ, ਪਰੰਤੂ ਜੇ ਬੱਚੇ ਦੀ ਮੰਗ ਤੇ ਦੁੱਧ ਨਾ ਦਿੱਤਾ ਜਾਏ ਤਾਂ ਬੱਚੇ ਵਿਚ ਵਿਸ਼ਵਾਸ ਦੀ ਘਾਟ ਅਤੇ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਪੈਦਾ ਹੋ ਜਾਂਦਾ ਹੈ। ਬਾਅਦ ਵਿਚ ਇਹ ਗੁਣ ਹੱਦ ਤੋਂ ਜ਼ਿਆਦਾ ਖਾਣ ਪੀਣ ਦੀ ਆਦਤ ਵਿਚ ਤਬਦੀਲ ਹੋ ਸਕਦੇ ਹਨ, ਵਿਅੰਗ ਅਤੇ ਬਹਿਸ ਕਰਨ ਦੀ ਆਦਤ ਦਾ ਵਿਕਾਸ ਹੋ ਜਾਂਦਾ ਹੈ।

ਜ਼ਿੰਦਗੀ ਦੇ ਦੂਸਰੇ ਸਾਲ ਵਿਚ ਐਨਲ ਪੜ੍ਹਾਅ ਦੀ ਸ਼ੁਰੂਆਤ ਉਦੋਂ ਹੁੰਦੀ ਹੈ ਜਦੋਂ ਬੱਚੇ ਦਾ ਪਹਿਲੀਆਂ ਅਨਇੱਛਤ ਸ਼ੁੱਧ ਪ੍ਰਤੀਕ੍ਰਿਆਵਾਂ ਤੇ ਕੰਟਰੋਲ ਸ਼ੁਰੂ ਹੋ ਜਾਂਦਾ ਹੈ। ਇਸ ਸਿਧਾਂਤ ਦੇ ਅਨੁਸਾਰ, ਇਸ ਪੜਾਅ ਤੇ ਹੀ ਮਾਂ ਸਰੀਰ ਸਿੰਗਾਰ ਸੰਬੰਧੀ ਟਰੇਨਿੰਗ ਸ਼ੁਰੂ ਕਰਦੀ ਹੈ। ਇਸ ਤਰ੍ਹਾਂ ਬੱਚੇ ਦਾ ਅਨੁਸ਼ਾਸਨ ਅਤੇ ਅਧਿਕਾਰ ਪ੍ਰਤੀ ਪਹਿਲਾ ਟਾਕਰਾ ਹੁੰਦਾ ਹੈ। ਸਮੱਸਿਆ ਨੂੰ ਕਿਸ ਤਰੀਕੇ ਨਾਲ ਹੱਲ ਕੀਤਾ ਜਾਂਦਾ ਹੈ। ਇਸਦੇ ਆਧਾਰ ਤੇ ਬੱਚੇ ਵਿਚ ਖਾਸ ਸਥਾਈ ਅਤੇ ਅੜੀਅਲ ਜਾਂ ਬੇਤਰਤੀਬੀ ਅਤੇ ਗੰਦਗੀ ਦੀਆਂ ਆਦਤਾਂ ਵਿਕਸਿਤ ਹੁੰਦੀਆਂ ਹਨ।

ਤਿੰਨ ਤੋਂ ਛੇ ਸਾਲ ਦੀ ਉਮਰ ਤੱਕ ਬੱਚਾ ਲਿੰਗ ਸੰਬੰਧੀ ਪੜਾਅ ਤੇ ਪਹੁੰਚਦਾ ਹੈ ਜਿਸ ਵਿਚ ਬੱਚਾ ਜਣਨ ਸੰਬੰਧੀ ਅੰਗਾਂ ਤੋਂ ਤ੍ਰਿਪਤੀ ਖੋਜਦਾ ਹੈ ਅਤੇ ਹਸਤ-ਮੈਥਨ ਵਰਗੀਆਂ ਆਦਤਾਂ ਦਾ ਸ਼ਿਕਾਰ ਹੁੰਦਾ ਹੈ। ਇਸ ਪੜਾਅ ਦੇ ਸਭ ਤੋਂ ਵੱਧ ਵਰਤੇ ਜਾਣ ਵਾਲੇ ਦੋ ਤੱਥ ਹਨ

(1) ਈਡਿਪਸ ਗ੍ਰੰਥੀ ਜਿਸ ਵਿਚ ਪੁੱਤਰ ਮਾਂ ਵੱਲ ਅਤੇ

(2) ਇਲੈਕਟਰਾ ਗ੍ਰੰਥੀ-ਜਿਸ ਵਿਚ ਧੀ ਪਿਤਾ ਵੱਲ ਖਿੱਚ ਮਹਿਸੂਸ ਕਰਦੀ ਹੈ।

ਇਸ ਵਿਚ ਬੱਚਾ ਵਿਪਰਿਤ ਲਿੰਗ ਵੱਲ ਬਹੁਤ ਜ਼ਿਆਦਾ ਖਿੱਚ ਮਹਿਸੂਸ ਕਰਦਾ ਹੈ ਅਤੇ ਆਪਣੇ ਹੀ ਵੱਲ ਰੋਸ ਪ੍ਰਗਟ ਕਰਦਾ ਹੈ। ਜਿਵੇਂ ਜਿਵੇਂ ਬੱਚੇ ਦਾ ਵਿਕਾਸ ਹੁੰਦਾ ਹੈ ਉਹ ਈਡਿਪਸ ਅਤੇ ਇਲੈਕਟਰਾ ਗ੍ਰੰਥਾਂ ਵਿਚਲੇ ਸੰਘਰਸ਼ ਨੂੰ ਖਤਮ ਕਰਕੇ ਸਥਿਤੀ ਉਲਟ ਕਰ ਦਿੰਦਾ ਹੈ ਜਿਸ ਵਿਚ ਬੱਚਾ ਆਪਣੇ ਹੀ ਲਿੰਗ ਨਾਲ ਆਪਣੇ ਆਪ ਹੀ ਪਛਾਣ ਕਰਦਾ ਹੈ। ਇਸ ਪੜ੍ਹਾਅ ਤੇ ਪਛਾਣ ਸਟੇਜ ਬਹੁਤ ਮਹੱਤਵਪੂਰਣ ਹੈ। ਗਲਤ ਪਛਾਣ ਬਾਅਦ ਵਿਚ ਬੱਚੇ ਦੇ ਅਣਢੁੱਕਵੇਂ ਲਿੰਗ ਸੰਬੰਧੀ ਰੋਲ ਨੂੰ ਜਨਮ ਦਿੰਦੀ ਹੈ।

## ਵਿਕਾਸ ਦੀਆਂ ਉੱਤਰਕਾਲੀਨ ਅਵਸਥਾਵਾਂ

ਰਵਾਇਤੀ ਸਿਧਾਂਤ ਵਿਚ ਇਨ੍ਹਾਂ ਮੁੱਢਲੇ ਪੜ੍ਹਾਵਾਂ ਤੋਂ ਬਾਅਦ, ਲੁਪਤ ਅਵਸਥਾ (Latency Stage) ਦਾ ਪੜ੍ਹਾਅ ਆਉਂਦਾ ਹੈ ਜਿਸ ਵਿਚ ਲਿੰਗ ਸੰਬੰਧ ਰੁਚੀਆਂ ਨੂੰ ਦੂਸਰੀਆਂ ਕ੍ਰਿਆਵਾਂ ਦੇ ਪੱਖ ਤੋਂ ਨਕਾਰਾ ਕਰ ਦਿੱਤਾ ਜਾਂਦਾ ਹੈ। ਇਹ ਪੀਰੀਅਡ ਫਰਾਇਡ ਦੁਆਰਾ ਪ੍ਰਭਾਵਿਤ ਨਹੀਂ ਹੈ ਕਿਉਂਕਿ ਇਸ ਵਿਚ ਕਾਮੁਕ ਅਭਿਵਿਅਕਤੀ ਨਹੀਂ ਹੁੰਦੀ ਸਗੋਂ ਕੁਝ ਸੁਝਾਅ ਹੁੰਦੇ ਹਨ ਕਿ ਇਹ ਪੜ੍ਹਾਅ ਇਕ ਸਭਿਆਚਾਰਕ ਅਵਸਥਾ ਹੈ। ਸਾਡੇ ਸਮਾਜ ਵਿਚ ਸ਼ਾਇਦ ਇਹ ਕਲਪਨਾ ਕਲਪਨਾ ਸ਼ਕਤੀ ਅਤੇ ਹੱਥ ਰਸੀਆਂ ਕ੍ਰਿਆਵਾਂ ਦੇ ਰੂਪ ਵਿਚ ਪ੍ਰਗਟ ਹੋਣ।

ਕਿਸ਼ੋਰ ਅਵਸਥਾ ਦੇ ਆਰੰਭ ਵਿਚ ਜਣਨ ਇੰਦਰੀ ਸੰਬੰਧੀ ਪੜ੍ਹਾਅ ਸ਼ੁਰੂ ਹੋ ਜਾਂਦਾ ਹੈ। ਇਸ ਪੜ੍ਹਾਅ ਵਿਚ ਕਾਮੁਕ ਰੁਚੀਆਂ ਦੀ ਦੁਬਾਰਾ ਜਾਗ੍ਰਿਤੀ ਹੋ ਜਾਂਦੀ ਹੈ ਅਤੇ ਵਿਅਕਤੀ ਆਪਣੀ ਕਾਮੁਕ ਸੰਤੁਸ਼ਟੀ ਨੂੰ ਪੂਰਾ ਕਰਨ ਲਈ ਦੂਸਰੇ ਲੋਕਾਂ ਦਾ ਸਹਾਰਾ ਭਾਲਦਾ ਹੈ। ਇਸ ਤਰ੍ਹਾਂ ਵਿਅਕਤੀ ਸਵੈ-ਕੇਂਦਰਿਤ ਅਤੇ ਦੂਸਰਿਆਂ ਪ੍ਰਤੀ ਕੇਂਦਰਿਤ ਹੋ ਜਾਂਦਾ ਹੈ। ਉਹ ਆਪਣੀਆਂ ਰੁਚੀਆਂ ਨੂੰ ਦੂਸਰੇ ਵਿਅਕਤੀ ਦੀਆਂ ਰੁਚੀਆਂ ਨਾਲ ਜੋੜਦਾ ਹੈ। ਉਹ ਵਿਵਸਥਿਤ ਸਮਾਜਿਕ ਗਰੁੱਪ ਵਿੱਚ ਆਪਣੀ ਰੁਚੀ ਪੈਦਾ ਕਰਦਾ ਹੈ। ਆਰੰਭ ਵਿਚ ਜੇ ਵਿਕਾਸ ਠੀਕ ਹੋ ਜਾਵੇ ਤਾਂ ਬਾਅਦ ਵਿਚ ਉਹ ਪ੍ਰਮੁੱਖ ਸਮਾਜਿਕ ਅਤੇ ਸਭਿਆਚਾਰਕ ਕ੍ਰਿਆਵਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੰਦਾ ਹੈ। ਬਚਪਨ ਦੀਆਂ ਕਮੀਆਂ

ਜੇ ਬੇਕਾਬੂ ਨਾ ਹੋਣ ਤਾਂ ਵਿਅਕਤੀਆਂ ਦਾ ਦੂਸਰਿਆਂ ਨਾਲ ਸੰਬੰਧ ਬੜਾ ਮਜ਼ਬੂਤ ਬਣ ਜਾਂਦਾ ਹੈ ਅਤੇ ਉਸ ਵਿਚ ਨਿਰਭਰਤਾ ਦਾ ਵਿਕਾਸ ਹੁੰਦਾ ਹੈ।

### 2.2.3.4 ਅਚੇਤਨਤਾ ਦੀ ਮਹੱਤਤਾ (Importance of Unconscious):

ਫਰਾਇਡ ਅਨੁਸਾਰ, ਮਾਨਸਿਕ ਜ਼ਿੰਦਗੀ ਦੀ ਜਾਗਰੁਕਤਾ ਦੇ ਤਿੰਨ ਪੱਧਰ ਹਨ। ਪਹਿਲੇ ਚੇਤਨ ਪੱਧਰ (Conscious level) ਤੇ ਉਹ ਸਾਰੇ ਅਨੁਭਵ ਹੁੰਦੇ ਹਨ ਜਿਨ੍ਹਾਂ ਬਾਰੇ ਵਿਅਕਤੀ ਹਰ ਸਮੇਂ ਜਾਗਰੂਪ ਹੁੰਦਾ ਹੈ। ਇਸ ਵਿਚ ਉਸਦੇ ਵਰਤਮਾਨ ਵਿਚਾਰ ਅਤੇ ਅਨੁਭਵ ਸ਼ਾਮਲ ਹੁੰਦੇ ਹਨ। ਇਸ ਪੱਧਰ ਤੋਂ ਹੇਠਾਂ ਵਿਚਾਰਾਂ ਅਤੇ ਅਨੁਭਵਾਂ ਦੀ ਉਹ ਸੀਮਾ ਰੇਖਾ ਹੁੰਦੀ ਹੈ ਜਿਸ ਵਿਚ ਕਿਸੇ ਮੌਕੇ ਤੇ ਉਸਦੇ ਵਿਚਾਰ ਮੌਜੂਦ ਨਹੀਂ ਹੁੰਦੇ ਪਰੰਤੂ ਥੋੜ੍ਹੀ ਜਿਹੀ ਕੋਸ਼ਿਸ਼ ਦੇ ਬਾਅਦ ਯਾਦ ਕੀਤੇ ਜਾ ਸਕਦੇ ਹਨ। ਇਸ ਪੱਧਰ ਨੂੰ ਅਰਧ ਚੇਤਨ (Pre-conscious) ਪੱਧਰ ਕਿਹਾ ਜਾਂਦਾ ਹੈ। ਮੰਨ ਲਓ ਕਿਸੇ ਕਾਲਜ ਵਿਦਿਆਰਥੀ ਨੂੰ ਉਸਦੇ ਸਕੂਲ ਦੇ ਛੇਵੀਂ ਕਲਾਸ ਦੇ ਟੀਚਰ ਦਾ ਨਾਮ ਪੁੱਛਿਆ ਜਾਂਦਾ ਹੈ। ਉਸ ਦਾ ਜਵਾਬ ਥੋੜੀ ਜਿਹੀ ਕੋਸ਼ਿਸ਼ ਕਰਨ ਦੇ ਬਾਅਦ ਅਰਧ ਚੇਤਨ ਮਨ ਵਿਚੋਂ ਆਏਗਾ। ਉਹ ਭਾਵਨਾ ਜੋ ਹਮੇਸ਼ਾ ਤੁਹਾਡੀ ਜ਼ੁਬਾਨ ਤੇ ਰਹਿੰਦੀ ਹੈ, ਅਰਧ ਚੇਤਨ ਖੇਤਰ ਦੀ ਉਦਾਹਰਣ ਹੈ। ਅਚੇਤਨ ਪੱਧਰ (Unconscious) ਤੇ ਸਮੱਗਰੀ ਚੇਤਨ, ਅਰਧ ਚੇਤਨ ਅਤੇ ਅਚੇਤਨ ਪੱਧਰ ਦਿਖਾਏ ਗਏ ਹਨ :

ਫਰਾਇਡ ਨੇ ਇਹ ਵੇਖਿਆ ਹੈ ਕਿ ਵਿਅਕਤੀ ਦੇ ਵਿਵਹਾਰ ਨੂੰ ਨਿਰਧਾਰਤ ਕਰਨ ਲਈ ਅਚੇਤ ਮਨ ਬਹੁਤ ਕੰਮ ਕਰਦਾ ਹੈ। ਫਰਾਇਡ ਨੇ ਵੇਖਿਆ ਅਚੇਤ ਮਨ ਵਿਚਲੇ ਛੁਪੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਰੋਗੀ ਦਾ ਵਿਅਕਤੀਆ ਨੂੰ ਖੁਲ੍ਹੀ ਤਰ੍ਹਾਂ ਆਪਣੇ ਮਨ ਦੇ ਵਿਚਾਰ ਪ੍ਰਗਟ ਕਰਨ ਲਈ ਉਤਸ਼ਾਹ ਦੇਣ ਵਾਲਾ ਵਿਅਕਤੀ ਆਪਣੇ ਆਪ ਹੀ ਆਪਣੀਆਂ ਸਮੱਸਿਆਵਾਂ ਬਾਰੇ ਦੱਸਣ ਲਗ ਜਾਂਦਾ ਹੈ। ਇਸ ਢੰਗ ਨੂੰ ਮੁਕਤ-ਸਹਿਚਾਰਤਾ (Free Association) ਦਾ ਨਾਂ ਦਿੱਤਾ ਗਿਆ ਹੈ। ਰੋਗੀ ਜੋ ਕੁਝ ਵੀ ਆਪਣੇ ਬਾਰੇ ਦੱਸਦਾ ਸੀ, ਉਸਦੀ ਵਿਆਖਿਆ ਅਤੇ ਵਿਸ਼ਲੇਸ਼ਣ ਲਈ ਵਰਤੇ ਗਏ ਸਿਧਾਂਤਾਂ ਅਤੇ ਉਸਦੇ ਸਮਾਯੋਜਨ ਨੂੰ ਮਨੋਵਿਸ਼ਲੇਸ਼ਣ (Psychoanalysis) ਦਾ ਨਾਂ ਦਿੱਤਾ ਗਿਆ। ਇਸ ਖੇਤਰ ਵਿਚ ਫਰਾਇਡ ਕੁਝ ਸਿੱਟਿਆਂ ਤੇ ਪਹੁੰਚਿਆਂ ਕਿ :

(1) ਵਿਅਕਤੀ ਦਾ ਬਹੁਤ ਸਾਰਾ, ਵਿਵਹਾਰ ਉਸ ਦੀਆਂ ਅਚੇਤ, ਮਾਨਸਿਕ ਕ੍ਰਿਆਵਾਂ ਤੋਂ ਉਪਜਦਾ ਹੈ।

(2) ਵਿਅਕਤੀ ਦੇ ਸਮਾਯੋਜਨ ਜਾਂ ਅਪਸਮਾਯੋਜਨ ਲਈ ਵਿਅਕਤੀ ਦੇ ਬਚਪਨ ਦੇ ਅਨੁਭਵ ਮਹੱਤਵਪੂਰਨ ਹੁੰਦੇ ਹਨ ਅਤੇ

(3) ਮਾਨਸਿਕ ਰੋਗਾਂ ਵਿਚ ਕਾਮਿਕ ਤਰੁੱਟੀਆਂ ਦੇ ਕਾਰਨ ਬਹੁਤ ਮਹੱਤਵਪੂਰਨ ਰੱਖਦੇ ਹਨ।

ਫਰਾਇਡ ਅਨੁਸਾਰ ਕਈ ਕਾਮ ਰੁਚੀਆਂ ਦੀ ਸਮਾਜ ਵਿਚ ਤ੍ਰਿਪਤੀ ਨਹੀਂ ਹੋ ਸਕਦੀ। ਇਹ ਰੁਚੀਆਂ ਫਿਰ ਅਚੇਤ ਮਨ ਵਿਚ ਚਲੀਆਂ ਜਾਂਦੀਆਂ ਹਨ। ਉਥੇ ਵੀ ਉਹ ਟਿਕੀ ਨਹੀਂ ਰਹਿੰਦੀਆਂ ਅਤੇ ਪ੍ਰਗਟ ਹੋਣ ਲਈ ਜ਼ੋਰ ਲਾਉਂਦੀਆਂ ਰਹਿੰਦੀਆਂ ਹਨ। ਵਿਅਕਤੀ ਦੇ ਮਨ ਦਾ ਇਕ ਭਾਗ ਇਨ੍ਹਾਂ ਨੂੰ ਪ੍ਰਗਟ ਹੋਣੋ ਰੋਕਦਾ ਰਹਿੰਦਾ ਹੈ। ਫਿਰ ਇਹ ਆਪਣੇ ਆਪ ਨੂੰ ਛਿਪਾ ਕੇ ਲੱਛਣਾਂ ਦੇ ਰੂਪ ਵਿਚ ਸੁਚੇਤ ਮਨ ਵਿਚ ਆ ਜਾਂਦੀਆਂ ਹਨ। ਇਸ ਤਰ੍ਹਾਂ ਮਾਨਸਿਕ ਲੱਛਣ ਸਰੀਰਕ ਲੱਛਣਾਂ ਦੇ ਰੂਪ ਵਿਚ ਪ੍ਰਗਟ ਹੋਣ ਲੱਗ ਜਾਂਦੇ ਹਨ।

### 2.2.3.5ਸੁਰੱਖਿਆ ਕਿਰਿਆ ਵਿਧੀ (Defence Mechanisms):

ਬਹੁਤ ਵਾਰੀ ਸੰਘਰਸ਼, ਨਿਰਾਸ਼ਤਾ ਅਤੇ ਹੀਨਤਾ ਦੀਆਂ ਭਾਵਨਾਵਾਂ ਦਾ ਹੱਲ ਲੱਭਣਾ ਸੁਖਾਲਾ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਵਿਅਕਤੀ ਦੇ ਮਨ ਵਿਚ ਹਮੇਸ਼ਾ ਤਣਾਓ ਰਹਿੰਦਾ ਹੈ ਅਤੇ ਉਹ ਹਰ ਸਮੇਂ ਅਪ੍ਰਸੰਨ ਰਹਿੰਦਾ ਹੈ। ਇਸ ਸਥਿਤੀ ਤੋਂ ਬਚਣ ਲਈ ਉਹ ਸੁਰੱਖਿਆ ਕ੍ਰਿਆ ਵਿਧੀਆਂ ਦਾ ਸਹਾਰਾ ਲੈਂਦਾ ਹੈ ਅਤੇ ਇਨ੍ਹਾਂ ਰਾਹੀਂ ਉਹ ਨਿਰਾਸ਼ਤਾ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਸਾਧਾਰਨ ਵਿਅਕਤੀ ਵੀ ਇਨ੍ਹਾਂ ਸੁਰੱਖਿਆ ਕ੍ਰਿਆ ਵਿਧੀਆਂ ਦਾ ਸਹਾਰਾ ਲੈਂਦੇ ਹਨ ਪਰ ਜੇ ਇਨ੍ਹਾਂ ਨੂੰ ਅੱਤ ਦੀ ਸਥਿਤੀ ਤੱਕ ਲਿਜਾਇਆ ਜਾਵੇ ਤਾਂ ਵਿਅਕਤੀ ਦਾ ਵਿਹਾਰ ਮਨ ਸੰਤਾਪੀ ਅਤੇ ਮਨੋ-ਰੋਗੀ ਹੋ ਜਾਂਦਾ ਹੈ। ਹੇਠਾਂ ਕੁਝ ਸੁਰੱਖਿਆ ਕ੍ਰਿਆ ਵਿਧੀਆਂ ਦਾ ਸੰਖੇਪ ਜਿਹਾ ਵਰਣਨ ਕੀਤਾ ਜਾਂਦਾ ਹੈ। ਸਿਧਾਂਤਕ ਤੌਰ ਤੇ ਇਹ ਕ੍ਰਿਆ ਵਿਧੀਆਂ ਫਰਾਇਡ ਦੀ ਲੜਕੀ ਅਨਾ ਫਰਾਇਡ (Ana

Freud) ਦੁਆਰਾ ਦੱਸੀਆਂ ਗਈਆਂ ਹਨ।

### (i) ਪ੍ਰਖੇਪਣ (Projection) :

ਪ੍ਰੇਖਪਣ ਤੋਂ ਭਾਵ ਦੂਜਿਆਂ ਦੇ ਅਯੋਗ ਵਿਹਾਰ, ਲੱਛਣ ਜਾਂ ਤਰੁੱਟੀਆਂ ਨੂੰ ਪਰਖਣਾ ਜਾਂ ਦੂਜਿਆਂ ਦਾ ਉਨ੍ਹਾਂ ਉਪਰ ਧਿਆਨ ਦਿਵਾਉਣਾ ਹੈ ਤਾਂ ਕਿ ਉਹ ਉਸ ਦੀਆਂ ਆਪਣੀਆਂ ਤਰੁੱਟੀਆਂ ਵੱਲ ਧਿਆਨ ਹੀ ਨਾ ਦੇਣ। ਇਸ ਤਰ੍ਹਾਂ ਵਿਅਕਤੀ ਦੂਜਿਆਂ ਦੇ ਵਿਵਹਾਰ ਦੀਆਂ ਉਨ੍ਹਾਂ ਤਰੁੱਟੀਆਂ ਤੇ ਨੁਕਤਾਚੀਨੀ ਕਰਦਾ ਰਹਿੰਦਾ ਹੈ ਜਿਹੜੀਆਂ ਉਸਦੇ ਆਪਣੇ ਵਿਵਹਾਰ ਵਿਚ ਹੁੰਦੀਆਂ ਹਨ। ਅਜਿਹਾ ਵਿਅਕਤੀ ਦੂਜਿਆਂ ਨੂੰ ਨੀਵਾਂ ਦਿਖਾ ਕੇ ਆਪਣਾ ਪੱਧਰ ਕਾਇਮ ਕਰਨ ਦਾ ਯਤਨ ਕਰਦਾ ਹੈ। ਉਦਾਹਰਣ ਦੇ ਤੌਰ ਤੇ ਜਿਹੜਾ ਵਿਦਿਆਰਥੀ ਪ੍ਰੀਖਿਆ ਵਿਚ ਅਸਫਲ ਰਹਿੰਦਾ ਹੈ, ਉਹ ਇਹ ਕਹਿੰਦਾ ਹੈ ਕਿ ਪੇਪਰ ਬਹੁਤ ਕਠਿਨ ਸੀ।

### (ii) ਦਮਨ (Repression) :

ਦੁਖਦਾਈ ਅਨੁਭਵਾਂ ਨੂੰ ਭੁਲਣ ਲਈ ਵਿਅਕਤੀ ਇਨ੍ਹਾਂ ਨੂੰ ਆਪਣੇ ਮਨ ਵਿਚੋਂ ਕੱਢ ਦਿੰਦਾ ਹੈ ਅਤੇ ਉਹ ਵਿਅਕਤੀ ਦੇ ਅਚੇਤ ਮਨ ਦਾ ਭਾਗ ਬਣ ਜਾਂਦੇ ਹਨ। ਫਿਰ ਉਹ ਵਿਅਕਤੀ ਉਸ ਘਟਨਾ ਵਲੋਂ ਅਣਗੋਲਾ ਹੋ ਜਾਂਦਾ ਹੈ ਜਿਹੜੀ ਉਨ੍ਹਾਂ ਅਨੁਭਵਾਂ ਨੂੰ ਯਾਦ ਕਰਾਏ। ਪਰੰਤੂ ਦਮਨ ਨੀਤੀ ਸੰਵੇਗੀ ਭੇਸ ਬਦਲ ਕੇ ਪ੍ਰਗਟ ਹੁੰਦੇ ਰਹਿੰਦੇ ਹਨ। ਭੈ, ਬੰਧਨ, ਮਨੋਗ੍ਰਸਤਤਾ ਦਮਨ ਸੰਵੇਗੀ ਅਨੁਭਵਾਂ ਕਾਰਨ ਹੀ ਹੁੰਦੇ ਹਨ।

### (iii) ਪ੍ਰਤਿਗਮਨ (Regression)

ਕਿਸੇ ਸਮੱਸਿਆ ਨੂੰ ਅੱਖੋਂ ਓਹਲੇ ਕਰਕੇ ਘਟੀਆਂ ਪ੍ਰਕਾਰ ਦਾ ਜਾਂ ਬੱਚਿਆਂ ਵਾਲਾ ਵਿਵਹਾਰ ਕਰਨ ਨੂੰ ਪ੍ਰਤੀਗਮਨ ਕਿਹਾ ਜਾਂਦਾ ਹੈ। ਵਿਅਕਤੀ ਰੋਗੀ ਹੋਣ ਦਾ ਬਹਾਨਾ ਕਰਦਾ ਹੈ ਕਿਉਂਕਿ ਰੋਗੀਆਂ ਪਾਸੋਂ ਕਠਿਨ ਸਥਿਤੀ ਵਿਚ ਕੰਮ ਕਰਨ ਦੀ ਆਸ ਨਹੀਂ ਕੀਤੀ ਜਾਂਦੀ। ਜਦੋਂ ਸਾਹਮਣੇ ਆਈਆਂ ਮੁਸ਼ਕਲਾਂ ਨੂੰ ਵਿਅਕਤੀ ਨਹੀਂ ਸਿਝ ਸਕਦਾ ਤਾਂ ਉਹ ਰੋਣਾ, ਬਿਮਾਰੀ ਦਾ ਬਹਾਨਾ, ਖਰਮਸਤ ਮਿਜਾਜ਼ੀ ਵਿਖਾਣ ਅਤੇ ਹੋਰ ਕਈ ਪ੍ਰਕਾਰ ਦੇ ਬੱਚਿਆਂ ਸਮਾਨ ਵਿਵਹਾਰ ਕਰਨ ਲੱਗ ਪੈਂਦਾ ਹੈ। ਜਿਹੜਾ ਵਿਅਕਤੀ ਇਸੇ ਕਰਕੇ ਪ੍ਰੀਖਿਆ ਨਹੀਂ ਦਿੰਦਾ ਕਿ ਉਹ ਬਿਮਾਰ ਸੀ ਤਾਂ ਉਹ ਪ੍ਰੀਖਿਆ ਤੋਂ ਬਚਨ ਲਈ ਇਹ ਬਹਾਨਾ ਬਣਾਉਂਦਾ ਹੈ। ਘਰ ਛੱਡ ਕੇ ਜਾਣ ਦੀ ਧਮਕੀ ਜਾਂ ਬੋਲਚਾਲ ਬੰਦ ਕਰ ਦੇਣੀ ਵੀ ਇਸੇ ਪ੍ਰਕਾਰ ਦੇ ਬੱਚਿਆਂ ਵਾਲੇ ਵਿਵਹਾਰ ਹਨ। ਕਠਿਨ ਸਮੱਸਿਆਂ ਤੋਂ ਬਚਣ ਲਈ ਕਈ ਵਾਰ ਬਾਲਗ ਵੀ ਅਜਿਹੇ ਵਿਵਹਾਰ ਆਪਣਾ ਲੈਂਦੇ ਹਨ।

### (iv) ਯੁਕਤਕਰਨ (Rationalization) :

ਯੁਕਤਕਰਨ ਤੋਂ ਭਾਵ ਆਪਣੇ ਵਿਵਹਾਰ ਵਿਸ਼ਵਾਸ਼ ਲਈ ਅਜਿਹੇ ਕਾਰਨ ਦੱਸਣੇ ਜਿਹੜੇ ਉਸ ਵਿਵਹਾਰ ਦੇ ਅਸਲੀ ਕਾਰਨ ਨਹੀਂ ਹੁੰਦੇ। ਵਿਅਕਤੀ ਆਪਣੀਆਂ ਭਾਵਨਾਵਾਂ ਨੂੰ ਛਿਪਾਉਣ ਲਈ ਅਜਿਹੇ ਕਾਰਨ ਦਿੰਦਾ ਹੈ ਜੋ ਸਮਾਜ ਦੁਆਰਾ ਪ੍ਰਵਾਨ ਹੋਣ ਤੇ ਬਹੁਤ ਵਾਰੀ ਉਹ ਆਪ ਵੀ ਆਪਣੇ ਉਦਾਹਰਣ ਹੈ।

### (v) ਉਤਦੀਕਰਨ (Sublimation) :

ਜਦੋਂ ਵਿਅਕਤੀ ਨੂੰ ਇਕ ਪਾਸੇ ਨਿਰਾਸ਼ਤਾ ਹੁੰਦੀ ਹੈ ਤਾਂ ਉਹ ਆਪਣੀ ਸ਼ਕਤੀ ਨੂੰ ਕਿਸੇ ਸਮਾਜ ਪ੍ਰਵਾਨਤ ਕੰਮ ਵਿਚ ਲਾ ਕੇ ਸਫਲਤਾ ਪ੍ਰਾਪਤ ਕਰ ਲੈਂਦਾ ਹੈ। ਆਪਣੀਆਂ ਕਾਮ ਵਾਸ਼ਨਾ ਨੂੰ ਦਬਾ ਕੇ ਜਵਾਨ ਮੁੰਡੇ ਕੁੜੀਆਂ ਨਾਂਚ, ਗਾਣਿਆਂ ਅਤੇ ਕਲਾ ਦੇ ਖੇਤਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ।

### (vi) ਵਿਘਟਨ (Dissociation) :

ਕਈ ਵਾਰ ਵਿਅਕਤੀ ਕਠਿਨ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਇਸ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ ਜਾਂ ਉਸ ਨੂੰ ਆਪਣੇ ਚੇਤਨ ਮਨ ਵਿਚੋਂ ਬਿਲਕੁਲ ਨਿਖੇੜ ਦਿੰਦਾ ਹੈ। ਆਪਣੇ ਚੇਤਨ ਮਨ ਤੋਂ ਕੱਢ ਕੇ ਉਹ ਉਸ ਦੇ ਦੁਖਾਵੇਂ ਨਤੀਜਿਆਂ ਤੋਂ ਬਚਣਾ ਚਾਹੁੰਦਾ ਹੈ ਤੇ ਕੋਈ ਉਪਰਾਲਾ ਕਰਦਾ ਹੈ। ਇਸ ਤਰ੍ਹਾਂ ਉਹ ਆਪਣੇ ਜੀਵਨ ਦੀਆਂ ਦੁਖਦਾਈ ਘਟਨਾਵਾਂ ਭੁੱਲ ਜਾਂਦਾ ਹੈ। ਇਸ ਪ੍ਰਕਾਰ ਦੇ ਵਿਘਟਨ ਦੇ ਕਈ ਪੱਧਰ ਹੁੰਦੇ ਹਨ। ਦੂਹਰਾ ਵਿਅਕਤੀਤਵ, ਯਾਦ-ਹੀਨਤਾ, ਵਿਸਰਨ-ਕਾਲ, ਅਧਰੰਗ ਵਿਘਟਨ ਦੀਆਂ ਹੀ ਕਿਸਮਾਂ ਹਨ।

ਜਿਵੇਂ ਜਿਵੇਂ ਫਰਾਇਡ ਦੇ ਕੰਮ ਨੂੰ ਮਹੱਤਤਾ ਮਿਲਣ ਲੱਗੀ ਉਸ ਨਾਲ ਬਹੁਤ ਸਾਰੇ ਸਾਥੀਆਂ ਨੇ ਮਿਲ ਕੇ ਕੰਮ ਕਰਨਾ ਸ਼ੁਰੂ ਕਰ

ਦਿੱਤਾ ਪਰ ਫਰਾਇਡ ਦੇ ਸਿਧਾਂਤਾਂ ਤੇ ਕਾਫੀ ਨੁਕਤਾਚੀਨੀ ਵੀ ਹੋਈ। ਵਿਸ਼ੇਸ਼ ਕਰਕੇ ਕਾਮ ਰੁਚੀਆਂ ਨੂੰ ਬਹੁਤੀ ਮਹੱਤਤਾ ਦੇਣ ਕਾਰਣ ਬਹੁਤ ਲੋਕੀ ਉਸਦੇ ਵਿਰੁੱਧ ਹੋ ਗਏ। ਇਸ ਦੇ ਬਾਵਜੂਦ ਮਨੋਵਿਗਿਆਨ ਖੇਤਰ ਵਿਚ ਕਿਸੇ ਹੋਰ ਵਿਗਿਆਨ ਦਾ ਫਰਾਇਡ ਜਿੰਨਾ ਪ੍ਰਭਾਵ ਨਹੀਂ ਪਿਆ।

**2.2.4 ਆਲਪੋਰਟ ਦਾ ਵਿਸ਼ਿਸ਼ਟਤਾ ਜਾਂ ਵਿਅਕਤੀਗਤਤਾ ਦਾ ਸਿਧਾਂਤ (Allport's Trait or Personalism Theory)**: ਆਲਪੋਰਟ ਦਾ ਵਿਅਕਤੀਗਤਤਾ ਦਾ ਸਿਧਾਂਤ ਸ਼ਖ਼ਸੀਅਤ ਦੇ ਪ੍ਰਮੁੱਖ ਸਿਧਾਂਤਾਂ ਵਿਚੋਂ ਹੈ। ਇਸ ਸਿਧਾਂਤ ਵਿਚ ਬਹੁਤ ਸਾਰੇ ਤੱਥ ਅਜਿਹੇ ਹਨ ਜੋ ਜਾਂ ਤਾਂ ਉਧਾਰ ਲਏ ਗਏ ਹਨ ਜਾਂ ਸ਼ਖ਼ਸੀਅਤ ਦੇ ਦੂਸਰੇ ਸਿਧਾਂਤਾਂ ਦੇ ਸਮਰੂਪ ਹਨ। ਉਸਨੇ ਵਿਅਕਤੀਗਤਤਾ ਅਤੇ ਵਿਅਕਤੀ ਦੇ ਅਨੋਖੇਪਨ ਤੇ ਜ਼ੋਰ ਦਿੱਤਾ। ਇਸ ਲਈ ਉਸ ਉਤੇ ਮਾਨਵਵਾਦੀ ਸਿਧਾਂਤਕਾਰ ਦਾ ਲੇਬਲ ਲਗ ਗਿਆ। ਪਰੰਤੂ ਵਿਅਕਤੀ ਦੀ ਵਿਸ਼ਿਸ਼ਟਤਾ ਦੇ ਸਰੂਪ ਗਿਣਤੀ ਅਤੇ ਮੁਲਾਂਕਣ ਤੇ ਦਿੱਤੇ ਗਏ ਜ਼ੋਰ ਕਾਰਨ ਉਸਨੂੰ ਵਿਸ਼ਿਸ਼ਟਤਾ ਸਿਧਾਂਤ ਕਿਹਾ ਜਾਣ ਲੱਗਿਆ। ਉਸਨੇ ਸ਼ਖ਼ਸੀਅਤ ਪ੍ਰਤੀ ਅਜਿਹੀ ਧਾਰਣਾ ਦਾ ਵਿਕਾਸ ਕੀਤਾ ਜਿਸ ਵਿਚ ਅਲੱਗ-ਅਲੱਗ ਸਿਧਾਂਤਕ ਪੱਖਾਂ ਦੇ ਸਾਕਾਰਤਮਕ ਪਹਿਲੂਆਂ ਤੇ ਜ਼ੋਰ ਦਿੱਤਾ ਗਿਆ। ਉਹ ਭੂਤਕਾਲ ਨਾਲੋਂ ਵਰਤਮਾਨ ਵਿਵਹਾਰ ਦੇ ਚੇਤਨ ਨਿਰਧਾਰਕਾਂ, ਚੇਤਨ ਪ੍ਰੇਰਨਾ, ਸਵੈ ਅਤੇ ਹਉਮੈਂ ਨਾਲ ਸੰਬੰਧਿਤ ਸੀ। ਉਹ ਵਿਅਕਤੀ ਨੂੰ ਸਮਕਾਲੀ ਕਾਰਕਾਂ ਦੁਆਰਾ ਸਥਿਰ ਅਤੇ ਮਜ਼ਬੂਤ ਬਣਾਉਣਾ ਚਾਹੀਦਾ ਸੀ।

### ਸ਼ਖ਼ਸੀਅਤ ਦੀ ਪਰਿਭਾਸ਼ਾ (Definition of Personality) :

ਗੋਲਡਨ ਆਲਪੋਰਟ ਸਭ ਤੋਂ ਪ੍ਰਭਾਵਸ਼ਾਲੀ ਵਿਸ਼ਿਸ਼ਟ ਸਿਧਾਂਤਵਾਦੀ (Trait Theorist) ਹੈ ਕਿਉਂਕਿ ਸ਼ਖ਼ਸੀਅਤ ਦੀਆਂ ਪਰਿਭਾਸ਼ਾਵਾਂ ਦੀ ਤੁਲਨਾ ਬਾਰੇ ਪ੍ਰਾਪਤ ਜਾਣਕਾਰੀ ਦਾ ਉਹ ਜ਼ਿੰਮੇਵਾਰ ਸੀ। ਸ਼ਖ਼ਸੀਅਤ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦੇ ਵਿਸਤਾਰ ਸਾਰ ਅਤੇ ਆਲੋਚਨਾ ਤੋਂ ਬਾਅਦ ਆਲਪੋਰਟ ਨੇ ਉਨ੍ਹਾਂ ਪਰਿਭਾਸ਼ਾਵਾਂ ਦੇ ਵਧੀਆਂ ਤੱਤਾਂ ਨੂੰ ਇਕੱਠਾ ਕਰਕੇ ਅਤੇ ਪ੍ਰਮੁੱਖ ਕਮੀਆਂ ਨੂੰ ਨਜ਼ਰਅੰਦਾਜ ਕਰਕੇ ਇਕ ਨਵੀਂ ਢੁਕਵੀਂ ਪਰਿਭਾਸ਼ਾ ਦੇਣ ਦਾ ਯਤਨ ਕੀਤਾ। ਆਲਪੋਰਟ ਦੀ ਸ਼ਖ਼ਸੀਅਤ ਪ੍ਰਤੀ ਧਾਰਣਾ ਵਿਚ ਉਸਦੀ ਪੂਰੀ ਜ਼ਿੰਦਗੀ ਦੌਰਾਨ ਕੋਈ ਤਬਦੀਲੀ ਨਹੀਂ ਆਈ। ਉਸ ਦੀ ਸਭ ਤੋਂ ਵਧੀਆਂ ਸ਼ਖ਼ਸੀਅਤ ਦੀ ਪਰਿਭਾਸ਼ਾ 1961 ਵਿਚ ਆਈ ਜੋ ਉਸਦੇ ਵਿਵਹਾਰ ਅਤੇ ਵਿਚਾਰਾਂ ਦੇ ਵਿਸ਼ੇਸ਼ ਲੱਛਣਾਂ ਨੂੰ ਨਿਰਾਧਾਰਤ ਕਰਦੇ ਹਨ। "Personality is the dynamic organization within the individual of those psychological systems that determine his characteristic behaviour and thought" (Allport, 1961).

ਗਤੀਸ਼ੀਲ ਸੰਗਠਨ ਦਾ ਮਤਲਬ ਹੈ ਕਿ ਸ਼ਖ਼ਸੀਅਤ ਲਗਾਤਾਰ ਬਦਲਦੀ ਅਤੇ ਵਿਕਸਿਤ ਹੁੰਦੀ ਰਹਿੰਦੀ ਹੈ ਪਰੰਤੂ ਇਸੇ ਸਮੇ ਇਕ ਸੰਗਠਨ ਜਾਂ ਸਿਸਟਮ ਵੀ ਹੈ ਜੋ ਸ਼ਖ਼ਸੀਅਤ ਦੇ ਵੱਖ-ਵੱਖ ਭਾਗਾਂ ਨੂੰ ਜੋੜਦਾ ਹੈ। ਮਨੋ-ਸ਼ਰੀਰਕ ਦਾ ਮਤਲਬ ਹੈ ਕਿ ਸ਼ਖ਼ਸੀਅਤ ਨਾ ਕੇਵਲ ਮਾਨਸਿਕ ਹੈ ਅਤੇ ਨਾ ਹੀ ਕੇਵਲ ਸਰੀਰਕ ਸਗੋਂ ਇਹ ਮਨ ਅਤੇ ਸਰੀਰ ਦੋਵਾਂ ਦਾ ਸੁਮੇਲ ਹੈ।

### 2.2.4.1 ਗੁਣ ਅਤੇ ਰੁਚੀਆਂ (Traits and Dispositions):

ਆਲਪੋਰਟ ਦੇ ਕੈਰੀਅਰ ਵਿਚ ਉਸ ਦੁਆਰਾ ਦਿੱਤੀ ਗਈ ਗੁਣਾਂ ਦੀ ਪਰਿਭਾਸ਼ਾ ਅਤੇ ਸਰੂਪ ਵਿਚ ਕਈ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਆਲਪੋਰਟ (1961) ਅਨੁਸਾਰ ਗੁਣ (Traits) ਇਕ ਮਨੋ ਸਰੀਰਕ ਢਾਂਚਾ ਹੈ। ਜਿਸ ਵਿਚ ਕਈ ਉਤੇਜਕਾਂ ਨੂੰ ਬਰਾਬਰ ਕ੍ਰਿਆਸ਼ੀਲ ਪੇਸ਼ ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਲਈ ਗੁਣ ਇਕ ਨਿਰਣਾਇਕ ਪ੍ਰਵ੍ਰਿਤੀ ਹੈ। ਇਹ ਪ੍ਰਵ੍ਰਿਤੀ ਸਿਰਫ ਕੁਝ ਥੋੜ੍ਹੇ ਜਿਹੇ ਉਤੇਜਕਾਂ ਜਾਂ ਪ੍ਰਤੀਕ੍ਰਿਆਵਾਂ ਨਾਲ ਸੰਬੰਧਿਤ ਨਹੀਂ ਹੁੰਦੀ। ਆਲਪੋਰਟ ਨੇ ਸੁਝਾਅ ਦਿੱਤਾ ਹੈ ਕਿ ਗੁਣ ਮਾਨਸਿਕ ਸੰਗਠਨ ਦੀ ਆਖਰੀ ਅਸਲੀਅਤ ਹਨ (Traits are the ultimate realities of psychological organisation) ।

ਗੁਣ ਅਤੇ ਆਦਤਾਂ (Traits and Habits) ਦੋਵੇਂ ਨਿਰਣਾਇਕ ਪ੍ਰਵ੍ਰਿਤੀਆਂ ਹਨ। ਪਰੰਤੂ ਉਹਨਾਂ ਸਥਿਤੀਆਂ ਅਤੇ ਪ੍ਰਕ੍ਰਿਆਵਾਂ ਵਿਚ ਜ਼ਿਆਦਾ ਵਿਆਪਕ ਹਨ ਜਿਨ੍ਹਾਂ ਵੱਲ ਇਹ ਸਥਿਤੀਆਂ ਲੈ ਕੇ ਜਾਂਦੀਆਂ ਹਨ। ਅਸਲ ਵਿਚ ਦੋ ਜਾਂ ਦੋ ਤੋਂ ਵੱਧ ਆਦਤਾਂ ਦੇ ਸਮੂਹ ਨੂੰ ਗੁਣ ਕਹਿੰਦੇ ਹਨ। ਆਲਪੋਰਟ ਨੇ ਗੁਣ ਅਤੇ ਕਿਸਮਾਂ (Traits and Types) ਵਿਚ ਭਿੰਨਤਾ

ਦਰਸਾਈ ਹੈ। ਕਿਸਮਾਂ (Types) ਨਕਲੀ ਫਰਮ ਦਰਸਾਉਂਦੀਆਂ ਹਨ ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਨੇੜਤਾ ਦਾ ਸੰਬੰਧ ਨਹੀਂ ਹੁੰਦਾ ਪਰੰਤੂ ਗੁਣ (Traits) ਅਸਲੀਅਤ ਵਿਚ ਵਾਪਰਨ ਵਾਲੀਆਂ ਚੀਜ਼ਾਂ ਦਾ ਸਹੀ ਪ੍ਰਤੀਬਿੰਬ ਹੈ।

### 2.2.4.2 ਵਿਅਕਤੀਗਤ ਅਤੇ ਸਮੂਹਿਕ ਗੁਣ (Individual and Common Traits):

ਵਿਅਕਤੀ ਦੀ ਵਿਅਕਤੀਗਤਤਾ ਦਰਸਾਉਣ ਲਈ ਆਲਪੋਰਟ ਨੇ ਵਿਅਕਤੀਗਤ ਗੁਣਾਂ ਦੀ ਪਾਲਣਾ ਦਾ ਵਿਕਾਸ ਕੀਤਾ ਜਿਨ੍ਹਾਂ ਨੂੰ ਬਾਅਦ ਵਿਚ ਵਿਅਕਤੀਗਤ ਰੁਚੀਆਂ ਦਾ ਨਾਮ ਦਿੱਤਾ। ਭਾਵੇਂ ਵੱਖ-ਵੱਖ ਵਿਅਕਤੀਆਂ ਦੇ ਗੁਣ ਢਾਂਚੇ ਵਿਚ ਇਕਸਾਰਤਾ ਹੁੰਦੀ ਹੈ, ਪਰੰਤੂ ਇੱਥੇ ਕੁਝ ਵਿਲੱਖਣ ਤੱਤ ਵੀ ਹੁੰਦੇ ਹਨ ਜਿਨ੍ਹਾਂ ਕਰਕੇ ਇਕ ਵਿਅਕਤੀ ਦੇ ਗੁਣ ਦੂਸਰੇ ਵਿਅਕਤੀ ਦੇ ਗੁਣਾਂ ਨਾਲੋਂ ਭਿੰਨ ਹੁੰਦੇ ਹਨ। ਇਸ ਤਰ੍ਹਾਂ ਜ਼ਿਆਦਾਤਰ ਸਾਰੇ ਗੁਣ ਹੀ ਵਿਅਕਤੀਗਤ ਗੁਣ (Individual Traits) ਹੁੰਦੇ ਹਨ ਜੋ ਸਿਰਫ ਇਕ ਵਿਅਕਤੀ ਲਈ ਹੀ ਲਾਗੂ ਕਰ ਸਕਦੇ ਹਾਂ।

ਆਲਪੋਰਟ ਇਹ ਵੀ ਮੰਨਦਾ ਹੈ ਕਿ ਸਮੂਹਿਕ ਪ੍ਰਭਾਵਾਂ (Common Influence) ਦੀ ਸਾਂਝ ਕਰਕੇ, ਜੋ ਇਕ ਸਾਂਝੇ ਸਭਿਆਚਾਰ ਵਿਚ ਸ਼ਾਮਿਲ ਹੁੰਦੀ ਹੈ, ਵਿਅਕਤੀ ਸਮਾਯੋਜਨ ਦੇ ਕੁਝ ਤੁਲਨਾਤਮਕ ਤਰੀਕੇ ਅਪਣਾ ਲੈਂਦੇ ਹਨ। ਇਸ ਤਰ੍ਹਾਂ ਵਿਅਕਤੀਗਤ ਗੁਣਾਂ ਦਾ ਸਿਰਫ ਮਾਪਦੰਡ ਹਨ। ਇਹ ਗੁਣ ਵਿਅਕਤੀਤਵ ਦੇ ਉਨ੍ਹਾਂ ਪੱਖਾਂ ਬਾਰੇ ਯਾਦ ਕਰਾਉਂਦੇ ਹਨ ਜਿਨ੍ਹਾਂ ਵਿਚ ਅਸੀਂ ਵਿਅਕਤੀਆਂ ਦੀ ਤੁਲਨਾ ਕਰ ਸਕਦੇ ਹਾਂ।

ਕਿਉਂਕਿ ਵਿਅਕਤੀਗਤ ਰੁਚੀਆਂ ਦਾ ਇਕੋ ਜਿਹਾ ਮਹੱਤਵ ਨਹੀਂ ਹੁੰਦਾ, ਇਸ ਲਈ ਆਲਪੋਰਟ ਨੇ ਇਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡ ਦਿੱਤਾ :-

(1) ਕਾਰਡੀਨਲ (Cardinal) ਭਾਵ ਪ੍ਰਮੁੱਖ

(2) ਕੇਂਦਰੀ (Central)

(3) ਸੈਕੰਡਰੀ ਰੁਚੀਆਂ (Secondary dispositions) ਭਾਵ ਘੱਟ ਮਹੱਤਵ ਵਾਲੀਆਂ।

ਕਾਰਡੀਨਲ ਰੁਚੀਆਂ ਉਹ ਹੁੰਦੀਆਂ ਹਨ ਜਿਨ੍ਹਾਂ ਤੋਂ ਵਿਅਕਤੀ ਜਾਣਿਆ ਜਾਂਦਾ ਹੈ ਅਤੇ ਜਿਸ ਨੂੰ ਦੂਸਰੇ ਲੋਕਾਂ ਤੋਂ ਛੁਪਾਇਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੀ ਰੁਚੀ ਬਹੁਤ ਘੱਟ ਹੁੰਦੀ ਹੈ ਅਤੇ ਹਰ ਵਿਅਕਤੀ ਵਿਚ ਇਹ ਨਹੀਂ ਦੇਖੀ ਜਾਂਦੀ। ਕੇਂਦਰੀ ਰੁਚੀਆਂ ਵਿਅਕਤੀ ਦੀਆਂ ਉਹ ਵਿਸ਼ੇਸ਼ਤਾਵਾਂ ਹਨ ਜੋ ਉਸਦੇ ਵਿਵਹਾਰ ਦੀ ਕਿਸਮ ਬਾਰੇ ਦੱਸਦੀਆਂ ਹਨ। ਕੇਂਦਰੀ ਰੁੱਚੀਆਂ ਦੀ ਗਿਣਤੀ ਸਿਰਫ ਪੰਜ ਜਾਂ ਦਸ ਹੁੰਦੀ ਹੈ। ਸੈਕੰਡਰੀ ਕੇਂਦਰੀ ਜਾਂ ਕਾਰਡੀਨਲ ਰੁਚੀਆਂ ਦੀ ਤਰ੍ਹਾਂ ਮਹੱਤਵਪੂਰਨ ਨਹੀਂ ਹੁੰਦੀਆਂ। ਇਹ ਕਿਸੇ ਖਾਸ ਉਤੇਜਕ ਪ੍ਰਤੀ ਪ੍ਰਕ੍ਰਿਆ ਹੁੰਦੀ ਹੈ ਜੋ ਬਹੁਤ ਘੱਟ ਮੌਕਿਆਂ ਤੇ ਵਾਪਰਦੀ ਹੈ। ਇਹ ਸ਼ਖ਼ਸੀਅਤ ਦੀ ਰੂਪ ਰੇਖਾ ਲਈ ਮਹੱਤਪੂਰਨ ਨਹੀਂ ਹੁੰਦੀਆਂ ਅਤੇ ਇਨ੍ਹਾਂ ਰੁਚੀਆਂ ਦਾ ਸਾਡੀ ਆਮ ਜ਼ਿੰਦਗੀ ਵਿਚ ਕੋਈ ਖਾਸ ਮਹੱਤਵ ਨਹੀਂ।

### 2.2.4.3ਸ਼ਖ਼ਸੀਅਤ ਦਾ ਵਿਕਾਸ (Personality Development):

ਆਲਪੋਰਟ (1961) ਨੇ 'ਸੈਲਫ ਜਾਂ ਆਤਮਾ' (Self) ਦੀ ਥਾਂ ਤੇ ਪਰੋਪਰਿੱਮ (Proprium) ਸ਼ਬਦ ਵਰਤਿਆ, ਜੋ ਵਿਅਕਤੀਤਵ ਦੇ ਹਰ ਪੱਖ ਨੂੰ ਸ਼ਾਮਲ ਕਰਦਾ ਹੈ ਅਤੇ ਏਕਤਾ ਦੀ ਭਾਵਨਾ ਪੈਦਾ ਕਰਦਾ ਹੈ। ਪਰੋਪਰਿੱਮ (Proprium) ਸਵੈ ਆਤਮ ਦੇ ਸੱਤ ਪੱਖਾਂ ਦਾ ਜੋੜ ਹੈ। ਇਹ ਪੱਖ ਸ਼ਖ਼ਸੀਅਤ ਦੇ ਵਿਕਾਸ ਦੁਆਰਾ ਵਿਅਕਤੀ ਨੂੰ ਪਤਾ ਲਗਦੇ ਹਨ।

(1) ਜ਼ਿੰਦਗੀ ਦੇ ਪਹਿਲੇ ਤਿੰਨ ਸਾਲਾਂ ਵਿਚ ਸ਼ਖ਼ਸੀਅਤ ਦੇ ਵਿਕਾਸ ਹੁੰਦੇ ਹਨ। ਇਹ ਪੱਖ ਸਰੀਰਕ ਆਤਮ ਦੀ ਚੇਤਨਾ, ਲਗਾਤਾਰ ਸਵੈ-ਪਹਿਚਾਣ ਦੀ ਚੇਤਨਾ ਅਤੇ ਸਵੈ-ਸਨਮਾਨ ਦੀ ਚੇਤਨਾ ਹਨ।

(2) ਚਾਰ ਸਾਲ ਤੋਂ ਛੇ ਸਾਲ ਦੀ ਉਮਰ ਦੌਰਾਨ ਆਤਮਾ ਜਾਂ ਸਵੈ ਦਾ ਵਿਸਥਾਰ ਅਤੇ ਸਵੈ-ਵਿਚਾਰ ਵਿਕਸਿਤ ਹੁੰਦੇ ਹਨ।

(3) ਛੇ ਸਾਲ ਤੋਂ 12 ਸਾਲ ਦੀ ਉਮਰ ਦੌਰਾਨ ਸਵੈ ਅਤੇ ਤਰਕ ਸੰਬੰਧੀ ਵਿਚਾਰਾਂ ਦਾ ਵਿਕਾਸ ਹੁੰਦਾ ਹੈ।

(4) ਕਿਸ਼ੋਰ ਅਵਸਥਾ ਦੌਰਾਨ ਉਚਿਤਤਾ (Striving) ਵਿਕਸਿਤ ਹੁੰਦੀ ਹੈ।

## ਬਾਲ ਜਾਂ ਸ਼ਿਸ਼ੂ **(The Infant)** :

ਆਲਪੋਰਟ ਨਵੇਂ ਜਨਮੇ ਬੱਚੇ ਨੂੰ ਵਿਰਾਸਤ, ਅਵਿਕਸਿਤ ਪ੍ਰੇਰਨਾ ਅਤੇ ਪ੍ਰਤਿਕ੍ਰਿਆਤਮਕ ਹੋਂਦ ਦੀ ਰਲਵੀਂ ਮਿਲਵੀਂ ਰਚਨਾ ਦਸਦਾ ਹੈ। ਨਵਜਨਮੇ ਬੱਚੇ ਦੀ ਕੋਈ ਸ਼ਖ਼ਸੀਅਤ ਨਹੀਂ ਹੁੰਦੀ। ਜਨਮ ਸਮੇਂ ਬੱਚਾ ਕੁਝ ਸਰੀਰਕ ਬਣਤਰ ਅਤੇ ਸੁਭਾਅ ਸੰਬੰਧੀ ਯੋਗਤਾਵਾਂ ਨਾਲ ਸੰਪੰਨ ਹੁੰਦਾ ਹੈ। ਸਭ ਤੋਂ ਪਹਿਲਾਂ ਸਰੀਰਕ ਆਤਮਾ ਦੀ ਚੇਤਨਾ ਪੈਦਾ ਹੁੰਦੀ ਹੈ ਜਿਵੇਂ ਜਿਵੇਂ ਉਹ ਸਰੀਰਕ ਅਨੁਭੂਤੀ ਪ੍ਰਾਪਤ ਕਰਦਾ ਹੈ, ਤਿਵੇਂ ਹੀ ਉਸ ਦੀਆਂ ਆਦਤਾਂ ਬਣਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉਹ ਆਪਣੇ ਸਰੀਰ ਪ੍ਰਤੀ ਜਾਗ੍ਰਿਤ ਹੋ ਜਾਂਦਾ ਹੈ। ਭੁੱਖ ਅਤੇ ਸੱਟਾਂ ਵੀ ਬੱਚੇ ਨੂੰ ਆਪਣੇ ਸਰੀਰ ਪ੍ਰਤੀ ਜਾਗ੍ਰਿਤ ਹੋਣ ਵਿਚ ਸਹਾਈ ਹੁੰਦੀਆਂ ਹਨ।

ਸਵੈ-ਪਹਿਚਾਣ ਦੀ ਧਾਰਣਾ ਵਿਚ ਵਿਅਕਤੀ ਦੇ 'ਮੈਂ ਕੌਣ ਹਾਂ" ਹਿੱਸੇ ਬਾਰੇ ਜਾਗਰੂਪਤਾ ਸ਼ਾਮਲ ਹੈ। ਇਹ ਪਹਿਚਾਣ ਜ਼ਿੰਦਗੀ ਦੇ ਦੂਸਰੇ ਸਾਲ ਵਿਚ ਬਹੁਤ ਹੀ ਖੁਰਦੁਰੀ ਹੁੰਦੀ ਹੈ ਜਦੋਂ ਭਾਸ਼ਾਈ ਕੁਸ਼ਲਤਾ ਦਾ ਵਿਕਾਸ ਹੁੰਦਾ ਹੈ। ਇਸ ਵਿਚ ਆਪਣੇ ਨਾਮ ਦਾ ਗਿਆਨ ਵੀ ਸ਼ਾਮਿਲ ਹੁੰਦਾ ਹੈ। ਇਸ ਨਾਲ ਬੱਚੇ ਵਿਚ ਵਿਲੱਖਣਤਾ ਦੀ ਭਾਵਨਾ ਆਉਂਦੀ ਹੈ। ਦੋ ਸਾਲ ਦੀ ਉਮਰ ਤੋਂ ਬਾਅਦ ਸਵੈ-ਵਿਸਥਾਰ (Self-esteem) ਸ਼ੁਰੂ ਹੁੰਦਾ ਹੈ। ਇਸ ਸਮੇਂ ਦੌਰਾਨ ਬੱਚਾ ਆਪਣੇ ਬਾਹਰੀ ਸੰਸਾਰ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਉਸ ਵਿਚ ਜਿਗਿਆਸਾ ਪੈਦਾ ਹੁੰਦੀ ਹੈ। ਬੱਚਾ ਆਪਣੇ ਸੰਸਾਰ ਬਾਰੇ ਛਾਣਬੀਣ ਕਰਦਾ ਹੈ ਅਤੇ ਸਵੈ-ਵਿਸਥਾਰ ਵਿਕਸਿਤ ਕਰ ਲੈਂਦਾ ਹੈ। ਇਸ ਸਵੈ ਵਿਸਥਾਰ ਵਿਚ ਇਨਕਾਰੀ ਵਿਵਹਾਰ ਪੈਂਦਾ ਹੋ ਜਾਂਦਾ ਹੈ। ਬੱਚਾ ਉਹ ਹਰ ਚੀਜ਼ ਨੂੰ ਕਰਨ ਤੋਂ ਨਾਂਹ ਕਰੇਗਾ ਜੋ ਉਸਦੇ ਮਾਪੇ ਉਸਨੂੰ ਕਰਨ ਲਈ ਕਹਿਣਗੇ।

## ਸ਼ਿਸ਼ੂ ਦਾ ਰੂਪ-ਪਰਿਵਰਤਨ
## (Transformation of the Infant)

ਆਲਪੋਰਟ ਸਿਧਾਂਤ ਅਤੇ ਰਚਨਾ ਪ੍ਰਕ੍ਰਿਆਵਾਂ ਦੇ ਕਈ ਰੂਪ ਪੇਸ਼ ਕਰਦਾ ਹੈ ਜੋ ਬਚਪਨ ਅਤੇ ਬਾਲਗ ਅਵਸਥਾ ਵਿਚ ਤਬਦੀਲੀਆਂ ਲਿਆਉਂਦੇ ਹਨ। ਉਦਾਹਰਣ ਦੇ ਤੌਰ ਤੇ ਭੇਦੀਕਰਣ, ਪੂਰਣਤਾ, ਪਰਪੱਕਤਾ, ਨਕਲ ਕਰਨਾ ਸਵੈ-ਵਿਸਥਾਰ, ਕ੍ਰਿਆਤਮਕ ਸਵੈ-ਰਾਜ ਆਦਿ। ਪਰਿਵਰਤਨ ਵਿਚ ਕ੍ਰਿਆਤਮਕ ਸਵੈ-ਰਾਜ ਬਹੁਤ ਮਹੱਤਵਪੂਰਨ ਰੋਲ ਨਿਭਾਉਂਦਾ ਹੈ। ਇੱਕ ਕ੍ਰਿਆਤਮ ਪ੍ਰੇਰਣਾ ਜਮਾਂਦਰੂ ਪ੍ਰੇਰਣਾ ਦੀ ਪੂਰਤੀ ਸ਼ਕਤੀ ਨਾਲ ਵਿਵਹਾਰ ਦੀ ਅਗਵਾਈ ਕਰਦੀ ਹੈ।

ਪਰੋਪਰਿੱਮ ਦਾ ਸਵੈ-ਵਿਸਥਾਰ ਪੱਖ ਜ਼ਿਆਦਾਤਰ 4 ਸਾਲ ਤੋਂ 6 ਸਾਲ ਦੀ ਉਮਰ ਤੱਕ ਅਧਿਕਾਰ ਦੀ ਮਹੱਤਤਾ ਨਾਲ ਸੰਬੰਧਿਤ ਹੁੰਦਾ ਹੈ। ਬੱਚਾ ਵਸਤੂਆਂ ਅਤੇ ਵਿਅਕਤੀਆਂ ਨੂੰ 'ਆਪਣਾ' ਮੰਨਦਾ ਹੈ। ਸਵੈ-ਪ੍ਰਤੀਬਿੰਬ (Self-Image) ਵਿਚ ਬੱਚੇ ਦੁਆਰਾ ਦੂਸਰਿਆਂ ਦੀਆਂ ਉਮੀਦਾਂ ਦਾ ਅਹਿਸਾਸ ਹੁੰਦਾ ਹੈ। ਆਮ ਤੌਰ ਤੇ ਇਹ ਅਵਸਥਾ 6 ਤੋਂ 12 ਸਾਲ ਵਿਚ ਆਉਂਦੀ ਹੈ। ਇਸ ਵਿਚ ਉਹ ਕਈ ਸਾਧਨਾਂ ਰਾਹੀਂ ਸਮੱਸਿਆਵਾਂ ਦੇ ਹੱਲ ਲੱਭਣ ਦੀ ਕੋਸ਼ਿਸ਼ ਕਰ ਸਕਦਾ ਹੈ।

ਪਰੋਪਰਿੱਮ ਦਾ ਆਖਰੀ ਪੱਖ ਕਿਸ਼ੋਰ ਅਵਸਥਾ ਵਿਚ ਨਜ਼ਰ ਆਉਂਦਾ ਹੈ। ਇਸ ਵਿਚ ਕਿਸ਼ੋਰ ਦੀ ਨੀਯਤ ਤੇ ਧਿਆਨ ਦਿੱਤਾ ਜਾਂਦਾ ਹੈ। ਉਹ ਸਹੀ ਵਿਵਹਾਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਉਸ ਨੂੰ ਉਸਦੇ ਟੀਚੇ ਤੱਕ ਪਹੁੰਚਾ ਸਕਣ। ਬਦਕਿਸਮਤੀ ਨਾਲ ਕਈ ਬਾਲਗ ਅਤੇ ਕਿਸ਼ੋਰ ਜ਼ਿੰਦਗੀ ਵਿਚ ਉਦੇਸ਼ ਜਾਂ ਟੀਚੇ ਬਣਾਉਣ ਲਈ ਅਸਫਲ ਰਹਿੰਦੇ ਹਨ। ਆਲਪੋਰਟ ਸਮਝਦਾ ਹੈ ਕਿ ਅਜਿਹੀਆਂ ਸ਼ਖ਼ਸੀਅਤਾਂ ਅਪ੍ਰਪੱਕ ਹੁੰਦੀਆਂ ਹਨ।

## ਪ੍ਰਪੱਕ ਸ਼ਖ਼ਸੀਅਤ **(The Mature Personality)**

ਆਲਪੋਰਟ ਮੰਨਦਾ ਹੈ ਕਿ ਪ੍ਰਪੱਕ ਸ਼ਖ਼ਸੀਅਤ ਕ੍ਰਿਆਤਮਕ ਸਵੈ-ਰਾਜ (Functional autonomy) ਦਰਸਾਉਂਦੀ ਹੈ। ਕ੍ਰਿਆਤਮ ਸਵੈ-ਰਾਜ ਇਕ ਪ੍ਰੇਰਨਾਦਾਇਕ ਧਾਰਣਾ ਹੈ ਜੋ ਕਿ ਇਹ ਦੱਸਦੀ ਹੈ ਕਿ ਕੋਈ ਕ੍ਰਿਆ ਗੋਲਾ ਜਾਂ ਟੀਚਾ ਬਣ ਸਕਦੀ ਹੈ। ਸ਼ਖ਼ਸੀਅਤ ਦੀ ਪ੍ਰਪੱਕਤਾ, ਇਸਦੇ ਪ੍ਰੇਰਨਾਵਾਂ ਦੇ ਕ੍ਰਿਆਤਮਕ ਸਵੈ-ਰਾਜ ਦੇ ਦਰਜੇ ਦੁਆਰਾ ਪ੍ਰਦਰਸ਼ਿਤ ਹੁੰਦੀ ਹੈ। ਪ੍ਰਪੱਕ ਸ਼ਖ਼ਸੀਅਤ ਵਿਚ ਹੇਠ ਲਿਖੇ ਛੇ ਮਾਪਦੰਡ ਹੁੰਦੇ ਹਨ :

(1) **ਸਵੈ ਦੀ ਧਾਰਨਾ ਦਾ ਵਿਸਥਾਰ (Extension of the Sense of Self)** : ਇਸੇ ਵਿਚ ਆਪਣੇ ਤੋਂ ਬਾਹਰ ਰੁਚੀਆਂ ਦੀ ਪਹਿਚਾਣ ਅਤੇ ਕਿਸੇ ਦੀ ਜ਼ਿੰਦਗੀ ਵਿਚ ਸਵੈ ਪਿਆਰ ਦੇ ਅਧਿਕਾਰ ਵਿਚ ਕਮੀ ਸ਼ਾਮਲ ਹੈ।

(2) **ਸਵੈ ਦਾ ਦੂਜਿਆਂ ਪ੍ਰਤੀ ਨਿੱਘਾ ਸੰਬੰਧ (Warm Relation of Self With Others)** : ਇਸ ਵਿਚ ਦੂਜਿਆਂ ਲਈ ਤੁਲਨਾ ਦੀ ਚੇਤਨਾ ਸ਼ਾਮਲ ਹੈ। ਦੂਜਿਆਂ ਦੀਆਂ ਲੋੜਾਂ ਅਤੇ ਹੱਕਾਂ ਪ੍ਰਤੀ ਆਦਰ ਅਤੇ ਪ੍ਰਸ਼ੰਸਾ ਹੁੰਦੀ ਹੈ।

(3) **ਭਾਵਨਾਤਮਕ ਸੁਰੱਖਿਆਂ ਜਾਂ ਸਵੈ-ਮਨਜ਼ੂਰੀ (Emotional Security or Self-Acceptance)** : ਇਸ ਵਿਚ ਆਪਣੀਆਂ ਗਲਤੀਆਂ ਲਈ ਦੂਸਰਿਆਂ ਤੇ ਦੋਸ਼ ਲਾਉਣ ਅਤੇ ਸਥਿਤੀ ਦੇ ਅਨੁਸਾਰ ਜ਼ਿਆਦਾ ਪ੍ਰਤੀਕ੍ਰਿਆ ਦਿਖਾਉਣ ਤੋਂ ਬਚਣ ਦੀ ਪ੍ਰਕ੍ਰਿਆ ਹੁੰਦੀ ਹੈ। ਇਕ ਪ੍ਰਪੱਕ ਵਿਅਕਤੀ ਅਜਿਹੀ ਸਥਿਤੀ ਨੂੰ ਮਨਜ਼ੂਰ ਕਰਨ ਦੇ ਯੋਗ ਹੁੰਦਾ ਹੈ ਅਤੇ ਜ਼ਿੰਦਗੀ ਵਿਚ ਰਚਨਾਤਮ ਅਤੇ ਸਾਕਾਰਤਮਕ ਤਰੀਕੇ ਨਾਲ ਅੱਗੇ ਵੱਧਦਾ ਹੈ।

(4) **ਅਸਲੀ ਪ੍ਰਤੱਖੀਕਰਣ (Realistic Perception)** : ਇਹ ਵਿਅਕਤੀ ਨੂੰ ਸਥਿਤੀ ਦੇ ਵਾਸਤਵਿਕ ਰੂਪ ਵਿਚ ਬਿਨਾਂ ਕਿਸੇ ਰਿਆਇਤ ਦੇ ਦੇਖਣ ਦੇ ਯੋਗ ਬਣਾਉਂਦਾ ਹੈ।

(5) **ਸਵੈ-ਨਿਰਪੱਖਤਾ (Self-Objectification)** : ਇਸ ਦਾ ਮਤਲਬ ਹੈ ਕਿ ਪ੍ਰਪੱਕ ਵਿਅਕਤੀ ਆਪਣੇ ਆਪ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਉਸਨੂੰ ਆਪਣੀਆਂ ਸਮੱਸਿਆਵਾਂ, ਕੁਸ਼ਲਤਾਵਾਂ, ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਪਤਾ ਹੁੰਦਾ ਹੈ। ਇਸ ਅੰਤਰ ਦ੍ਰਿਸ਼ਟੀ ਦੁਆਰਾ ਜ਼ਿੰਦਗੀ ਨੂੰ ਹਾਸੇ ਨਾਲ ਵੇਖਣ ਦੀ ਆਦਤ ਪੈਦਾ ਹੋ ਜਾਂਦੀ ਹੈ।

(6) **ਜ਼ਿੰਦਗੀ ਦੇ ਫਲਸਫੇ ਨੂੰ ਜੋੜਨਾ (Unifying Philosophy of Life)** : ਇਸ ਦਾ ਮਤਲਬ ਜ਼ਿਆਦਾ ਨਿੰਦਾਪੂਰਣ ਸੁਭਾਅ ਤੋਂ ਪਰਹੇਜ਼ ਕਰਨਾ ਹੈ। ਇਸ ਦੀ ਬਜਾਏ ਵਿਅਕਤੀ ਨੂੰ ਗੰਭੀਰਤਾ ਪੂਰਣ ਜ਼ਿੰਦਗੀ ਦੇ ਉਦੇਸ਼ਾਂ ਦੀ ਸਹੀ ਸਮਝ ਹੋਣੀ ਚਾਹੀਦੀ ਹੈ।

## ਸ਼ਖ਼ਸੀਅਤ ਦੇ ਸਿੱਧੇ ਅਤੇ ਅਸਿੱਧੇ ਮਾਪ

## (Direct and Indirect Measures of Personality)

ਆਲਪੋਰਟ ਨੇ ਵਿਵਹਾਰ ਦੇ ਚੇਤਨ ਅਤੇ ਤਰਕਯੁਕਤ ਨਿਰਧਾਰਕਤਾ ਦਾ ਅਧਿਐਨ ਕਰਨ ਲਈ ਸਿੱਧੇ ਢੰਗਾਂ ਤੇ ਜ਼ੋਰ ਦਿੱਤਾ। ਉਸਦਾ ਪੱਕਾ ਵਿਸ਼ਵਾਸ ਹੈ ਕਿ ਸਾਧਾਰਣ ਵਿਅਕਤੀ ਉਚਿਤ ਉਦੇਸ਼ਾਂ ਦੇ ਅਨੁਸਾਰ ਹੀ ਵਿਵਹਾਰ ਕਰਦਾ ਹੈ ਅਤੇ ਪਾਗਲ ਤੇ ਬੈਚੈਨ ਵਿਅਕਤੀ ਦੇ ਵਿਵਹਾਰ ਨੂੰ ਸਮਝਣ ਵਿਚ ਚਿਤ੍ਰਿਤ ਤਕਨੀਕਾਂ ਦਾ ਖਾਸ ਮਹੱਤਵ ਹੈ। ਅਚੇਤਨ ਪ੍ਰੇਰਕਾਂ ਦੀ ਮਹੱਤਤਾ ਨੂੰ ਵੀ ਸਮਝਿਆ ਜਾ ਸਕਦਾ ਹੈ।

ਉਸਦੇ ਅਨੁਸਾਰ ਵਿਵਹਾਰ ਦੇ ਮਹੱਤਵਪੂਰਨ ਅਚੇਤਨ ਨਿਰਧਾਰਕਾਂ ਨੂੰ ਅਸਿੱਧੇ ਢੰਗ ਨਾਲ ਜਾਣਿਆ ਜਾ ਸਕਦਾ ਹੈ। ਅਸਿੱਧੇ ਢੰਗਾਂ ਨੂੰ ਸਿੱਧੇ ਢੰਗ ਦੀ ਮਦਦ ਤੋਂ ਬਿਨਾਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਸਾਧਾਰਣ ਵਿਅਕਤੀ ਦੇ ਪ੍ਰੇਰਣਾਦਾਇਕ ਢਾਂਚੇ ਦੀ ਲਾਭਦਾਇਕ ਤਸਵੀਰ ਨੂੰ ਸਿੱਧੇ ਢੰਗ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸਿੱਧੇ ਢੰਗਾਂ ਵਿਚ ਬਹੁਤ ਸਰਲਤਾ ਅਤੇ ਸਮਰਥਾ ਹੈ। ਪ੍ਰਸ਼ਨਾਵਲੀ ਢੰਗ ਦਾ ਨਿਰਮਾਣ ਅਤੇ ਵਰਤੋਂ ਸਿੱਧੇ ਢੰਗਾਂ ਦੀ ਉਦਾਹਰਣ ਹੈ। ਸ਼ਖ਼ਸੀਅਤ ਦੇ ਅਸਿੱਧੇ ਮੁਲਾਂਕਣ ਲਈ ਨਿੱਜੀ ਦਸਤਾਵੇਜ਼ ਅਤੇ ਸਾਰਥਕ ਵਿਵਹਾਰ ਦੇ ਅਧਿਐਨ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।

### 2.2.5 ਕੈਟਲ ਦਾ ਸਿਧਾਂਤ (CATTELL'S THEORY):

ਰੇਮੰਡ ਬੀ ਕੈਟਲ ਦੇ ਵਿਸ਼ਿਸ਼ਟਤਾ ਦੇ ਸਿਧਾਂਤ ਨੂੰ ਫੈਕਟਰ ਸਿਧਾਂਤ (Factor Theory) ਕਿਹਾ ਜਾਂਦਾ ਹੈ। ਸ਼ਖ਼ਸੀਅਤ ਦੇ ਸੰਖਿਆਤਮਕ ਆਧਾਰਿਤ ਰਸਤੇ ਦੀ ਇਹ ਇਕ ਅਨੋਖੀ ਉਦਾਹਰਣ ਹੈ। ਆਪਣੀ ਵਿਵਸਾਇਕ ਜ਼ਿੰਦਗੀ ਦੌਰਾਨ ਉਸਨੇ 200 ਤੋਂ ਵੱਧ ਆਰਟੀਕਲ ਅਤੇ 15 ਕਿਤਾਬਾਂ ਲਿਖੀਆਂ। ਕੈਟਲ ਅਨੁਸਰ ਸ਼ਖ਼ਸੀਅਤ ਦੇ ਅਧਿਐਨ ਪ੍ਰਤੀ ਵੀ ਸ਼ਖ਼ਸੀਅਤ ਅਲੱਗ ਅਲੱਗ ਪ੍ਰਤੀਕ੍ਰਿਆਵਾਂ ਕਰਦੀਆਂ ਹਨ। ਸ਼ਖ਼ਸੀਅਤ ਦੇ ਬਨਾਵਟੀ ਕਾਰਕ ਵਿਸ਼ਲੇਸ਼ਣ ਅਧਿਐਨ ਨੂੰ ਇਕੱਠਾ ਕਰਨ ਅਤੇ ਤਰਤੀਬ ਦੇਣ ਵਿਚ ਸਭ ਤੋਂ ਵੱਧ ਕੋਸ਼ਿਸ਼ ਕੈਟੇਲ ਦੇ ਸਿਧਾਂਤ ਰਾਹੀਂ ਹੋਈ ਹੈ।

### 2.2.5.1 ਸ਼ਖ਼ਸੀਅਤ ਦਾ ਸਰੂਪ (Nature of Personality):

ਕੈਟੇਲ ਅਨੁਸਾਰ ਸ਼ਖ਼ਸੀਅਤ ਉਹ ਚੀਜ਼ ਹੈ ਜਿਸ ਦੁਆਰਾ ਭਵਿੱਖਬਾਣੀ ਕੀਤੀ ਜਾ ਸਕੇ ਕਿ ਕਿਸ ਅਵਸਥਾ ਵਿਚ ਵਿਅਕਤੀ ਕੀ ਕਰੇਗਾ? ਸ਼ਖ਼ਸੀਅਤ ਵਿਅਕਤੀ ਦੇ ਦੋਵੇਂ ਅੰਦਰਲੇ ਅਤੇ ਬਾਹਰਲੇ, ਵਿਵਹਾਰ ਨਾਲ ਸੰਬੰਧਿਤ ਹੁੰਦੀ ਹੈ।

ਕੈਟੇਲ ਲਈ ਬੁਨਿਆਦੀ ਢਾਂਚੇ ਦਾ ਤੱਤ 'ਗੁਣ' (Trait) ਹੈ। ਇਕ ਗੁਣ ਸ਼ਖ਼ਸੀਅਤ ਦਾ ਢਾਂਚਾ ਹੈ ਜੋ ਵਿਵਹਾਰ ਤੋਂ ਉਪਜਦਾ ਹੈ। 'ਗੁਣ' ਵਿਅਕਤੀ ਦੇ ਅੰਦਰ ਇਕ ਖੁਲ੍ਹੀ ਚੌੜੀ ਪ੍ਰਤੀਕ੍ਰਿਆ ਪ੍ਰਵਿਰਤੀ ਹੈ। ਇਹ ਵਿਵਹਾਰ ਦਾ ਸਥਾਈ ਅਤੇ ਪੱਕਾ ਲੱਛਣ ਹੈ। ਇਹ ਸਮੇਂ ਅਤੇ ਸਥਿਤੀਆਂ ਅਨੁਸਾਰ ਵਿਵਹਾਰ ਦੀ ਸਥਿਰਤਾ ਦਰਸਾਉਂਦਾ ਹੈ। ਗੁਣਾਂ ਦੀਆਂ ਕਈ ਕਿਸਮਾਂ ਹਨ। ਸਮੂਹਿਕ ਗੁਣ (Unique Traits) ਹਰ ਵਿਅਕਤੀ ਵਿਚ ਪਾਏ ਜਾਂਦੇ ਹਨ। 'ਵਿਅਕਤੀਗਤ ਗੁਣ' (Unique Traits) ਇਕ ਖਾਸ ਵਿਅਕਤੀ ਨਾਲ ਸੰਬੰਧਿਤ ਹੁੰਦੇ ਹਨ। ਕੁਝ ਗੁਣ ਅਜਿਹੇ ਹੁੰਦੇ ਹਨ ਜਿਹੜੇ ਵਿਰਾਸਤੀ ਨਿਰਧਾਰਿਤ ਹੁੰਦੇ ਹਨ ਪਰੰਤੂ ਕੁਝ ਗੁਣ ਵਾਤਾਵਰਨ ਰਾਹੀਂ ਨਿਰਧਾਰਿਤ ਹੁੰਦੇ ਹਨ।

### 2.2.5.2ਮੂਲ ਰਚਨਾ ਗੁਣ ਅਤੇ ਧਰਾਤਲ ਗੁਣ (Source Traits and Surface Traits):

ਧਰਾਤਲ ਗੁਣ (Surface Traits) ਵਿਵਹਾਰ ਜਾਂ ਵਿਸ਼ੇਸ਼ਤਾਵਾਂ ਦਾ ਸਮੂਹ ਹਨ ਜੋ ਹਮੇਸ਼ਾ ਨਾਲ-ਨਾਲ ਚਲਦੇ ਹਨ। ਧਰਾਤਲ ਗੁਣਾਂ ਵਿਚਲਾ ਸੰਬੰਧ ਬਹੁਤ ਗੁੰਝਲਦਾਰ ਹੈ। ਹੋ ਸਕਦਾ ਹੈ ਕਿ ਉਹ ਹਮੇਸ਼ਾ ਇਕੱਠੇ ਨਾ ਬਦਲਣ ਅਤੇ ਉਨ੍ਹਾਂ ਸਭ ਦੀ ਇਕ ਹੀ ਜੜ੍ਹ ਨਾ ਹੋਵੇ। ਧਰਾਤਲ ਗੁਣਾਂ ਦਾ ਆਸਾਨੀ ਨਾਲ ਨਿਰੀਖਣ ਹੋ ਜਾਂਦਾ ਹੈ ਅਤੇ ਉਹ ਸ਼ਖ਼ਸੀਅਤ ਝਗੜਾਲੂਪਨ, ਪ੍ਰਸੰਨਤਾ ਅਤੇ ਸੰਜੀਵਤਾ ਇਸ ਦੀਆਂ ਉਦਾਹਰਣਾਂ ਹਨ।

ਜੇ ਅਸੀਂ ਬਹੁਤ ਸਾਰੇ ਵਿਵਹਾਰਿਕ ਘਟਨਾਵਾਂ ਨੂੰ ਇਕੋ ਚਲਦੇ ਦੇਖੀਏ ਤਾਂ ਅਸੀਂ ਉਨ੍ਹਾਂ ਸਾਰੀਆਂ ਨੂੰ ਇਕ ਪ੍ਰਕ੍ਰਿਆਂ ਦੇ ਰੂਪ ਵਿਚ ਮਿਲਣਾ ਪਸੰਦ ਕਰਾਂਗੇ। ਡਾਕਟਰੀ ਖੇਤਰ ਵਿਚ ਇਨ੍ਹਾਂ ਨੂੰ ਇਕ ਰੰਗ ਵਿਚ ਕਈ ਲੱਛਣਾਂ ਜਾਂ ਸੰਜੋਗ ਕਹਿੰਦੇ ਹਨ। ਪਰੰਤੂ ਇਥੇ ਇਨ੍ਹਾਂ ਨੂੰ ਧਰਾਤਲੀ ਗੁਣ (Surface Traits) ਕਿਹਾ ਜਾਂਦਾ ਹੈ। ਇਸ ਤਰ੍ਹਾਂ ਧਰਾਤਲੀ ਗੁਣ ਉਹ ਹੁੰਦੇ ਹਨ ਜਿਨ੍ਹਾਂ ਉੱਪਰ ਵਾਤਾਵਰਣੀ ਕਾਰਕਾਂ ਦਾ ਪ੍ਰਭਾਵ ਹੁੰਦਾ ਹੈ ਜਿਸ ਕਰਕੇ ਉਹ ਸਭਿਆਚਾਰ ਵਿਚ ਵੱਖ-ਵੱਖ ਹੁੰਦੇ ਹਨ।

ਮੂਲ ਰਚਨਾ ਗੁਣ (Source Traits) ਵਿਵਹਾਰਾਂ ਵਿਚ ਸੰਬੰਧ ਦਰਸਾਉਂਦੇ ਹਨ ਜੋ ਸ਼ਖ਼ਸੀਅਤ ਦੀ ਇਕ ਅਲੱਗ ਸ਼ਾਖਾ ਬਨਾਉਣ ਲਈ ਬਦਲਦੇ ਰਹਿੰਦੇ ਹਨ। ਮੂਲ ਰਚਨਾਂ ਗੁਣਾਂ ਨੂੰ ਅਧੀਨ ਢਾਂਚੇ ਦੇ ਰੂਪ ਵਿਚ ਵੀ ਸੋਚਿਆ ਜਾ ਸਕਦਾ ਹੈ। ਜੋ ਕਿ ਸਿੱਧੇ ਰੂਪ ਵਿਚ ਪ੍ਰਗਟ ਨਹੀਂ ਹੁੰਦੇ ਸਗੋਂ ਧਰਾਤਲ ਗੁਣਾਂ ਦੇ ਮਾਧਿਅਮ ਰਾਹੀਂ ਬਾਹਰ ਨਿਕਲਦੇ ਹਨ। ਮੂਲ ਰਚਨਾ ਗੁਣਾਂ ਨੂੰ ਸਿਰਫ ਕਾਰਕ ਵਿਸ਼ਲੇਸ਼ਣ (Factor Analysis) ਦੁਆਰਾ ਪਹਿਚਾਨਿਆਂ ਜਾ ਸਕਦਾ ਹੈ ਅਤੇ ਇਹ ਖੋਜ ਕਰਤਾ ਨੂੰ ਕਾਰਕਾਂ ਦਾ ਅੰਦਾਜ਼ਾ ਲਗਾਉਣ ਦੀ ਆਗਿਆ ਦਿੰਦਾ ਹੈ ਜੋ ਧਰਾਤਲ ਵਿਵਹਾਰ ਦੀ ਬੁਨਿਆਦ ਹਨ। ਇਹ ਗੁਣ ਵਾਤਾਵਰਣੀ ਕਾਰਕ ਹੁੰਦੇ ਹਨ ਅਤੇ ਵੱਖ-ਵੱਖ ਧਰਾਤਲ ਗੁਣਾਂ ਨੂੰ ਪ੍ਰਭਾਵਿਤ ਕਰਦੇ ਹਨ। ਕੈਟੇਲ ਨੇ ਧਰਾਤਲ ਗੁਣਾਂ ਦੇ 20 ਸਮੂਹ ਅਤੇ ਮੂਲ ਰਚਨਾ ਗੁਣਾਂ ਦੇ 12 ਸਮੂਹਾਂ ਦੀ ਪਛਾਣ ਕੀਤੀ ਹੈ।

ਕਾਰਕ ਵਿਸ਼ਲੇਸ਼ਣ ਦੁਆਰਾ ਕੁਝ ਮੂਲ ਰਚਨਾਂ ਗੁਣਾਂ ਦੀ ਖੋਜ਼ ਕੀਤੀ ਗਈ ਜਿਨ੍ਹਾਂ ਨੂੰ ਜੋੜ ਕੇ ਧਰਾਤਲ ਗੁਣਾਂ ਦੇ ਗੁੰਝਲਦਾਰ ਨਮੂਨੇ ਬਣਾਏ ਗਏ। ਕੈਟੇਲ ਧਰਾਤਲ ਗੁਣਾਂ ਨਾਲੋਂ ਮੂਲ ਰਚਨਾ ਨੂੰ ਜ਼ਿਆਦਾ ਮਹੱਤਵਪੂਰਨ ਮੰਨਦਾ ਹੈ ਕਿਉਂਕਿ ਮੂਲ ਰਚਨਾ ਗੁਣ ਸ਼ਖ਼ਸੀਅਤ ਦੇ ਅਧੀਨ ਹਿੱਸੇ ਨੂੰ ਪ੍ਰਭਾਵਿਤ ਕਰਨ ਦਾ ਅਸਲੀ ਢਾਂਚਾ ਹੈ। ਧਰਾਤਲ ਗੁਣ ਮੂਲ ਰਚਨਾ ਗੁਣਾ ਨਾਲੋਂ ਸਥਿਰ ਹੁੰਦੇ ਹਨ। ਲੰਬੇ ਸਮੇਂ ਲਈ ਮੂਲ ਰਚਨਾ ਗੁਣਾਂ ਦੀ ਜ਼ਿਆਦਾ ਮਹੱਤਤਾ ਹੈ। ਧਰਾਤਲੀ ਗੁਣ ਅਤੇ ਮੂਲ ਰਚਨਾ ਗੁਣ ਦੋਵੇਂ ਵਾਤਾਵਰਣੀ ਅਤੇ ਵਿਰਾਸਤੀ ਕਾਰਕਾਂ ਦਾ ਸੁਮੇਲ ਹਨ। ਕੈਟੇਲ ਨੇ ਮੂਲ ਰਚਨਾ ਗੁਣਾਂ ਨੂੰ 'ਵਾਤਾਵਰਣੀ ਗੁਣ' ਸਰੀਰ ਰਚਨਾ ਸੰਬੰਧੀ ਗੁਣਾਂ ਵਿਚ ਵੰਡ ਦਿੱਤਾ।

### ਗਤੀਸੀਲ, ਯੋਗਤਾ ਅਤੇ ਪ੍ਰਕ੍ਰਿਆ ਗੁਣ

### (Dynamic, Ability and Temperament Traits)

ਕੈਟੇਲ ਦੁਆਰਾ ਗੁਣ ਦੇ ਅੱਗੇ ਉਪ ਵਿਭਾਗ ਬਣਾਏ ਗਏ ਜਿਨ੍ਹਾਂ ਵਿਚ ਧਰਾਤਲੀ ਅਤੇ ਮੂਲ ਰਚਨਾ ਗੁਣ ਦੋਵੇਂ ਸ਼ਾਮਲ ਹਨ। ਇਨ੍ਹਾਂ ਨੂੰ ਗਤੀਸ਼ੀਲ, ਯੋਗਤਾ ਅਤੇ ਪ੍ਰਕ੍ਰਿਤੀ ਗੁਣਾਂ ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਤਿੰਨਾਂ ਵਿਚਕਾਰ ਭਿੰਨਤਾ ਮਨੋਵਿਗਿਆਨ

ਦੇ ਗਿਆਨ (Cognition), ਪਿਆਰ (Affection) ਅਤੇ ਕੋਨੇਸ਼ਨ (Conation) ਵਿਚਕਾਰ ਰਵਾਇਤੀ ਭਿੰਨਤਾ ਦੇ ਬਰਾਬਰ ਹੈ। ਵਿਵਹਾਰ ਦਾ ਗਿਆਨਤਮਕ ਖੇਤਰ ਯੋਗਤਾ ਗੁਣ ਹਨ। ਇਸ ਯੋਗਤਾ ਨੂੰ ਹੁਣ ਵੱਖ-ਵੱਖ ਸਥਿਤੀਆਂ ਵਿਚ ਵਿਵਹਾਰ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਜੋ ਔਖੇ ਸਮੇਂ ਵਿਚ ਬਦਲਦਾ ਰਹਿੰਦਾ ਹੈ। ਜੇ ਗੁਣਾਂ ਨੂੰ ਉਨ੍ਹਾਂ ਦੀ ਪ੍ਰਭਾਵਸ਼ੀਲਤਾ, ਜਿਸ ਦੁਆਰਾ ਵਿਅਕਤੀ ਆਪਣੇ ਟੀਚੇ ਤੇ ਪਹੁੰਚਿਆ, ਦੇ ਰੂਪ ਵਿਚ ਦੇਖਿਆ ਜਾਏ ਤਾਂ ਉਨ੍ਹਾਂ ਨੂੰ ਯੋਗਤਾ ਗੁਣ (Emotion) ਨਾਲ ਸੰਬੰਧਿਤ ਹੈ। ਕੈਟੇਲ ਦੇ ਸ਼ਬਦਾਂ ਵਿਚ ਇਨ੍ਹਾਂ ਨੂੰ ਪ੍ਰਾਕ੍ਰਿਤੀ ਗੁਣ (Temperament Traits) ਕਿਹਾ ਜਾਂਦਾ ਹੈ। ਇਹ ਵਿਅਕਤੀ ਦੀਆਂ ਉਨ੍ਹਾਂ ਪ੍ਰਵ੍ਰਿਤੀਆਂ ਦਾ ਜ਼ਿਕਰ ਕਰਦੇ ਹਨ ਜੋ ਪ੍ਰੇਰਣਾ ਦੁਆਰਾ ਪ੍ਰਭਾਵਿਤ ਨਹੀਂ ਹੁੰਦੀਆਂ। ਪ੍ਰਕ੍ਰਿਆ ਗੁਣਾਂ ਵਾਲੇ ਵਿਅਕਤੀ ਦੀ ਉਦਾਹਰਣ ਚਿੜਚਿੜੇ ਜਾਂ ਆਰਾਮ ਦੇਹ ਵਿਅਕਤੀ ਹਨ।

ਕੋਨੇਸ਼ਨ ਦਾ ਖੇਤਰ ਪ੍ਰੇਰਨਾ ਨਾਲ ਸੰਬੰਧਿਤ ਹੈ। ਕੈਟੇਲ ਦੇ ਸ਼ਬਦਾਂ ਵਿਚ ਇਨ੍ਹਾਂ ਨੂੰ ਗਤੀਸ਼ੀਲ ਗੁਣ (Dynamic Traits) ਕਿਹਾ ਜਾਂਦਾ ਹੈ। ਇਹ ਉਨ੍ਹਾਂ ਵਿਵਹਾਰਾਂ ਵਿਚ ਦੇਖੇ ਜਾ ਸਕਦੇ ਹਨ ਜੋ ਕਿਸੇ ਸਥਿਤੀ ਵਿਚ ਪ੍ਰੇਰਨਾ ਦੁਆਰਾ ਪ੍ਰਭਾਵਿਤ ਹੋ ਜਾਂਦੇ ਹਨ। ਇਹ ਵਿਅਕਤੀ ਨੂੰ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਕ੍ਰਿਆ ਕਰਨ ਲਈ ਪ੍ਰੇਰਿਤ ਕਰਦੇ ਹਨ।

## ਕਾਰਕ ਵਿਸ਼ਲੇਸ਼ਣ ਅਤੇ ਮੂਲ ਰਚਨਾ ਗੁਣਾਂ ਦੀ ਪ੍ਰਯੋਗ ਸਿੱਧ ਉਤਪਤੀ

## (Factor Analysis and Empirical Deviation of Source Traits)

ਕਾਰਕ ਵਿਸ਼ਲੇਸ਼ਣ ਇਕ ਗੁੰਝਲਦਾਰ ਅਤੇ ਵਿਵਾਦਪੂਰਣ ਅੰਕੜਈ ਵਿਧੀ ਹੈ। ਕਈ ਮੂਲ ਰਚਨਾਵਾਂ ਵਿਚ ਕਾਰਕ ਵਿਸ਼ਲੇਸ਼ਣ ਇਸ ਧਾਰਨਾ ਅਤੇ ਸਚਾਈਆਂ ਦੁਆਰਾ ਇਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜੋ ਧਰਾਤਲੀ ਵਿਵਹਾਰ ਵਿਚ ਸਮੂਹਿਕਤਾ ਲੱਭਦੇ ਹਨ। ਕੈਟੇਲ ਅਨੁਸਾਰ ਤਿੰਨ ਤਰ੍ਹਾਂ ਦੇ ਸੋਮੇ ਹਨ ਜਿਨ੍ਹਾਂ ਦੁਆਰਾ ਅੰਕੜੇ ਇਕੱਠੇ ਕੀਤੇ ਜਾ ਸਕਦੇ ਹਨ। ਇਹ ਸੋਮੇਂ ਹਨ :-

(i) ਜੀਵਨ ਰਿਕਾਰਡ ਡੈਟਾ (I-data) (Life Record Data);

(ii) ਪ੍ਰਸ਼ਨਾਵਲੀ ਡੈਟਾ (Q-data) (Questionnaire Data); ਅਤੇ

(iii) ਬਾਹਰਮੁੱਖੀ ਟੈਸਟ ਡੈਟਾ (OT-data) (Objective Test Data) ।

ਜੀਵਨ ਰਿਕਾਰਡ ਡੈਟਾ ਹਰ ਰੋਜ਼ ਦੀ ਸਥਿਤੀ ਵਿਚ ਵਿਅਕਤੀ ਦੇ ਵਿਵਹਾਰ ਦਾ ਡੈਟਾ ਸ਼ਾਮਲ ਹੈ। ਉਦਾਹਰਣ ਦੇ ਤੌਰ ਤੇ, ਸਕੂਲ ਵਿਚ ਗਰੇਡ, 20 ਸਾਲ ਦੇ ਪੀਰੀਅਡ ਵਿਚ ਐਕਸੀਡੈਂਟਾਂ ਦੀ ਗਿਣਤੀ ਅਤੇ ਕਲੱਬਾਂ ਦੀ ਗਿਣਤੀ ਜੋ ਵਿਅਕਤੀ ਨਾਲ ਸੰਬੰਧਿਤ ਆਦਿ ਹਨ। ਜੀਵਨ ਰਿਕਾਰਡ ਡੈਟਾ ਅਜਿਹੇ ਵਿਵਹਾਰ ਦਾ ਮੁਲਅੰਕਣ ਕਰਨ ਲਈ ਵਿਵਹਾਰਿਕ ਮੁਲਅੰਕਣ ਵੀ ਲਗਾ ਸਕਦਾ ਹੈ। ਸਵੈ-ਮੁਲਾਅੰਕਣ, ਜੀਵਨ ਰਿਕਾਰਡ ਵਿਧੀ ਦੇ ਬਾਹਰਮੁੱਖੀ ਨਿਰੀਖਣ ਹੈ। ਮੈਂਟਲ ਇੰਟਰੀਅਰ (Mental Interior) ਪ੍ਰਦਾਨ ਕਰਦਾ ਹੈ। ਬਾਹਰਮੁੱਖੀ ਟੈਸਟ ਕਿਸੇ ਖਾਸ ਸਥਿਤੀ ਵਿਚ ਵਿਅਕਤੀ ਦੇ ਵਿਵਹਾਰ ਦਾ ਨਿਰੀਖਣ ਕਰਦਾ ਹੈ ਤਾਂ ਜੋ ਲੰਬੇ ਸਮੇਂ ਲਈ ਉਸਦੇ ਵਿਵਹਾਰ ਬਾਰੇ ਭਵਿੱਖਬਾਣੀ ਕੀਤੀ ਜਾ ਸਕੇ।

ਪ੍ਰਸ਼ਨਾਵਲੀ ਡੈਟਾ (Q-data) ਵਿਚ ਪ੍ਰਸ਼ਨਾਵਲੀ ਹੁੰਦੀ ਹੈ ਜਿਸ ਵਿਚ ਵਿਅਕਤੀ ਪ੍ਰਸ਼ਨਾਂ ਜਾਂ ਕਥਨਾਂ ਦੇ ਨੰਬਰਾਂ ਅਨੁਸਾਰ ਆਪਣੇ ਆਪ ਦਾ ਮੁਲਅੰਕਣ ਕਰਦਾ ਹੈ। ਪ੍ਰਭਾਵਸ਼ਾਲੀ ਡੈਟਾ ਵਿਅਕਤੀ ਦੇ ਅੰਤਰ ਦਰਸ਼ਨ ਤੇ ਨਿਰਭਰ ਕਰਦਾ ਹੈ। ਟੈਸਟ ਡੈਟਾ (T-data) ਵਿਚ ਇਕ ਬਾਹਰਮੁੱਖੀ ਟੈਸਟ ਦਿੱਤਾ ਜਾਂਦਾ ਹੈ। ਜਿਸ ਵਿਚ ਉਹ ਸਕੋਰਿੰਗ ਦੇ ਤਰੀਕੇ ਤੋਂ ਬਿਲਕੁਲ ਅਣਜਾਣ ਹੁੰਦਾ ਹੈ। ਟੈਸਟ ਡੈਟਾ ਦਾ ਇਹ ਫਾਇਦਾ ਹੈ ਕਿ ਇਸ ਵਿਚ ਵਿਅਕਤੀ ਲਈ ਝੂਠੇ ਉਤਰ ਜਾਂ ਆਪਣੀ ਇਛਾ ਅਨੁਸਾਰ ਉੱਤਰ ਦੇਣਾ ਮੁਸ਼ਕਿਲ ਹੁੰਦਾ ਹੈ ਕਿਉਂਕਿ ਉਸਨੂੰ ਬਿਲਕੁਲ ਪਤਾ ਹੁੰਦਾ ਹੈ ਕਿ ਖੋਜਕਰਤਾ ਉਸਦੇ ਉੱਤਰ ਤੋਂ ਕੀ ਨਤੀਜੇ ਕੱਢਣਾ ਚਾਹੁੰਦਾ ਹੈ। ਟੈਸਟ ਡੈਟਾ ਦੀ ਸਭ ਤੋਂ ਵੱਧ ਮੰਗ ਹੈ। ਇਹ ਟੈਸਟ ਦੀ ਵੱਖਰੀ ਯੋਗਤਾ ਹੈ। ਕੈਟੇਲ ਅਨੁਸਾਰ ਜੇਕਰ ਸ਼ਖ਼ਸੀਅਤ ਦੇ ਬੁਨਿਆਦੀ ਢਾਂਚੇ ਨੂੰ ਬਨਾਉਣ ਲਈ ਕਾਰਕ ਵਿਸ਼ਲੇਸ਼ਣ ਖੋਜ ਦੀ ਜ਼ਰੂਰਤ ਹੈ ਤਾਂ ਫਿਰ ਇਹ ਸਾਰੇ ਕਾਰਕ ਟੈਸਟ ਡੈਟਾ, ਪ੍ਰਸ਼ਨਾਵਲੀ ਡੈਟਾ ਅਤੇ ਜੀਵਨ ਰਿਕਾਰਡ ਡੈਟਾ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

## ਧਰਾਤਲੀ ਗੁਣਾਂ ਦੀ ਪ੍ਰਯੋਗ ਸਿੱਧ ਉਤਪਤੀ
## (Empirical Derivation of Surface Traits)

ਕੈਟੇਲ ਅਨੁਸਾਰ ਗੁਣਾਂ ਦੇ ਲਗਭਗ 60 ਸਮੂਹ ਹਨ ਜੋ ਧਰਾਤਲੀ ਗੁਣ ਦੇ ਪ੍ਰਤੀਕ ਹਨ। ਇਨ੍ਹਾਂ ਦਾ ਨਾਂ ਕਾਰਕ ਵਿਸ਼ਲੇਸ਼ਣ ਦੇ ਉਪਯੋਗ ਦੁਆਰਾ ਨਹੀਂ ਦੇਖਿਆ ਜਾਂਦਾ, ਸਗੋਂ ਆਮ ਸਾਦੇ ਸਹਿ-ਸੰਬੰਧਾਂ ਢੰਗਾਂ (Correlational Methods) ਰਾਹੀਂ ਦੇਖਿਆ ਜਾਂਦਾ ਹੈ। ਜਿਹੜੇ ਗੁਣ ਇਕੱਠੇ ਬਦਲਦੇ ਰਹਿੰਦੇ ਹਨ ਜਾਂ ਇਕੱਠੇ ਚਲਦੇ ਹਨ, ਉਨ੍ਹਾਂ ਨੂੰ ਇਕ ਧਰਾਤਲ ਗੁਣ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਜ਼ਿਆਦਾ ਧਰਾਤਲੀ ਗੁਣਾਂ ਨੂੰ ਅੱਗੇ 20 ਖੇਤਰਾਂ ਵਿਚ ਵੰਡ ਦਿੱਤਾ ਜਾਂਦਾ ਹੈ। ਇਸ ਵਿਚ ਉਹ ਗੁਣ ਇਕੱਠੇ ਕਰ ਲਏ ਜਾਂਦੇ ਹਨ ਜਿਨ੍ਹਾਂ ਵਿਚਕਾਰ ਕੋਈ ਸਾਂਝੀ ਚੀਜ਼ ਹੁੰਦੀ ਹੈ।

### 2.2.5.3ਮੂਲ ਪ੍ਰਵ੍ਰਿਤੀ ਜਾਂ ਅਰਜ਼ਅਤੀ ਮਨੋਭਾਵ (Ergs and Sentiments):

ਅਰਜ਼ (Erg) ਜਾਂ ਮੂਲ ਪ੍ਰਵ੍ਰਿਤੀ ਇਕ ਵਿਧਾਨਕ ਗਤੀਸ਼ੀਲ ਮੂਲ ਰਚਨਾ ਗੁਣ ਹੈ। ਇਸ ਦਾ ਨਿਰਧਾਰਨ ਅੰਦਰੂਨੀ ਹੈ ਅਤੇ ਇਸ ਨੂੰ ਬਦਲਿਆਂ ਜਾ ਸਕਦਾ ਹੈ। ਇਹ ਇਕ ਮਨੋ-ਸਰੀਰਕ ਰੁਚੀ ਹੈ ਜੋ ਉਤੇਜਕਾਂ ਪ੍ਰਤੀ ਪ੍ਰਤੀਕ੍ਰਿਆ ਕਰਨ ਲਈ ਵਿਅਕਤੀ ਨੂੰ ਪ੍ਰੇਰਿਤ ਕਰਦੀ ਹੈ। ਮਨੋਭਾਵ (Sentiment) ਦੂਜੇ ਪਾਸੇ ਇਕ ਪ੍ਰਮੁੱਖ ਪ੍ਰਾਪਤ ਕੀਤਾ ਹੋਇਆ ਗਤੀਸ਼ੀਲ ਗੁਣ ਹੈ ਜੋ ਵਿਅਕਤੀ ਨੂੰ ਕਈ ਉਤੇਜਕਾਂ ਪ੍ਰਤੀ ਧਿਆਨ ਦੇਣ ਲਈ ਕਹਿੰਦਾ ਹੈ ਅਤੇ ਉਨ੍ਹਾਂ ਵਸਤੂਆਂ ਪ੍ਰਤੀ ਕਿਸੇ ਖਾਸ ਤਰੀਕੇ ਨਾਲ ਕ੍ਰਿਆ ਕਰਨ ਲਈ ਪ੍ਰੇਰਿਤ ਕਰਦਾ ਹੈ। ਇਨ੍ਹਾਂ ਨੂੰ ਵਾਤਾਵਰਣ ਅਨੁਸਾਰ ਢਾਲੇ ਜਾਣ ਵਾਲੇ ਨੂੰ ਮੂਲ ਰਚਨਾ ਗੁਣ ਕਿਹਾ ਜਾਂਦਾ ਹੈ। ਮੂਲ ਪ੍ਰਵ੍ਰਿਤੀ ਦੀ ਧਾਰਨਾ, ਸਹਜ ਪ੍ਰੇਰਣਾ (Instinct) ਦੀ ਧਾਰਣੇ ਦੇ ਬਹੁਤ ਨਜ਼ਦੀਕ ਹੈ। ਮੂਲ ਪ੍ਰਵ੍ਰਿਤੀਆਂ ਵਿਅਕਤੀ ਦੀਆਂ ਬੁਨਿਆਦੀ ਸਰੀਰਕ ਪ੍ਰੇਰਣਾਦਾਇਕ ਸ਼ਕਤੀਆਂ ਹਨ। ਰਵਈਆ, ਮਨੋਭਾਵ ਦਾ ਸਹਾਇਕ ਸਮਝਿਆ ਜਾਂਦਾ ਹੈ ਅਤੇ ਮਨੋਭਾਵ ਅੱਗੇ ਮੂਲ ਪ੍ਰਵ੍ਰਿਤੀਆਂ ਦੇ ਸਹਾਇਕ ਹਨ। ਕੈਟੇਲ ਨੇ ਅਜਿਹੇ ਨਮੂਨੇ ਨੂੰ 'ਸਹਾਇਕ' ਕਿਹਾ ਹੈ ਅਤੇ ਉਸ ਤਰੀਕੇ ਨੂੰ ਜਿਸ ਤਰ੍ਹਾਂ ਇਹ ਗਤੀਸ਼ੀਲ ਹਨ, ਗਤੀਸ਼ੀਲ ਜਾਲੀ (Dynamic Lattice) ਕਿਹਾ ਹੈ।

### ਮੈਟਾਅਰਜ਼ (Metaergs) :

ਮੈਟਾਅਰਜ਼ ਇਕ ਵਾਤਾਵਰਣ ਅਨੁਸਾਰ ਢਾਲਿਆ ਜਾਣ ਵਾਲਾ ਗਤੀਸ਼ੀਲ ਮੂਲ ਰਚਨਾ ਗੁਣ ਹੈ ਜੋ ਅਰਜ਼ ਜਾਂ ਮੂਲ ਪ੍ਰਵ੍ਰਿਤੀ ਦੇ ਲਗਭਗ ਬਰਾਬਰ ਹੈ। ਇਨ੍ਹਾਂ ਵਿਚ ਸਿਰਫ ਇਕ ਫਰਕ ਹੈ ਕਿ ਮੈਟਾਅਰਜ਼ ਵਾਤਾਵਰਣੀ ਜਾਂ ਸਮਾਜਿਕ-ਸਭਿਆਚਾਰਕ ਕਾਰਕਾਂ ਦਾ ਨਤੀਜਾ ਹਨ, ਨਾ ਕਿ ਵਿਧਾਨਿਕ ਨਿਰਧਾਰਕ ਦਾ ਮੂਲ ਪ੍ਰਵ੍ਰਿਤੀਆਂ ਸਹੀ ਹੱਦ ਤੱਕ ਜਨਮ ਸਮੇਂ ਹੀ ਦਿੱਤੀਆਂ ਜਾਂਦੀਆਂ ਹਨ, ਮੈਟਾਅਰਜ਼ ਸਿਰਫ ਵਿਕਾਸ ਨਾਲ ਹੀ ਪ੍ਰਸਤੁਤ ਹੁੰਦੇ ਹਨ। ਰਵਈਆਂ, ਰੁਚੀਆਂ ਅਤੇ ਮਨੋਭਾਵ ਮੈਟਾਅਰਜ਼ ਦੀਆਂ ਉਦਾਹਰਣਾਂ ਹਨ। ਮਨੋਭਾਵ, ਸਭ ਮੈਟਾਅਰਜ਼ਾਂ ਵਿਚੋਂ, ਸਭ ਤੋਂ ਵੱਧ ਮਹੱਤਵਪੂਰਨ ਹਨ ਕਿਉਂਕਿ ਉਹ ਰੁਚੀਆਂ ਅਤੇ ਰਵਈਏ ਤੋਂ ਜ਼ਿਆਦਾ ਸਥਾਈ ਅਤੇ ਸਥਿਰ ਹਨ। ਸਮਾਜਿਕ ਸੰਸਥਾਵਾਂ ਜਿਵੇਂ ਪਰਿਵਾਰ ਜਾਂ ਸਕੂਲ ਵਿਚ ਮਨੋਭਾਵ ਦੇ ਸੋਮੇ ਹਨ। ਉਹ ਪ੍ਰਾਪਤ ਕੀਤੇ ਰਵਈਏ ਦੇ ਨਮੂਨੇ ਨੂੰ ਦਰਸਾਉਂਦੇ ਹਨ।

### ਨਿਸ਼ਚਿਤ ਸਮੀਕਰਣ (Specific Equation) :

ਇਹ ਮਨੁੱਖ ਦੇ ਵਿਵਹਾਰ ਦੀ ਭਵਿੱਖਬਾਣੀ ਨਾਲ ਸੰਬੰਧਿਤ ਹੈ । ਸ਼ਖ਼ਸੀਅਤ ਉਹ ਹੈ ਜੋ ਭਵਿੱਖਬਾਣੀ ਕਰਦੀ ਹੈ ਕਿ ਵਿਅਕਤੀ ਕਿਸੇ ਖਾਸ ਸਥਿਤੀ ਵਿਚ ਕੀ ਕਰੇਗਾ। ਨਿਸ਼ਚਿਤ ਸਮੀਕਰਣ ਸ਼ਖਸੀਅਤ ਦੇ ਕਾਰਕਾਂ ਦਾ ਉਸ ਸਮੇਂ ਪ੍ਰਗਟਾਓ ਕਰਦਾ ਹੈ ਜਿਸ ਸਮੇਂ ਉਹ ਕਿਸੇ ਖਾਸ ਸਥਿਤੀ ਵਿਚ ਦਾਖਲ ਹੁੰਦੇ ਹਨ। ਕਿਸੇ ਸਥਿਤੀ ਵਿਚ ਵਿਅਕਤੀ ਦੇ ਵਿਵਹਾਰ ਉਸਦੇ ਸ਼ੈਲੀਕਾਰ ਗੁਣਾਂ ਤੇ ਨਿਰਭਰ ਕਰਦਾ ਹੈ। ਸਥਿਤੀ ਨਾਲ ਸੰਬੰਧਿਤ ਰਵੱਈਆ ਅਤੇ ਅਸਥਾਈ ਪ੍ਰਕ੍ਰਿਆਵਾਂ, ਜੋ ਦਿੱਤੀ ਹੋਈ ਸਥਿਤੀ ਵਿਚ ਦਾਖਲ ਹੁੰਦੀਆਂ ਹਨ, ਵੀ ਵਿਅਕਤੀ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਵਿਅਕਤੀ ਦੀ ਹਾਲਤ ਅਤੇ ਜ਼ਿੰਮੇਵਾਰੀ ਅਜਿਹੀਆਂ ਅਸਥਾਈ ਪ੍ਰਕ੍ਰਿਆਵਾਂ ਹਨ ਜੋ ਉਸਦੇ ਵਿਵਹਾਰ ਨੂੰ ਕੋਈ ਆਕਾਰ ਦੇ ਸਕਦੀਆਂ ਹਨ। ਜਿਵੇਂ ਹੀ ਵਿਅਕਤੀ ਦਾ ਵਿਵਹਾਰ ਵੱਖ-ਵੱਖ ਸਥਿਤੀਆਂ ਵਿਚ ਬਦਲਦਾ ਹੈ, ਸ਼ਖ਼ਸੀਅਤ ਦੇ ਕਾਰਕ ਵੀ ਹਾਲਤ ਦੇ ਅਨੁਸਾਰ ਬਦਲ ਜਾਣਗੇ। ਭਾਵੇਂ ਕੈਟੇਲ ਦਾ ਵਿਸ਼ਵਾਸ਼ ਹੈ ਕਿ ਸ਼ਖ਼ਸੀਅਤ ਦੇ ਕਾਰਕ ਵਿਵਹਾਰ ਦੀ ਸਥਿਰਤਾ ਵਿਚ ਬਹੁਤ ਹਿੱਸਾ ਪਾਉਂਦੇ ਹਨ, ਪਰ ਉਹ ਇਹ ਵੀ ਮੰਨਦਾ ਹੈ ਕਿ

ਵਿਅਕਤੀ ਦਾ ਮੂਡ ਅਤੇ ਉਸਦੇ ਢੰਗ ਜਿਸ ਤਰ੍ਹਾਂ ਉਹ ਕਿਸੇ ਸਥਿਤੀ ਵਿਚ ਆਪਣੇ ਆਪ ਨੂੰ ਪੇਸ਼ ਕਰਦਾ ਹੈ, ਵੀ ਉਸਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤਰ੍ਹਾਂ ਨਿਸ਼ਚਿਤ ਸਮੀਕਰਣ ਦਰਸਾਉਂਦੀ ਹੈ ਕਿ ਵਿਵਹਾਰ ਨਾ ਤਾਂ ਸਿਰਫ ਵਿਅਕਤੀਤਵ ਕਾਰਕਾਂ ਦਾ ਨਤੀਜਾ ਹੈ ਅਤੇ ਨਾ ਹੀ ਸਿਰਫ ਸਥਿਤਕ ਨਿਰਧਾਰਕਾਂ ਦਾ ਨਤੀਜਾ ਹੈ।

**ਆਈਜ਼ਿੰਕ ਟਾਈਪ-ਟਰੇਟ ਥਿਊਰੀ (Eysencks Personality Theory)** : ਆਈਜ਼ਿੰਕ ਇਕ ਬ੍ਰਿਟਿਸ਼ ਮਨੋਵਿਗਿਆਨਕ ਸੀ, ਜਿਸਦਾ ਮੰਨਣਾ ਹੈ ਕਿ ਮਨੁੱਖੀ ਸਖ਼ਸ਼ੀਅਤ ਦਾ ਅਧਾਰ ਜੀਵਿਕ (Biological) ਹੈ। ਉਹ ਮਨੁੱਖੀ ਸਖ਼ਸ਼ੀਅਤ ਨੂੰ ਐਕਸਟਰੋਵਰਜ਼ਨ, ਇੰਟਰੋਵਰਜ਼ਨ, ਨਿਊਰੋਟੀਸਿਜ਼ਮ ਅਤੇ ਸਾਈਕੋਟੀਸਿਜ਼ਮ ਦੇ ਰੂਪ ਵਿਚ ਬਿਆਨ ਕਰਦਾ ਹੈ। ਉਸਦਾ ਕਹਿਣਾ ਹੈ ਕਿ ਐਕਸਟਰੋਵਰਜ਼ਨ ਸਖ਼ਸ਼ੀਅਤ ਦਾ ਅਧਾਰ ਘੱਟ ਮਾਤਰਾ ਦੀ ਦਿਮਾਗੀ ਉਤੇਜਨਾ ਹੈ। ਇਸ ਦਾ ਅਰਥ ਹੈ ਕਿ ਦਿਮਾਗ ਨੂੰ ਉਤੇਜਿਤ ਹੋਣ ਵਿਚ ਵੱਧ ਪ੍ਰੋਤਸਾਹਨ ਦੀ ਲੋੜ ਪੈਂਦੀ ਹੈ। ਦੂਜੇ ਪਾਸੇ ਇੰਟਰੋਵਰਟ ਸਖ਼ਸ਼ੀਅਤ ਵਾਲੇ ਲੋਕ ਬਹੁਤ ਜਲਦੀ ਉਤੇਜਿਤ ਹੋ ਜਾਂਦੇ ਹਨ ਇਸ ਲਈ ਉਹ ਇਕੱਠ ਵਿਚ ਜਾਣਾ ਪਸੰਦ ਨਹੀਂ ਕਰਦੇ। ਉਹਨਾਂ ਨੂੰ ਉਤੇਜਿਤ ਹੋਣ ਲਈ ਘੱਟ ਪ੍ਰੋਤਸਾਹਨ ਦੀ ਲੋੜ ਹੁੰਦੀ ਹੈ।

**ਦਰਜਾਬੰਦੀ (Hierarchy)** : ਆਈਜ਼ਿੰਕ ਮਨੁੱਖ ਦੀ ਸਖ਼ਸ਼ੀਅਤ ਨੂੰ ਦਰਜਾਬੰਦੀ ਦੇ ਰੂਪ ਵਿਚ ਬਿਆਨ ਕਰਦਾ ਹੈ। ਜੋ ਕਿ ਹੇਠ ਲਿਖੇ ਅਨੁਸਾਰ ਹੈ :

- ਸਭ ਤੋਂ ਹੇਠਾਂ ਹੈ ਕੁਝ ਖਾਸ ਤਰ੍ਹਾਂ ਦਾ 'ਪ੍ਰਤੀਕਰਮ' ਜਿਵੇਂ ਕਿ ਸ਼ਰਮਾਉਣਾ, ਹੱਸਣਾ ਆਦਿ।
- ਦੂਜੇ ਨੰਬਰ ਤੇ ਹੈ 'ਆਦਤਾਂ'। ਕਿਸੇ ਵੀ ਮਨੁੱਖ ਦੀ ਕੋਈ ਆਦਤ ਜਿਵੇਂ ਕਿ ਸਭ ਨੂੰ ਹੱਸਕੇ ਬੁਲਾਉਣਾ।
- ਤੀਜੇ ਨੰਬਰ ਤੇ ਹੈ 'ਗੁਣ (ਟਰੇਟਸ)' ਜਿਵੇਂ ਕਿ ਆਲਸੀ, ਸ਼ਰਮੀਲਾ ਆਦਿ।
- ਸਭ ਤੋਂ ਉਪਰ ਹੈ ਗੁਣਾਂ ਦਾ ਜੋੜ 'ਟਾਈਪ' ਜਿਵੇਂ ਕਿ ਇੰਟਰੋਵਰਟ, ਐਕਸਟਰੋਵਰਟ ਆਦਿ।

**ਸਖ਼ਸ਼ੀਅਤ ਦੀਆਂ ਕਿਸਮਾਂ :**

1. **ਇੰਟਰੋਵਰਜ਼ਨ - ਐਕਸਟਰੋਵਰਜ਼ਨ :**

   ਇੰਟਰੋਵਰਜ਼ਨ ਕਿਸਮ ਵਿਚ ਉਹ ਗੁਣ ਆਉਂਦੇ ਹਨ ਜੋ ਵਿਅਕਤੀ ਨੂੰ ਘੱਟ ਉਤੇਜਨਾ ਦਿੰਦੇ ਹਨ। ਜਿਵੇਂ ਕਿ ਅਲੱਗ ਰਹਿਣਾ, ਘੱਟ ਬੋਲਣਾ, ਇੱਕਠ ਵਿਚ ਸ਼ਾਮਲ ਨਾ ਹੋਣਾ ਆਦਿ ਗੁਣ ਸਾਂਝੇ ਕਰਦੇ ਹਨ।

2. **ਨਿਊਰੋਟੀਸਿਜ਼ਮ ਤੇ ਇਮੋਸ਼ਨਲ ਸਥਿਰਤਾ** : ਇਸਦਾ ਅਧਾਰ ਮਨੁੱਖ ਦਾ ਆਪਣੇ ਜਜ਼ਬਾਤਾਂ ਉਪਰ ਕਾਬੂ ਹੈ। ਇਕ ਪਾਸੇ ਉਹ ਲੋਕ ਹਨ ਜੋ ਕਿ ਜਲਦੀ ਕਾਬੂ ਤੋਂ ਬਾਹਰ ਹੋ ਜਾਂਦੇ ਹਨ, ਚਿੜਚਿੜੇ ਤੇ ਪਰੇਸ਼ਾਨ ਹੋ ਜਾਂਦੇ ਹਨ। ਦੂਜੇ ਪਾਸੇ ਉਹ ਲੋਕ ਹਨ ਜੋ ਕਿ ਸ਼ਾਂਤ, ਆਪਣੇ ਤੇ ਕਾਬੂ ਰੱਖਣ ਵਾਲੇ ਹੁੰਦੇ ਹਨ।

3. **ਸਾਈਕੋਟੀਸਿਜ਼ਮ ਤੇ ਸ਼ੋਸ਼ੇਬੀਲਿਟੀ** : ਸਾਈਕੋਟੀਸਿਜ਼ਮ ਸਖ਼ਸ਼ੀਅਤ ਵਾਲੇ ਤੇ ਸਮਾਜ ਵਿਰੋਧੀ ਕੰਮ ਕਰਦੇ ਹਨ। ਦੂਜੇ ਪਾਸੇ ਉਹ ਵਿਅਕਤੀ ਹਨ ਜੋ ਸਮਾਜ ਦੇ ਹਿੱਤ ਲਈ ਕੰਮ ਕਰਦੇ ਹਨ। ਇਹਨਾਂ ਵਿਚ ਸ਼ਾਂਤੀ ਤੇ ਹਮਦਰਦੀ ਵਧੇਰੇ ਹੁੰਦੀ ਹੈ।

## ਵਿਅਕਤੀਤਵ ਦਾ ਵਿਕਾਸ

## (Personalilty Development)

ਕੈਟੇਲ ਵਿਅਕਤੀਤਵ ਦੇ ਵਿਕਾਸ ਦੇ ਵਿਸ਼ਲੇਸ਼ਣ ਵਿਚ ਪੂਰੀ ਜ਼ਿੰਦਗੀ ਦੇ ਵਕਫੇ ਨੂੰ ਸ਼ਾਮਿਲ ਕਰਦਾ ਹੈ ਅਤੇ ਵਿਕਾਸ ਦੀਆਂ ਸਟੇਜਾਂ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਬਾਲ ਅਵਸਥਾ ਦੇ ਮੁਢਲੇ ਸਾਲ (Infancy), ਬਚਪਨ (Childhood), ਕਿਸ਼ੋਰ ਅਵਸਥਾ (Adolescence), ਪ੍ਰਪੱਕਤਾ (Maturity), ਅਧੇੜ ਉਮਰ (Old Age), ਅਤੇ ਬਿਰਧ ਅਵਸਥਾ (Senility) ਵਿਚ ਵੰਡਿਆ ਗਿਆ ਹੈ। ਕੈਟੇਲ ਦੇ ਵਿਕਾਸ ਦਾ ਰਸਤਾ ਫਰਾਇਡ (Freud) ਦੇ ਵਿਕਾਸ ਨਾਲ ਕਾਫੀ ਹੱਦ ਤਕ ਇਕ ਹੀ ਹੈ। ਕੈਟੇਲ ਦੇ ਅਨੁਸਾਰ ਬਾਲ ਅਵਸਥਾ (Childhood) ਦੇ ਮੁੱਢਲੇ ਸਾਲ (Infancy), ਉਹ

ਸਮਾਂ ਹੈ ਜਦੋਂ ਬੱਚੇ ਅਤੇ ਮਾਂ ਵਿਚਕਾਰ ਸੰਬੰਧ ਸਿਖਰ ਤੇ ਹੁੰਦਾ ਹੈ। ਕਿਸ਼ੋਰ ਅਵਸਥਾ (Adolescence), ਤਣਾਓ ਅਤੇ ਹੰਗਾਮੇ ਦਾ ਸਮਾਂ ਹੁੰਦਾ ਹੈ। ਬਚਪਨ ਕਿਸ਼ੋਰ ਅਵਸਥਾ ਦੇ ਮੁਕਾਬਲੇ ਸ਼ਾਂਤੀ ਵਾਲਾ ਹੁੰਦਾ ਹੈ। ਪ੍ਰੱਕਤਾ (Maturity), ਜੋ 23 ਤੋਂ 46 ਸਾਲ ਦੀ ਉਮਰ ਤੱਕ ਹੁੰਦੀ ਹੈ, ਵਿਚ ਆਪਣੀ ਜੀਵਨ ਸਾਥੀ ਅਤੇ ਕੈਰੀਅਰ ਜਾਂ ਵਿਵਸਾਇ ਨੂੰ ਚੁਣਨ ਦਾ ਮੌਕਾ ਹੁੰਦਾ ਹੈ। ਇਹ ਇਕ ਸਥਾਈ ਸਮਾਂ ਹੁੰਦਾ ਹੈ ਜਿਸ ਵਿਚ ਯੋਗਤਾਵਾਂ ਅਤੇ ਸ਼ਕਤੀਆਂ ਇਕ ਸਥਿਰ ਪੱਧਰ ਤੇ ਹੁੰਦੀਆਂ ਹਨ। ਅਧੇੜ ਉਮਰ (Old Age) ਵਿਚ ਸਰੀਰਕ ਯੋਗਤਾਵਾਂ, ਕੁਸ਼ਲਤਾਵਾਂ ਘੱਟ ਜਾਂਦੀਆਂ ਹਨ ਅਤੇ ਬਿਰਧ ਅਵਸਥਾ (Senility) ਵਿਚ ਰੁਤਬੇ ਅਤੇ ਆਰਥਿਕ ਸਥਿਰਤਾ ਵਿਚ ਕਮੀ ਆਉਂਦੀ ਹੈ।

ਕੈਟੇਲ ਅਨੁਸਾਰ ਵਿਕਾਸ ਦਾ ਪ੍ਰਕ੍ਰਿਆ ਮੂਲ ਪ੍ਰਵ੍ਰਿਤੀਆਂ ਵਿਚ ਸੁਧਾਰ, ਮੈਟਾਅਰਜ਼ ਵਿਚ ਵਾਧਾ ਅਤੇ ਸਵੈ-ਬਣਤਰ ਦੇ ਸੰਗਠਨ ਕਾਰਨ ਹੁੰਦੀ ਹੈ। ਵਿਕਾਸ ਅਤੇ ਸੁਧਾਰ ਬੁੱਧੀ ਯਾਦ ਸ਼ਕਤੀ ਅਤੇ ਰੁਚੀਆਂ ਪ੍ਰਤੀ ਜਿੱਦ ਦੁਆਰਾ ਪ੍ਰਭਾਵਿਤ ਹੁੰਦੀ ਹੈ। ਇਸ ਤਰ੍ਹਾਂ ਸ਼ਖ਼ਸੀਅਤ ਦੇ ਵਿਕਾਸ ਵਿਚ ਵਿਰਾਸਤ ਅਤੇ ਵਾਤਾਵਰਣ ਦੋਹਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ ਜਾਂਦਾ ਹੈ।

ਕੈਟੇਲ ਵਿਕਾਸ ਅਤੇ ਵਾਧੇ (Growth and Development) ਨੂੰ ਪੇਚੀਦਾ ਸਮਝਦਾ ਹੈ। ਗੁਣ ਸਿਰਫ ਵਿਰਾਸਤ ਜਾਂ ਵਾਤਾਵਰਣ ਨਹੀਂ ਬਣਦੇ, ਪਰੰਤੂ ਦੋਵਾਂ ਦੇ ਆਪਸੀ ਪਰਪੱਕਤਾ ਦੇ ਕਾਰਕਾਂ ਨਾਲ ਸੰਬੰਧ ਕਾਰਨ ਬਣਦੇ ਹਨ। ਸਿੱਖਣਾ ਸ਼ਖਸੀਅਤ ਵਿਕਾਸ ਦੀ ਪ੍ਰੱਕਤਾ ਕਰਕੇ ਗੁੰਝਲਦਾਰ ਬਣ ਜਾਂਦੀ ਹੈ। ਪ੍ਰੱਕਤਾ ਕਿਸੇ ਵੀ ਗੁਣ ਅਤੇ ਗੁਣਾਂ ਵਿਚ ਸੰਬੰਧਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੀਵਨ ਦੇ ਮੁੱਢਲੇ ਸਾਲ ਸ਼ਖ਼ਸੀਅਤ ਬਨਾਉਣ ਲਈ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ। ਉਸ ਦਾ ਕਹਿਣਾ ਹੈ ਕਿ ਸ਼ਖ਼ਸੀਅਤ ਦੀ ਬੁਨਿਆਦੀ ਰਚਨਾ ਜ਼ਿੰਦਗੀ ਦੇ ਪਹਿਲੇ ਸੱਤ ਸਾਲਾਂ ਵਿਚ ਜ਼ਿਆਦਾ ਹੁੰਦੀ ਹੈ ਦੇ ਵਿਕਸਿਤ ਹੋ ਰਹੇ ਢਾਂਚੇ ਵਿਚ ਇਕੱਠੀ ਕਰ ਦਿੱਤੀ ਜਾਂਦੀ ਹੈ ਜੋ ਭਵਿੱਖ ਵਿਚ ਹੋ ਰਹੀ ਸਿੱਖਣ ਦੀ ਪ੍ਰਕ੍ਰਿਆ ਤੇ ਅਸਰ ਪਾਉਂਦੀ ਹੈ।

### 2.2.5.4 ਖੋਜੀ ਵਿਧੀ **(Research Method)** :

ਕੈਟੇਲ (Catell) ਬੜੇ ਵੱਡੇ ਪੈਮਾਨੇ ਤੇ ਖੋਜ ਅਤੇ ਸ਼ਖ਼ਸੀਅਤ ਖੋਜ ਦੀ ਰੂਪ-ਰੇਖਾ ਬਨਾਉਣ ਵਿਚ ਪੂਰੀ ਤਰ੍ਹਾਂ ਸਮਰਪਿਤ ਹੈ। ਸ਼ਖ਼ਸੀਅਤ ਖੋਜ ਦੇ ਖੇਤਰ ਵਿਚ ਉਸਨੇ ਕਈ ਸਹਿ-ਸੰਬੰਧਾਂ ਦੀਆਂ ਵਿਧੀਆਂ ਤੇ ਜ਼ੋਰ ਦਿੱਤਾ। ਉਸਦੇ ਅਨੁਸਾਰ ਵਿਅਕਤੀਤਵ ਖੋਜ ਦੀਆਂ ਤਿੰਨ ਪ੍ਰਮੁੱਖ ਤਕਨੀਕਾਂ ਹਨ

(1) ਆਰ-ਤਕਨੀਕ (R-Technique):

ਇਸ ਕਿਸਮ ਦੀਆ ਤਕਨੀਕਾਂ ਮਨੋਵਿਗਿਆਨਕਾਂ ਦੀਆਂ ਪ੍ਰਚਲਿਤ ਤਕਨੀਕਾਂ ਹਨ। ਇਸ ਵਿਚ ਬਹੁਤ ਸਾਰੇ ਵਿਅਕਤੀਆਂ ਦੀ ਦੋ ਤੋਂ ਵੱਧ ਟੈਸਟਾਂ ਤੇ ਉਨ੍ਹਾਂ ਦੀ ਪਰਫਾਰਮੈਂਸ (Performance) ਦੇ ਆਧਾਰ ਤੇ ਤੁਲਨਾ ਕੀਤੀ ਜਾਂਦੀ ਹੈ।

(2) ਪੀ-ਤਕਨੀਕ (P-Technique) :

ਇਸ ਵਿਚ ਇਕ ਹੀ ਵਿਅਕਤੀ ਦੇ ਸਕੋਰ ਨੂੰ ਅਲੱਗ-ਅਲੱਗ ਟੈਸਟਾਂ ਤੇ ਵੱਖ-ਵੱਖ ਸਮੇਂ ਤੇ ਨਾਪਿਆ ਜਾਂਦਾ ਹੈ। ਇਸ ਤਰਾਂ ਇਹ ਵਿਅਕਤੀ ਦੇ ਵਿਵਹਾਰ ਵਿਚ ਸਮਰੂਪਤਾ ਜਾਂ ਭਿੰਨਤਾ ਦਰਸਾਉਂਦੇ ਹਨ।

ਇਸ ਤਰ੍ਹਾਂ ਕੈਟੇਲ ਦੇ ਸਿਧਾਂਤ ਨੂੰ ਹੇਠ ਲਿਖੇ ਸਾਰ ਰਾਹੀਂ ਦਰਸਾਇਆ ਜਾਂਦਾ ਹੈ :

(1) ਗੁਣ, ਵਿਹਾਰ ਅਤੇ ਸਮਰੂਪਤਾ ਲਈ ਗਿਣੇ ਜਾਂਦੇ ਹਨ।

(2) ਕੈਟੇਲ ਦੇ ਸਿਧਾਂਤ ਨੂੰ ਗੁਣਾਤਮਕ ਢੰਗ ਨਾਲ ਪਰਖਿਆ ਜਾ ਸਕਦਾ ਹੈ।

(3) ਕੈਟੇਲ ਦੀ ਸਹਾਇਤਾ ਦਾ ਸਿਧਾਂਤ ਤੇ ਟੀਚਾ ਪ੍ਰਾਪਤੀ ਸਰੂਪ ਤੇ ਜ਼ੋਰ ਦਿੰਦਾ ਹੈ।

(4) ਕੈਟੇਲ ਸ਼ਖ਼ਸੀਅਤ ਦੇ ਚੇਤਨ ਪੱਖ ਤੇ ਜ਼ੋਰ ਦਿੰਦਾ ਹੈ।

(5) ਉਹ ਵਿਅਕਤੀਤਵ ਦੇ ਵਿਕਾਸ ਅਤੇ ਵਿਰਾਸਤ ਅਤੇ ਵਾਤਾਵਰਣੀ ਦੋਵੇਂ ਕਾਰਕਾਂ ਦੇ ਮਹੱਤਵ ਨੂੰ ਮੰਨਦਾ ਹੈ।

(6) ਕੈਟੇਲ ਸ਼ਖ਼ਸੀਅਤ ਵਿਕਾਸ ਦੇ ਜ਼ਿੰਦਗੀ ਦੇ ਪੈਮਾਨੇ, ਪੱਖ ਤੇ ਜ਼ੋਰ ਦਿੰਦਾ ਹੈ।

### 2.2.6 ਸਾਰ :

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸ਼ਖਸ਼ੀਅਤ ਦੀ ਵਿਆਖਿਆ ਕਰਨ ਲਈ ਮਨੋਵਿਗਿਆਨੀਆਂ ਦੁਆਰਾ ਦਿੱਤੇ ਗਏ ਅਲੱਗ-ਅਲੱਗ ਸਿਧਾਤਾਂ ਦੀ ਬਜਾਏ ਇਕ Eclectic ਅਪਰੋਚ ਦੀ ਜ਼ਰੂਰਤ ਹੈ। ਸ਼ਖਸ਼ੀਅਤ ਦੇ ਗੁੰਝਲਦਾਰ ਸਰੂਪ ਕਰਕੇ ਆਮ ਜ਼ਿੰਦਗੀ ਵਿਚ ਸ਼ਖਸ਼ੀਅਤ ਦੀ ਪਰਿਭਾਸ਼ਾ ਬਾਹਰੀ ਦਿੱਖ ਦੁਆਰਾ ਪੈਣ ਵਾਲੇ ਪ੍ਰਭਾਵ ਦੁਆਰਾ ਹੀ ਨਾਪੀ ਜਾਂਦੀ ਹੈ।

### *2.2.7 ਸ਼ਬਦਾਰਥ ਸੂਚੀ*

*1. **ਇੱਡ** : ਫ੍ਰਾਇਡ ਦੇ ਅਨੁਸਾਰ ਇਹ ਇੱਕ ਅਜਿਹੀ ਬੁਨਿਆਦੀ ਪ੍ਰਵਿਰਤੀ ਹੈ ਜੋ ਜ਼ਿਆਦਾਤਰ ਵਿਵਹਾਰ ਦੇ ਅੰਦਰਲੀ ਸਤਹਿ ਤੇ ਕੰਮ ਕਰਦੀ ਹੈ।*

*2. **ਈਗੋ** : ਆਪਣੇ ਬਾਰੇ ਵਿਅਕਤੀ ਦੀ ਸਵੈ-ਧਾਰਨਾ। ਇਹ ਸ਼ਖਸ਼ੀਅਤ ਦਾ ਉਹ ਹਿੱਸਾ ਹੈ ਜੋ, ਤਜਰਬੇ ਦੇ ਨਤੀਜੇ ਵੱਜੋਂ, ਇੱਡ ਦੇ ਪ੍ਰਗਟਾਓ ਨੂੰ ਰੋਕਦਾ ਹੈ ਅਤੇ ਸੁਪਰ-ਇਗੋ ਤੇ ਵਾਤਾਵਰਣ ਦੀਆਂ ਜ਼ਰੂਰਤਾਂ ਨਾਲ ਵਿਚਰਦਾ ਹੈ।*

*3. **ਸੁਪਰ-ਈਗੋ** : ਸੁਪਰ ਈਗੋ ਆਪਣੇ ਪੂਰਵ ਤਜਰਬਿਆਂ ਦਾ ਸਰੂਪ ਹੈ। ਇਸ ਦੀਆਂ ਦੋ ਕਿਸਮਾਂ ਹਨ - (1) ਅੰਤਰ-ਆਤਮਾ - ਜੋ ਸਮਾਜ ਵਿਰੋਧੀ ਵਿਵਹਾਰ ਦੇ ਪ੍ਰਗਟਾਓ ਨੂੰ ਕਾਬੂ ਵਿੱਚ ਰੱਖਦਾ ਹੈ, (2) ਈਗੋ-ਆਦਰਸ਼ - ਜੋ ਵਿਅਕਤੀ ਦੀਆਂ ਪ੍ਰੇਰਨਾਵਾਂ ਨਾਲ ਸੰਬੰਧਿਤ ਹੈ।*

### 2.2.8 *ਵੱਡੇ ਸਵਾਲ*

*1. ਸੁਰੱਖਿਆ ਕਿਰਿਆ ਵਿਧੀਆਂ ਦਾ ਸੰਖੇਪ ਵਰਨਣ ਕਰੋ।*

*2. ਮੂਲ ਰਚਨਾ ਗੁਣ ਅਤੇ ਧਰਾਤਲ ਗੁਣਾਂ ਤੇ ਟਿੱਪਣੀ ਕਰੋ।*

### 2.2.9 *ਛੋਟੇ ਸਵਾਲ*

*1. ਮੈਟਾਅਰਜ਼ ਦਾ ਸੰਖੇਪ ਵਿਚ ਵਰਨਣ ਕਰੋ।*

*2. ਪ੍ਰਸ਼ਨਾਵਲੀ ਡਾਟਾ ਤੋਂ ਕੀ ਭਾਵ ਹੈ।*

### 2.2.10 ਸਹਾਇਕ ਪੁਸਤਕਾਂ

1. Hall & Lindzey : Theories of Personality
2. Morgan et al. : An Introduction of Psychology
3. Srivastava : Recent Approaches to Personality Study

ਪਾਠ ਨੰ: 2.3

ਲੇਖਿਕਾ : ਡਾ. ਮਮਤਾ ਸ਼ਰਮਾ

Last updated July, 2023

# ਸ਼ਖਸ਼ੀਅਤ ਦੇ ਮੁਲਅੰਕਣ
# (ASSESSMENT OF PERSONALITY)

2.3.0 ਉਦੇਸ਼
2.3.1 ਭੂਮਿਕਾ
2.3.2 ਸ਼ਖਸ਼ੀਅਤ ਮੁਲਅੰਕਣ ਦੀ ਧਾਰਨਾ
2.3.3 ਆਤਮ-ਨਿਸ਼ਠ ਵਿਧੀਆਂ (Subjective Methods)
2.3.3.1 ਇੰਟਰਵਿਊ
2.3.3.2 ਵਿਅਕਤੀ ਇਤਿਹਾਸ ਵਿਧੀ
2.3.3.3 ਪ੍ਰਸ਼ਨਾਵਲੀ ਵਿਧੀ
2.3.3.4 ਆਤਮ ਕਥਾ ਵਿਧੀ
2.3.4 ਵਸਤੂ-ਨਿਸ਼ਠ ਵਿਧੀਆਂ (Objective Methods)
2.3.4.1 ਨਿਰੀਖਣ ਵਿਧੀ
2.3.4.2 ਪਰਸਥਿਤੀ ਸੰਬੰਧੀ ਅਤੇ ਵਿਵਹਾਰਿਕ ਟੈਸਟ
2.3.4.3 ਰੇਟਿੰਗ ਸਕੇਲ ਵਿਧੀ
2.3.5 ਪ੍ਰਖੇਪਕ ਵਿਧੀਆਂ (Projective Methods)
2.3.5.1 ਰੋਸ਼ਾਅ ਟੈਸਟ
2.3.5.2 ਥੀਮੈਟਿਕ ਐਪਰਸੈਪਸ਼ਨ ਟੈਸਟ
2.3.5.3 ਮਨੋਵਿਸ਼ਲੇਸ਼ਣਾਤਮਕ ਵਿਧੀ
2.3.5.4 ਡਰਾਇੰਗ, ਪੇਂਟਿੰਗ ਅਤੇ ਮੂਰਤੀ ਕਲਾ ਪ੍ਰਖੇਪਣ
2.3.5.5 ਹੱਥ ਲਿਖਤ ਵਿਸ਼ੇਸ਼ਤਾਵਾਂ
2.3.5.6 ਨਿਰਾਸ਼ਾ ਸੰਬੰਧੀ ਚਿੱਤਰ ਦਾ ਅਧਿਐਨ
2.3.6 ਸਾਰ
2.3.7 ਸ਼ਬਦਾਵਲੀ
2.3.8 ਵੱਡੇ ਸਵਾਲ
2.3.9 ਛੋਟੇ ਸਵਾਲ

2.3.10 ਸਹਾਇਕ ਪੁਸਤਕਾਂ

### *2.3.0 ਉਦੇਸ਼ :*

*ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਸ਼ਖਸ਼ੀਅਤ ਮਾਪ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਪ ਕਰਨਾ ਹੈ। ਇਸ ਪਾਠ ਵਿੱਚ ਸ਼ਖਸ਼ੀਅਤ ਮਾਪ ਦੀ ਧਾਰਨਾ ਬਾਰੇ ਵਰਨਣ ਕੀਤਾ ਜਾਵੇਗਾ। ਸ਼ਖਸ਼ੀਅਤ ਮਾਪ ਦੀ ਧਾਰਨਾ ਅਤੇ ਸਰੂਪ ਦੇ ਆਧਾਰ ਤੇ ਇਹਨਾਂ ਦੇ ਵਰਗੀਕਰਣ ਬਾਰੇ ਵੀ ਚਰਚਾ ਕੀਤੀ ਗਈ ਹੈ। ਇਹ ਪਾਠ-ਸਮਗਰੀ ਵਿਦਿਆਰਥੀਆਂ ਦੇ ਹੇਠ ਲਿਖੇ ਤੱਥ ਸਮਝਣ ਦੇ ਯੋਗ ਬਣਾਏਗੀ।*

*(1) ਆਤਮ ਨਿਸ਼ਠ ਵਿਧੀਆਂ ਕੀ ਹਨ ?*

*(2) ਇਸ ਵਿਧੀ ਵਿੱਚ ਵਰਤੇ ਜਾਂਦੇ ਵੱਖ-ਵੱਖ ਢੰਗ ਕਿਹੜੇ ਹਨ ?*

*(3) ਵਸਤੂ ਨਿਸ਼ਠ ਵਿਧੀਆਂ ਦੁਆਰਾ ਵਿਅਕਤੀਤਵ ਦਾ ਮਾਪ ਕਿਵੇਂ ਸੰਭਵ ਹੈ ?*

*(4) ਸ਼ਖਸ਼ੀਅਤ ਦੇ ਅਚੇਤ ਮਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰਖੇਪਕ ਵਿਧੀਆਂ ਦਾ ਕੀ ਰੋਲ ਹੈ?*

### *2.3.1 ਭੂਮਿਕਾ :*

*ਵੱਖ-ਵੱਖ ਵਿਅਕਤੀਆਂ ਦੀਆਂ ਵਿਅਕਤੀਗਤ ਵਿਸ਼ੇਸ਼ਤਾਵਾਂ ਨੂੰ ਮਾਪਣ ਲਈ ਮਨੋਵਿਗਿਆਨੀਆਂ ਨੇ ਵੱਖ-ਵੱਖ ਵਿਧੀਆਂ ਵਿਕਸਿਤ ਕੀਤੀਆਂ ਹਨ। ਸ਼ਖਸ਼ੀਅਤ ਗਤੀਸ਼ੀਲ ਹੈ ਜਿਸ ਕਰਕੇ ਇਸਦਾ ਨਾਪ ਇੱਕ ਗੁੰਝਲਦਾਰ ਪ੍ਰਕ੍ਰਿਆ ਹੈ। ਸ਼ਖਸ਼ੀਅਤ ਨੂੰ ਮਾਪਣ ਲਈ, ਚਾਹੇ ਆਤਮ-ਨਿਸ਼ਠ ਵਿਧੀਆਂ ਦੀ ਵਰਤੋਂ ਕੀਤੀ ਜਾਵੇ ਜਾ ਵਸਤੂ-ਨਿਸ਼ਠ ਵਿਧੀਆਂ ਦੀ, ਹਰ ਵਿਧੀ ਦਾ ਮੁੱਖ ਉਦੇਸ਼ ਵਿਅਕਤੀ ਦੇ ਚੇਤ ਅਤੇ ਅਚੇਤ ਮਨ ਵਿਚ ਛੁਪੀਆਂ ਹੋਈਆਂ ਪ੍ਰੇਰਨਾਵਾਂ, ਭਾਵਨਾਵਾਂ ਦੇ ਪ੍ਰਗਟਾਓ ਨੂੰ ਸਮਰਥ ਬਨਾਉਣਾ ਹੈ।*

### 2.3.2 ਸ਼ਖਸ਼ੀਅਤ ਦੇ ਮੁਲਅੰਕਣ ਦੀ ਧਾਰਨਾ (ASSESSMENT OF PERSONALITY) :

ਸ਼ਖ਼ਸੀਅਤ ਦੇ ਸਾਰੇ ਸਿਧਾਂਤ ਮੰਨਦੇ ਹਨ ਕਿ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਿਅਕਤੀਗਤ ਭਿੰਨਤਾ ਬਹੁਤ ਹੈ ਅਤੇ ਇਸ ਭਿੰਨਤਾ ਨੂੰ ਨਾਪਿਆ ਜਾ ਸਕਦਾ ਹੈ। ਕਿਸੇ ਵਿਕਅਤੀ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਪਾਕ੍ਰਿਆ ਨੂੰ ਮੁਲਅੰਕਣ ਕਹਿੰਦੇ ਹਨ। ਵਿਸ਼ੇਸ਼ ਤੌਰ ਤੇ ਮੁਲਅੰਕਣ ਖਾਸ ਸਥਿਤੀਆਂ ਵਿਚ ਕਿਸੇ ਖਾਸ ਉਤੇਜਕ ਪ੍ਰਤੀ ਵਿਵਹਾਰ ਦਾ ਕ੍ਰਮਬੱਧ ਨਿਰੀਖਣ ਹੈ। ਮੁਲਅੰਕਣ ਦੀਆਂ ਘੱਟੋ ਘੱਟ ਚਾਰ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਰਕੇ ਭਿੰਨਤਾ ਹੁੰਦੀ ਹੈ :

1. ਸਥਿਤੀ ਦਾ ਰੂਪ (Nature of Situation);
2. ਉਤੇਜਕ ਦਾ ਸਰੂਪ (Nature of Stimulus);
3. ਦਿੱਤੀਆਂ ਗਈਆਂ ਹਾਦਇਤਾਂ ਦਾ ਸਰੂਪ (Nature of Instructions given); ਅਤੇ
4. ਇੱਛਤ ਪ੍ਰਕ੍ਰਿਆ ਦਾ ਸਰੂਪ (Nature of response required) ।

ਇਨ੍ਹਾਂ ਤੋਂ ਇਲਾਵਾ ਅੰਕੜੇ ਇਕੱਠੇ ਕਰਨ, ਸਕੋਰ ਕਰਨਾ, ਵਿਸ਼ਲੇਸ਼ਣ ਕਰਨਾਂ ਅਤੇ ਉਨ੍ਹਾਂ ਦੀ ਵਿਆਖਿਆ ਕਰਨ ਦੇ ਢੰਗ ਵਿਚ ਵੀ ਭਿੰਨਤਾ ਹੁੰਦੀ ਹੈ। ਸਾਰੀਆਂ ਨਿਰੀਖਣਾਂ ਅਰਥਪੂਰਣ ਅਤੇ ਕ੍ਰਮਬੱਧ ਹੋਣੀਆਂ ਚਾਹੀਦੀਆਂ ਹਨ। ਸ਼ਖ਼ਸੀਅਤ ਦੇ ਬਹੁਤ ਸਾਰੇ ਗੁਣਾਂ ਅਤੇ ਲੱਛਣਾਂ ਦਾ ਮਾਪਣ ਕਰਕੇ ਅਸੀਂ ਵਿਅਕਤੀ ਦੀ ਸ਼ਖ਼ਸੀਅਤ ਸੰਬੰਧੀ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਾਂ। ਵਿਅਕਤੀਤਵ ਦਾ ਮੁਲਅੰਕਣ ਕਰਕੇ ਮਾਨਸਿਕ ਰੋਗਾਂ ਦਾ ਕਾਰਨ ਅਤੇ ਉਨ੍ਹਾਂ ਦਾ ਉਚਿਤ ਇਲਾਜ ਲੱਭ ਸਕਦੇ ਹਾਂ। ਪੁਰਾਣੇ ਸਮੇ ਤੋਂ ਹੀ ਮਨੋਵਿਗਿਆਨੀ ਸ਼ਖ਼ਸੀਅਤ ਮਾਪਣ ਦੀਆਂ ਵਿਧੀਆਂ ਵਿਕਸਿਤ ਕਰਨ ਵਿਚ ਯਤਨਸ਼ੀਲ ਰਹੇ ਹਨ । ਸ਼ਾਇਦ ਇਸ ਦਾ ਇਕ ਕਾਰਣ ਇਹ ਹੈ ਕਿ ਮਨੁੱਖ ਦਾ ਵਿਅਕਤੀਤਵ ਬਹੁਤ ਗੁੰਝਲਦਾਰ ਹੈ ਜਿਸਨੂੰ ਸਮਝਣਾ ਔਖਾ ਕੰਮ ਹੈ। ਸ਼ਖ਼ਸੀਅਤ ਮਾਪਣ ਵਿਚ ਵੱਡੀ ਔਕੜ ਇਹ ਹੈ ਕਿ ਇਹ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੈ ਅਤੇ ਇਹ ਸਥਿਰ ਨਹੀਂ ਰਹਿੰਦੀ। ਤੀਜੀ ਔਕੜ ਇਹ ਹੈ ਕਿ ਚੂੰਕਿ ਵਿਅਕਤੀ ਹੀ ਦੂਜੇ ਵਿਅਕਤੀ ਦੀ ਸ਼ਖ਼ਸੀਅਤ ਦਾ ਮੁਲਅੰਕਣ ਕਰਦਾ ਹੈ ਇਸ ਲਈ ਉਹ ਨਿਰਪੱਖ ਨਹੀਂ ਹੋ ਸਕਦਾ। ਉਹ ਆਪਣੇ ਦ੍ਰਿਸ਼ਟੀਕੋਣ ਦੁਆਰਾ ਦੂਜੇ ਦਾ ਪਰਖੇਪਣ ਕਰਦਾ ਹੈ।

ਸ਼ਖ਼ਸੀਅਤ ਮਾਪਣ ਵਿਚ ਸਭ ਤੋਂ ਵੱਡੀ ਔਕੜ ਇਹ ਹੈ ਕਿ ਮਨੁੱਖ ਇਕ ਬਹੁਤ ਬੁੱਧੀਮਾਨ ਅਤੇ ਚਤੁਰ ਜੀਵ ਹੈ। ਉਹ ਆਪਣੀ

ਸ਼ਖ਼ਸੀਅਤ ਦੇ ਮਾਪਣ ਤੋਂ ਬਚਣ ਲਈ ਸਾਰੀਆਂ ਵਿਧੀਆਂ ਅਪਣਾ ਸਕਦਾ ਹੈ। ਭਾਵੇਂ ਉਹ ਸਵੈ-ਇੱਛਾ ਨਾਲ ਇਕ ਮਾਪਣ ਕ੍ਰਿਆ ਵਿਚ ਸਹਿਯੋਗ ਦੇਣਾ ਵੀ ਚਾਹੇ, ਉਹ ਆਪਣੀਆਂ ਛੁਪੀਆਂ ਹੋਈਆਂ ਅਚੇਤਨ ਪ੍ਰੇਰਨਾਵਾਂ ਦਾ ਪ੍ਰਗਟਾਵਾ ਕਰਨ ਵਿਚ ਸਮਰਥ ਨਹੀਂ ਹੋ ਸਕਦਾ। ਕਿਉਂਕਿ ਸ਼ਖ਼ਸੀਅਤ ਇਕ ਮਨੋਵਿਗਿਆਨਕ ਗੁੰਝਲਦਾਰ ਮਨੋ ਸਰੀਰਕ ਸੰਗਠਨ ਹੈ ਇਸ ਲਈ ਇਸ ਨੂੰ ਮਾਪਣ ਲਈ ਕੋਈ ਭੌਤਿਕ ਪੈਮਾਨਾ ਜਾਂ ਮੀਟਰ ਉਪਲਬਧ ਨਹੀਂ ਹੈ ਫਿਰ ਵੀ ਮਨੋਵਿਗਿਆਨੀਆਂ ਨੇ ਬਹੁਤ ਮਿਹਨਤ ਕਰਕੇ ਸ਼ਖ਼ਸੀਅਤ ਮਾਪਣ ਦੀਆਂ ਵਿਗਿਆਨਕ ਵਿਧੀਆਂ ਅਤੇ ਟੈਸਟਾਂ ਦਾ ਨਿਰਮਾਣ ਕੀਤਾ ਹੈ ਜਿਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਉਨ੍ਹਾਂ ਦੀ ਵਿਆਖਿਆ ਕੀਤੀ ਗਈ :

1. ਆਤਮ-ਨਿਸ਼ਠ ਵਿਧੀਆਂ (Subjective Methods);
2. ਵਸਤੂ-ਨਿਸ਼ਠ ਵਿਧੀਆਂ (Objective Methods); ਅਤੇ
3. ਪ੍ਰਖੇਪਕ ਵਿਧੀਆਂ (Projective Methods);

## 2.3.3 ਆਤਮ-ਨਿਸ਼ਾਠ ਵਿਧੀਆਂ (Subjective Methods):

ਆਤਮ-ਨਿਸ਼ਠ ਵਿਧੀਆਂ ਵਿਚ ਵਿਅਕਤੀ ਨਾਲ ਸੰਬੰਧਿਤ ਸੂਚਨਾਵਾਂ ਵਿਅਕਤੀ ਤੋਂ, ਉਸਦੇ ਮਿੱਤਰਾਂ, ਸੰਬੰਧੀ ਗੁਆਂਢੀਆਂ ਜਾਂ ਦੂਜੇ ਸਾਧਨਾਂ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸ਼ਖ਼ਸੀਅਤ ਦੇ ਮਾਪ ਦੀਆਂ ਕੁਝ ਪ੍ਰਮੁੱਖ ਆਤਮ-ਨਿਸ਼ਠ ਵਿਧੀਆਂ ਹੇਠ ਲਿਖੀਆਂ ਹਨ :

### 2.3.3.1. ਇੰਟਰਵਿਊ (Interview) :

ਤਕਨੀਕੀ ਤੌਰ ਤੇ ਇੰਟਰਵਿਊ ਇਕ ਆਹਮੋ-ਸਾਹਮਣੇ ਸਥਿਤੀ ਵਿਚ ਵਾਰਤਾਲਾਪ ਹੈ ਜਿਸ ਵਿਚ ਇੰਟਰਵਿਊ ਲੈਣ ਵਾਲਾ ਵਿਸ਼ਯੀ ਤੋਂ ਸਿੱਧੇ ਪੁੱਛਦਾ ਹੈ ਅਤੇ ਸੂਚਨਾ ਇਕੱਠੀ ਕਰਦਾ ਹੈ। ਇੰਟਰਵਿਊ ਲੈਣ ਸਮੇਂ ਮਿੱਤਰਤਾ ਭਰਿਆ ਵਾਤਾਵਰਨ ਪੈਦਾ ਕੀਤਾ ਜਾਂਦਾ ਹੈ। ਇੰਟਰਵਿਊ ਦੇਣ ਵਾਲਾ ਸੁਤੰਤਰ ਰੂਪ ਵਿਚ ਆਪਣੇ ਪੂਰਬ ਅਨੁਭਵ ਅਤੇ ਸਮੱਸਿਆਵਾਂ ਬਿਆਨ ਕਰਦਾ ਹੈ। ਇਸ ਪ੍ਰਕਾਰ ਉਸਦੀ ਸਮੁੱਚੀ ਸ਼ਖ਼ਸੀਅਤ ਪ੍ਰਤੱਖ ਹੋ ਜਾਂਦੀ ਹੈ। ਇੰਟਰਵਿਊ ਦੇ ਤਿੰਨ ਪ੍ਰਮੁੱਖ ਚਰਨ (Step) ਹਨ :

(a) **ਆਰੰਭ** (Opening) : ਇਸ ਭਾਗ ਵਿਚ ਇੰਟਰਵਿਊ ਲੈਣ ਵਾਲੇ ਅਤੇ ਦੇਣ ਵਾਲੇ ਦੇ ਵਿਚਕਾਰ ਗੂੜਾ ਸੰਬੰਧ ਸਥਾਪਿਤ ਕੀਤਾ ਜਾਂਦਾ ਹੈ ਅਰਥਾਤ ਰਿਪੋਰਟ (Report) ਬਣਾਈ ਜਾਂਦੀ ਹੈ।

(b) **ਮੱਧ** (Middle) : ਇੰਟਰਵਿਊ ਦੀ ਬਾਡੀ ਵਿਚ ਵਿਸ਼ਯੀ ਅਤੇ ਉਸ ਨਾਲ ਸੰਬੰਧਿਤ ਤੱਥਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰਸ਼ਨ ਪੁੱਛੇ ਜਾਂਦੇ ਹਨ।

(c) **ਅੰਤ** (Closing) : ਇੰਟਰਵਿਊ ਲੈਣ ਵਾਲੇ ਦੁਆਰਾ ਇੰਟਰਵਿਊ ਸਮਾਪਤ ਕੀਤੀ ਜਾਂਦੀ ਹੈ। ਇਥੇ ਇਹ ਸਪੱਸ਼ਟ ਹੈ ਕਿ ਇੰਟਰਵਿਊ ਸਮਾਪਤ ਹੋਣ ਤੋਂ ਬਾਅਦ ਵਿਸ਼ਯੀ ਨੂੰ ਸੰਤੁਸ਼ਟੀ ਅਨੁਭਵ ਹੋਣੀ ਚਾਹੀਦੀ ਹੈ

(i) ਇੰਟਰਵਿਊ ਦੋ ਪ੍ਰਕਾਰ ਦੀ ਹੁੰਦੀ ਹੈ।

(a) (Unstructured Interview): ਇਸ ਸੂਰਤ ਵਿਚ ਇੰਟਰਵਿਊ ਲੈਣ ਵਾਲਾ ਬਗੈਰ ਕਿਸੇ ਪੂਰਬ ਸਕੀਮ ਤੋਂ ਲੋੜ ਸਮੇਂ ਅਨੁਸਾਰ ਪ੍ਰਸ਼ਨ ਪੁੱਛਦਾ ਹੈ ਅਤੇ ਵਿਅਕਤੀ ਦੀ ਸ਼ਖ਼ਸੀਅਤ ਬਾਰੇ ਆਪਣੀ ਧਾਰਣਾ ਬਣਾਉਂਦਾ ਹੈ।

(b) (Structured Interview): ਇਸ ਕੇਸ ਵਿਚ ਇੰਟਰਵਿਊ ਲੈਣ ਵਾਲਾ ਪਹਿਲਾਂ ਤੋਂ ਹੀ ਤਜਵੀਜ਼ ਕੀਤੇ ਕਿਸੇ ਵਿਸ਼ੇਸ਼ ਵਿਸ਼ੇ ਨਾਲ ਸੰਬੰਧਿਤ ਪ੍ਰਸ਼ਨ ਪੁੱਛਦਾ ਹੈ।

ਇੰਟਰਵਿਊ ਦੌਰਾਨ ਵਿਅਕਤੀ ਨਾਲ ਸਿੱਧਾ ਸੰਪਰਕ ਹੋ ਜਾਂਦਾ ਹੈ। ਉਸਦੀ ਬੋਲ-ਚਾਲ, ਤੋਰ-ਤਰੀਕੇ ਅਤੇ ਅਨੁਕ੍ਰਿਆਵਾਂ ਦਾ ਬੋਧ ਹੋ ਜਾਂਦਾ ਹੈ। ਪਰੰਤੂ ਇਸਦੇ ਦੋਸ਼ ਇਹ ਹਨ ਕਿ ਕਈ ਵਾਰ ਪੱਖਪਾਤ ਸਿੱਟਿਆਂ ਨੂੰ ਪ੍ਰਭਾਵਿਤ ਕਰ ਦਿੰਦਾ ਹੈ। ਕਈ ਵਾਰ ਇੰਟਰਵਿਊ ਲੈਣ ਵਾਲਾ ਆਪਣੀ ਧਾਰਨਾ ਅਨੁਸਾਰ ਹੀ ਨਿਰਣੈ ਦੇ ਦਿੰਦਾ ਹੈ। ਆਤਮ-ਨਿਸ਼ਠ ਵਿਧੀ ਹੋਣ ਕਰਕੇ ਜ਼ਿਆਦਾ ਭਰੋਸੇ ਯੋਗ ਨਹੀਂ ਹੈ।

### 2.3.3.2 ਵਿਅਕਤੀ ਇਤਿਹਾਸ ਵਿਧੀ **(Case History Method)** :

ਇਸ ਵਿਧੀ ਅਨੁਸਾਰ ਵਿਅਕਤੀ ਦੇ ਜਨਮ ਤੋਂ ਲੈ ਕੇ ਵਰਤਮਾਨ ਅਵਸਥਾ ਤੱਕ ਦੀਆਂ ਸਾਰੀਆਂ ਘਟਨਾਵਾਂ ਬਾਰੇ ਸੂਚਨਾ ਇਕੱਠੀ ਕੀਤੀ ਜਾਂਦੀ ਹੈ ਅਤੇ ਵਿਅਕਤੀ ਦੇ ਸ਼ਖ਼ਸੀਅਤ ਬਾਰੇ ਅੰਦਾਜਾ ਲਗਾਇਆ ਜਾਂਦਾ ਹੈ। ਇਹ ਵਿਧੀ ਆਮ ਤੌਰ ਤੇ ਮਾਨਸਿਕ ਚਿਕਿਤਸਾਵਾਂ ਦੁਆਰਾ ਵਰਤੀ ਜਾਂਦੀ ਹੈ। ਇਸ ਵਿਧੀ ਦਾ ਦੋਸ਼ ਇਹ ਹੈ ਕਿ ਨਿਜੀ ਇਤਿਹਾਸ ਤਿਆਰ ਕਰਨਾ ਬਹੁਤ ਔਖਾ ਕੰਮ ਹੈ। ਇਸ ਕੰਮ ਵਿਚ ਸਮਾਂ ਤੇ ਸ਼ਕਤੀ ਵਧੇਰੇ ਖਰਚ ਹੁੰਦੀ ਹੈ। ਵਿਅਕਤੀਗਤ ਇਤਿਹਾਸ ਤਿਆਰ ਕਰਨ ਲਈ ਵਿਸ਼ੇਸ਼ ਸਿਖਲਾਈ ਦੀ ਲੋੜ ਹੁੰਦੀ ਹੈ।

### 2.3.3.3ਪ੍ਰਸ਼ਨਾਵਲੀ ਵਿਧੀ **(Questionnaire Method)** :

ਇਸ ਵਿਧੀ ਵਿਚ ਕੁਝ ਪ੍ਰਸ਼ਨਾਂ ਜਾਂ ਕਥਨਾਂ ਦੀ ਲਿਸਟ ਵੀ ਸ਼ਾਮਲ ਹੈ। ਇਨ੍ਹਾਂ ਵਿਚੋਂ ਹਰ ਪ੍ਰਸ਼ਨ ਭਾਵਨਾਵਾਂ, ਆਦਤਾਂ ਜਾਂ ਸ਼ਖ਼ਸੀਅਤ ਦੀਆਂ ਵਿਸ਼ੇਸਤਾਵਾਂ ਅਤੇ ਵਿਵਹਾਰ ਆਦਿ ਨਾਲ ਸੰਬੰਧਿਤ ਹੁੰਦਾ ਹੈ। ਜਿਸ ਵਿਅਕਤੀ ਨੂੰ ਪਰਖਿਆ ਜਾਂਦਾ ਹੈ ਉਸ ਨੂੰ ਹਰ ਕਥਨ ਤੋਂ ਆਪਣੀ ਸਹਿਮਤੀ ਜਾਂ ਅਸਹਿਮਤੀ ਵਿਅਕਤੀ ਦੇ ਗੁਣਾਂ ਨੂੰ ਪ੍ਰਗਟ ਕਰਦੀ ਹੈ। ਹਰ ਪ੍ਰਸ਼ਨ ਨੂੰ 'ਹਾਂ' ਜਾਂ 'ਨਾਂ' ਜਾਂ ਕਿਸੇ ਹੋਰ ਚਿੰਨ੍ਹ ਦੁਆਰਾ ਮਾਰਕ ਕੀਤਾ ਜਾਂਦਾ ਹੈ। ਵਿਸ਼ਯੀ ਉਹ ਉੱਤਰ ਚੁਣਦਾ ਹੈ ਜੋ ਉਸਦੇ ਵਿਵਹਾਰ ਦੀ ਅਸਲੀ ਤਸਵੀਰ ਦਰਸਾਉਂਦੇ ਹੋਣ। ਹਰ ਕਥਨ ਜਾਂ ਪ੍ਰਸ਼ਨ ਨੂੰ ਇਕ ਇਕਾਈ ਕਿਹਾ ਜਾਂਦਾ ਹੈ। ਹੇਠ ਲਿਖੇ ਪ੍ਰਕਾਰ ਦੀਆਂ ਇਕਾਈਆਂ ਵਰਤੀਆਂ ਜਾਂਦੀਆਂ ਹਨ

1. ਜਦੋਂ ਤੁਸੀਂ ਕੋਈ ਮਹੱਤਵਪੂਰਨ ਫੈਸਲਾ ਕਰਨਾ ਹੋਵੇ, ਤਾਂ ਕੀ ਤੁਸੀਂ ਆਪਣੇ ਲਈ ਕਿਸੇ ਦੂਸਰੇ ਦੇ ਫੈਸਲੇ ਨੂੰ ਤਰਜ਼ੀਹ ਦਿੰਦੇ ਹੋ ?
2. ਜਦੋਂ ਤੁਸੀਂ ਕਿਸੇ ਵਿਚਾਰ ਤੇ ਕੋਈ ਕੰਮ ਕਰਨ ਦਾ ਫੈਸਲਾ ਕਰਦੇ ਹੋ, ਤਾਂ ਕੀ ਤੁਸੀਂ ਅਨੁਭਵ ਕਰਦੇ ਹੋ ਕਿ ਦੂਸਰਿਆਂ ਨੂੰ ਵੀ ਬਿਨਾਂ ਕਿਸੇ ਨੁਕਤਾਬੰਦੀ ਤੋਂ ਇਸਨੂੰ ਅਪਨਾਉਣਾ ਚਾਹੀਦਾ ਹੈ ?
3. ਸਮਾਜਿਕ ਇਕੱਠ ਵਿਚ ਮੈਂ ਸਭ ਤੋਂ ਪਿਛਲੀ ਸੀਟ ਤੇ ਧਿਆਨ ਦਾ ਕੇਂਦਰ ਬਣਨਾ ਚਾਹੁੰਦੀ ਹਾਂ।
4. ਕਿਸੇ ਮੀਟਿੰਗ ਵਿਚ ਮੈਂ ਸਭ ਤੋਂ ਪਿਛਲੀ ਸੀਟ ਲੈਣਾ ਪਸੰਦ ਕਰਦੀ ਹਾਂ।

ਮੰਨ ਲਓ ਉੱਪਰ ਦਿੱਤੇ ਪ੍ਰਸ਼ਨ ਪ੍ਰਧਾਨਤਾ (Dominance) ਪਰਖਣ ਲਈ ਵਰਤੇ ਜਾਂਦੇ ਹਨ ਜਿਨ੍ਹਾਂ ਲੋਕਾਂ ਵਿਚ ਇਹ dominance ਦਾ ਗੁਣ ਹੈ ਉਹ 2 ਅਤੇ 3 ਕਥਨ ਨੂੰ ਮੰਨਣਗੇ ਅਤੇ ਪਹਿਲੇ ਅਤੇ ਚੌਥੇ ਕਥਨ ਨੂੰ ਅਪ੍ਰਵਾਨ ਕਰਨਗੇ ਪ੍ਰਮੁੱਖ ਸ਼ਖ਼ਸੀਅਤ ਪ੍ਰਸ਼ਨਾਵਲੀਆਂ (Personality Inventories) ਹੇਠ ਲਿਖੀਆਂ ਹਨ :

1. **MMPI (Minnesota Multiphasic Personality Inventory) :** ਇਹ ਸਕੇਲ ਹਾਥਾਵੇ ਅਤੇ ਮੈਕਨਿਕਲੇ ਨੇ ਮਾਨਸਿਕ ਰੋਗੀਆਂ ਦੀ ਸਹਾਇਤਾ ਲਈ ਵਿਕਸਤ ਕੀਤੀ। ਇਸ ਵਿਚ 550 ਕਥਨ ਅਤੇ 10 ਸਕੇਲਾਂ ਹਨ ਜਿਨ੍ਹਾਂ ਦੀ ਅਨਕ੍ਰਿਆ ਵਿਸ਼ਯੀ 'True', 'False' ਅਤੇ 'Cant Say' ਦੁਆਰਾ ਕਰਦਾ ਹੈ।

2. **CPI (California Psychology Inventory) :** ਇਸ ਵਿਚ 450 ਸਵਾਲ ਅਤੇ 5 ਸਕੇਲਾਂ ਹਨ। ਸਵਾਲਾਂ ਦੇ ਜਵਾਬ 'True' ਅਤੇ 'False' ਅਨੁਕ੍ਰਿਆਵਾਂ ਦੁਆਰਾ ਦਿੱਤੇ ਜਾਂਦੇ ਹਨ।

3. **Cattell's 16 PF Inventory :** 16 ਸਾਲ ਦੀ ਉਮਰ ਤੋਂ ਵੱਧ ਵਿਅਕਤੀਆਂ ਲਈ ਬਣਾਈ ਗਈ ਪ੍ਰਸ਼ਨਾਵਲੀ ਵਿਚ 187 ਪ੍ਰਸ਼ਨ ਹਨ। ਇਨ੍ਹਾਂ ਦੇ ਸੰਭਵ ਉਤਰ ਹਨ Yes, Occassionally, No.

4. **EPPS (Edwards's Personal Preference Scale):** ਪ੍ਰੇਰਣਾਤਮਕ ਪ੍ਰਵ੍ਰਿਤੀਆਂ ਮਾਪਣ ਲਈ 15 ਸਕੇਲਾਂ ਵਾਲੀ ਇਸ ਸਕੇਲ ਦਾ ਐਡਵਰਡ ਦੁਆਰਾ ਨਿਰਮਾਣ ਕੀਤਾ ਗਿਆ।

5. **EPI (Eysenck Personality Inventory) :** ਆਈਜੈਨਕ ਦੁਆਰਾ ਬਣਾਈ ਗਈ ਇਸ ਪ੍ਰਸ਼ਨਾਵਲੀ ਵਿਚ 57 ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਹਾਂ ਜਾਂ ਨਾਂ ਵਿਚ ਦੇਣਾ ਹੁੰਦਾ ਹੈ। ਇਸ ਪ੍ਰਸ਼ਨਾਵਲੀ ਦੁਆਰਾ ਹੇਠ ਲਿਖੇ ਸ਼ਖ਼ਸੀਅਤ ਦੇ ਪਹਿਲੂ ਮਾਪੇ ਜਾਂਦੇ ਹਨ :

(i) Extraversion-Introversion

(ii) Neuroticism

(iii) Lie Score

### 2.3.3.4 ਆਤਮ ਕਥਾ ਵਿਧੀ (Autobiographical Method):

ਇਸ ਵਿਧੀ ਅਨੁਸਾਰ ਵਿਅਕਤੀ ਆਪਣੇ ਜੀਵਨ ਦੀ ਕਹਾਣੀ ਅਤੇ ਪ੍ਰਮੁੱਖ ਘਟਨਾਵਾਂ ਲਿਖ ਕੇ ਜਾਂ ਬੋਲ ਕੇ ਪੇਸ਼ ਕਰਦਾ ਹੈ। ਇਸਦੇ ਉਪਰੰਤ ਸੂਚਨਾਵਾਂ ਦੇ ਆਧਾਰ ਤੇ ਹੀ ਸਿੱਟਾ ਕੱਢਿਆ ਜਾਂਦਾ ਹੈ ਅਤੇ ਉਸਦੀ ਸ਼ਖ਼ਸੀਅਤ ਬਾਰੇ ਨਿਰਣਾ ਲਿਆ ਜਾਂਦਾ ਹੈ। ਲੋੜ ਅਨੁਸਾਰ ਮਨੋਵਿਗਿਆਨੀ ਵਿਅਕਤੀ ਨੂੰ ਆਤਮ ਕਥਾ ਲਿਖਣ ਲਈ ਸਿਰਲੇਖ ਦੱਸ ਸਕਦਾ ਹੈ। ਇਸ ਵਿਧੀ ਵਿਚ ਇਹ ਦੋਸ਼ ਹਨ ਕਿ ਵਿਅਕਤੀ ਆਪਣੇ ਗੁਣਾਂ ਦਾ ਵਧਾ ਚੜਾ ਕੇ ਵਰਣਨ ਕਰਦਾ ਹੈ। ਉਹ ਆਪਣੇ ਦੋਸ਼ਾਂ ਨੂੰ ਲੁਕਾ ਕੇ ਝੂਠ ਨਾਲ ਭਰੀ ਆਤਮਾ ਕਥਾ ਪੇਸ਼ ਕਰਦਾ ਹੈ। ਵਿਅਕਤੀ ਆਪਣੀ ਯਾਦਦਾਸ਼ਤ ਦੁਆਰਾ ਆਤਮ ਕਥਾ ਲਿਖਦਾ ਹੈ ਅਤੇ ਯਾਦਦਾਸ਼ਤ ਕਈ ਵਾਰ ਧੋਖਾ ਵੀ ਦੇ ਜਾਂਦੀ ਹੈ। ਭਾਸ਼ਾ ਦੇ ਘੱਟ ਗਿਆਨ ਕਰਕੇ ਵੀ ਕਈ ਵਾਰ ਦੋਸ਼ ਆ ਜਾਂਦੇ ਹਨ।

### 2.3.4 ਵਸਤੂ-ਨਿਸ਼ਠ ਵਿਧੀਆਂ (Objective Methods):

ਇਹ ਵਿਧੀਆਂ ਨਿਸ਼ਠ-ਵਿਧੀਆਂ ਤੋਂ ਜ਼ਿਆਦਾ ਭਰੋਸੇਯੋਗ ਹੁੰਦੀਆਂ ਹਨ। ਇਹ ਵਿਅਕਤੀ ਦੇ ਬਾਹਰ ਵਿਵਹਾਰ ਤੇ ਨਿਰਭਰ ਕਰਦੀਆਂ ਹਨ।

### 2.3.4.1ਨਿਰੀਖਣ ਵਿਧੀ (Observation Method) :

ਪ੍ਰਯੋਗਸ਼ਾਲਾ ਜਾਂ ਪ੍ਰਯੋਗਸ਼ਾਲਾਵਾਂ ਵਰਗੀਆਂ ਕੰਟਰੋਲ ਸਥਿਤੀਆਂ ਵਿਚ ਵਿਅਕਤੀ ਦੇ ਵਿਵਹਾਰ ਦਾ ਨਿਰੀਖਣ ਕੀਤਾ ਜਾਂਦਾ ਹੈ। ਨਿਰੀਖਣ ਵਿਧੀ ਦੋ ਪ੍ਰਕਾਰ ਦੀ ਹੁੰਦੀ ਹੈ :

#### (1) ਨਿਯੰਤ੍ਰਣ ਨਿਰੀਖਣ (Controlled Observation)

ਇਸ ਵਿਚ ਨਿਰੀਖਣ ਨਿਯੰਤ੍ਰਣ ਹਾਲਤ ਵਿਚ ਕੀਤਾ ਜਾਂਦਾ ਹੈ। ਇਸ ਵਿਚ ਨਿਰੀਖਣ ਕੀਤੇ ਜਾਣ ਵਾਲੇ ਵਿਅਕਤੀ ਨੂੰ ਪਤਾ ਹੁੰਦਾ ਹੈ ਕਿ ਉਸਦਾ ਨਿਰੀਖਣ ਕੀਤਾ ਜਾ ਰਿਹਾ ਹੈ ਜਿਸ ਕਰਕੇ ਉਹ ਬਨਾਉਟੀ ਵਿਹਾਰ ਦਿਖਾਉਣਾ ਸ਼ੁਰੂ ਕਰ ਦਿੰਦਾ ਹੈ ਜੋ ਉਸਦੇ ਅਸਲੀ ਵਿਵਹਾਰ ਵਰਗਾ ਨਹੀਂ ਹੁੰਦਾ ।

#### (2) ਅਨਿਯੰਤ੍ਰਿਤ ਨਿਰੀਖਣ (Uncontrolled Observation):

ਇਸ ਤਰ੍ਹਾਂ ਦੇ ਨਿਰੀਖਣ ਵਿਚ ਚੁੱਪ ਚੁਪੀਤੇ ਵੱਖ-ਵੱਖ ਪ੍ਰਸਥਿਤੀਆਂ ਵਿਚ ਵਿਵਹਾਰ ਦਾ ਨਿਰੀਖਣ ਕੀਤਾ ਜਾਂਦਾ ਹੈ। ਵਿਅਕਤੀ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸਦਾ ਨਿਰੀਖਣ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਉਸਦੇ ਵਿਵਹਾਰ ਵਿਚ ਬਨਾਉਟੀਪਨ ਨਹੀਂ ਆਉਂਦਾ ਅਤੇ ਉਸਦੀ ਸ਼ਖ਼ਸੀਅਤ ਬਾਰੇ ਸਹੀ ਜਾਣਕਾਰੀ ਮਿਲ ਜਾਂਦੀ ਹੈ।

### 2.3.4.2ਪਰਸਿਥਤੀ ਅਤੇ ਵਿਵਹਾਰਿਕ ਟੈਸਟ (Situational and Behaviouristic Tests):

ਪ੍ਰਸਥਿਤੀ ਟੈਸਟ ਵਿਚ ਵਿਅਕਤੀ ਨੂੰ ਇਕ ਅਜਿਹੀ ਸਥਿਤੀ ਵਿਚ ਕਿਰਿਆ ਜਾਂ ਕੰਮ ਕਰਨ ਲਈ ਕਿਹਾ ਜਾਂਦਾ ਹੈ ਜੋ ਸਿਰਫ ਪਰਖਣ ਲਈ ਹੀ ਤਿਆਰ ਕੀਤੀ ਜਾਂਦੀ ਹੈ। ਖੋਜਕਰਤਾ ਸਥਿਤੀ ਦੌਰਾਨ ਵਿਸ਼ਯੀ ਦੇ ਵਿਵਹਾਰ ਦੀ ਪਰਖ ਕਰਦਾ ਹੈ। ਜ਼ਿਆਦਾਤਰ ਇਹ ਟੈਸਟ ਗਰੁੱਪ ਵਿਚ ਕੀਤਾ ਜਾਂਦਾ ਹੈ। ਪੰਜ ਜਾਂ ਛੇ ਵਿਅਕਤੀਆਂ ਨੂੰ ਇਕ ਹੀ ਸਥਿਤੀ ਵਿਚ ਰੱਖਿਆ ਜਾਂਦਾ ਹੈ ਜਿਸ ਵਿਚ ਉਨ੍ਹਾਂ ਨੂੰ ਕੁਝ ਔਖਿਆਈਆਂ ਦਾ ਹੱਲ ਲੱਭਣ ਲਈ ਕਿਹਾ ਜਾਂਦਾ ਹੈ। ਉਨ੍ਹਾਂ ਦੇ ਵਿਵਹਾਰ ਦਾ ਧਿਆਨ ਨਾਲ ਨਿਰੀਖਣ ਕੀਤਾ ਜਾਂਦਾ ਹੈ ਅਤੇ ਨੋਟ ਕੀਤਾ ਜਾਂਦਾ ਹੇ। ਨਿਰੀਖਣ ਕਰਤਾ ਕੋਲ ਕਈ ਗੁਣਾਂ ਦਾ ਸਮੂਹ ਹੁੰਦਾ ਹੈ ਜੋ ਉਸਨੇ ਪਰਖਣੇ ਹੁੰਦੇ ਹਨ। ਉਦਾਹਰਣ ਦੇ ਤੌਰ ਤੇ 10-12 ਵਿਦਿਆਰਥੀਆਂ ਦੇ ਗਰੁੱਪ ਨੂੰ ਨਿਰੀਖਣ ਕਰਤਾ ਕਿਸੇ ਪਹਾੜੀ ਤੇ ਲੱਗੇ ਕੈਂਪ ਵਿਚ ਲੈ ਕੇ ਜਾਂਦਾ ਹੈ। ਵਿਦਿਆਰਥੀਆਂ ਨੂੰ ਇਕੱਠੇ ਕਰਕੇ ਕੁਝ ਨਕਦ ਰਾਸ਼ੀ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਆਪਣੇ ਦੁਪਹਿਰ ਦੇ ਖਾਣੇ ਦੀ ਯੋਜਨਾ ਅਤੇ ਇੰਤਜ਼ਾਮ ਕਰਨ ਲਈ ਕਿਹਾ ਜਾਂਦਾ ਹੈ। ਉਹ ਵੱਖ-ਵੱਖ ਯੋਜਨਾਵਾਂ ਬਨਾਉਣੀਆਂ ਸ਼ੁਰੂ ਕਰ ਦਿੰਦੇ ਹਨ, ਤਾਂ ਕਿ ਉਹ ਕਿਸੇ ਨਤੀਜੇ ਤੇ ਪਹੁੰਚ ਸਕਣ ਅਤੇ ਖਾਣੇ ਦੀ ਤਿਆਰੀ ਕਰ ਸ਼ੁਰੂ ਕਰ ਦਿੰਦੇ ਹਨ। ਨਿਰੀਖਣ ਕਰਤਾ ਹਰ ਵਿਦਿਆਰਥੀ ਦੇ ਵਿਵਹਾਰ ਦਾ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਨਿਰੀਖਣ ਕਰਦਾ ਹੈ। ਉਹ ਦੇਖਦਾ ਹੈ ਕਿ ਇਕ ਵਿਦਿਆਰਥੀ ਹੀ ਆਪਣੇ ਵਿਚਾਰਾਂ ਨੂੰ ਪੇਸ਼ ਕਰਦਾ ਹੈ ਅਤੇ ਉਸ ਅਨੁਸਾਰ ਕੰਮ ਕਰਨ ਲਈ ਕਹਿੰਦਾ ਹੈ। ਕੁਝ ਉਸ ਵਿਦਿਆਰਥੀ ਨੂੰ ਸੁਣ ਰਹੇ ਹਨ ਅਤੇ ਇਕ ਜਾਂ ਦੋ ਉਸਦਾ

ਵਿਰੋਧ ਕਰਦੇ ਹਨ। ਵਿਦਿਆਰਥੀ ਵਿਰੋਧ ਕਰਦੇ ਹਨ। ਉਨ੍ਹਾਂ ਦਾ ਸਰੋਤਿਆਂ ਤੇ ਕੋਈ ਅਸਰ ਨਹੀਂ ਪੈਂਦਾ। ਜਦੋਂ ਫੈਸਲਾ ਲਿਆ ਜਾਂਦਾ ਹੈ ਤੇ ਕੰਮ ਸ਼ੁਰੂ ਹੋ ਜਾਂਦਾ ਹੈ ਤਾਂ ਉਨ੍ਹਾਂ ਵਿਚੋ ਇਕ ਵਿਅਕਤੀ ਗੁਆਂਢ ਵਿਚੋਂ ਲੋੜੀਂਦੀਆਂ ਚੀਜ਼ਾਂ ਲਿਆਉਣ ਦੀ ਜ਼ਿੰਮੇ ਵਾਰੀ ਲੈਂਦਾ ਹੈ। ਇਕ ਕੁਝ ਨਿਰਦੇਸ਼ ਦਿੰਦਾ ਹੈ, ਅਤੇ ਡਿਊਟੀਆਂ ਸੌਂਪਦਾ ਹੈ। ਕੁਝ ਵਿਦਿਆਰਥੀ ਚੀਜ਼ਾਂ ਇਕੱਠੀਆਂ ਕਰਨ ਵਿਚ ਰੁਝੇ ਹੋਏ ਹਨ ਅਤੇ ਕੁਝ ਥੋੜ੍ਹੀ ਜਿਹੀ ਹਿਚਕਚਾਹਟ ਤੋਂ ਬਾਅਦ ਕੰਮ ਕਰ ਰਹੇ ਹਨ। ਇਕ ਵਿਦਿਆਰਥੀ ਬਿਨਾਂ ਕੋਈ ਸਹਾਇਤਾ ਕੀਤੇ ਦੂਜੇ ਵਿਦਿਆਰਥੀਆਂ ਨੂੰ ਦੇਖ ਰਿਹਾ ਸੀ ਅਤੇ ਸਮੇਂ ਸਮੇਂ ਤੇ ਨੁਕਤਾਚੀਨੀ ਵੀ ਕਰ ਰਿਹਾ ਸੀ। ਇਸ ਤਰ੍ਹਾਂ ਹਰ ਵਿਦਿਆਰਥੀ ਦੇ ਵਿਵਹਾਰ ਦੇ ਬਰੀਕ ਪੱਖਾਂ ਦਾ ਵੀ ਨਿਰੀਖਣ ਕੀਤਾ ਗਿਆ। ਆਪਣੇ ਨਿਰੀਖਣ ਦੇ ਆਧਾਰ ਤੇ ਨਿਰੀਖਣ ਕਰਤਾ ਦੁਆਰਾ ਅਗਵਾਈ, ਸਹਿਚਾਰ, ਪ੍ਰੇਰਣਾ, ਜ਼ਿੰਮੇਵਾਰੀ, ਉਤਸ਼ਾਹੀ ਅਤੇ ਹੱਲ ਕਰਨ ਦੀ ਯੋਗਤਾ ਆਦਿ ਗੁਣਾਂ ਵਿਚ ਵਿਦਿਆਰਥੀਆਂ ਦੀ ਵੰਡ ਕੀਤੀ ਗਈ।

ਜੰਗ ਸਮੇਂ ਸਿਪਾਹੀਆਂ ਦੇ ਵਿਅਕਤੀਤਵ ਵਿਸ਼ੇਸ਼ਤਾਵਾਂ ਦਾ ਮੁਲਅੰਕਣ ਕਰਨ ਲਈ ਇਹ ਟੈਸਟ ਵਰਤੇ ਜਾਂਦੇ ਹਨ। ਪ੍ਰਸਥਿਤੀ ਟੈਸਟ ਦਾ ਲਾਭ ਇਹ ਹੈ ਕਿ ਇਸ ਵਿਚ ਇਕ ਹੀ ਸਮੇਂ ਦੋ ਜਾਂ ਵੱਧ ਵਿਸ਼ੇਸ਼ਤਾਵਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਕਈ ਵਾਰ ਕਲਪਿਤ ਸਥਿਤੀ ਪੇਸ਼ ਕਰਕੇ ਪ੍ਰਸ਼ਨ ਪੁੱਛੇ ਜਾਂਦੇ ਹਨ ਜਿਵੇਂ ਕਿ ਜੇਕਰ ਤੁਹਾਨੂੰ ਇਕ ਲੱਖ ਰੁਪਇਆ ਦਿੱਤਾ ਜਾਵੇ ਤਾ ਤੁਸੀਂ ਕੀ ਕਰੋਗੇ ? ਜਾਂ ਜੇਕਰ ਤੁਸੀਂ ਇਕ ਦਰਿਆ ਵਿਚ ਡੁੱਬਦਾ ਵੇਖੋ ਤਾਂ ਤੁਸੀਂ ਕੀ ਕਰੋਗੇ ? ਇਸ ਤਰ੍ਹਾਂ ਵਿਅਕਤੀ ਦੀ ਅਨੁਕ੍ਰਿਆ ਤੋਂ ਸ਼ਖ਼ਸੀਅਤ ਬਾਰੇ ਜਾਣਿਆ ਜਾ ਸਕਦਾ ਹੈ। ਪਰੰਤੂ ਇਸ ਟੈਸਟ ਦਾ ਦੋਸ਼ ਇਹ ਹੈ ਕਿ ਖਾਸ ਸਥਿਤੀਆਂ ਤਿਆਰ ਕਰਨੀਆਂ ਪੈਂਦੀਆਂ ਹਨ ਜੋ ਹਰ ਸਮੇਂ ਸੰਭਵ ਨਹੀਂ ਹੁੰਦਾ। ਇਹ ਕਾਫੀ ਮਹਿੰਗਾ ਵੀ ਹੋ ਸਕਦਾ ਹੈ। ਵੱਖ-ਵੱਖ ਸਥਾਨਾਂ, ਪ੍ਰਸਥਿਤੀਆਂ, ਦਿਸ਼ਾਵਾਂ ਆਦਿ ਵਿਚ ਵਿਅਕਤੀ ਦੇ ਵਿਵਹਾਰ ਨੂੰ ਦੇਖ ਕੇ ਉਸਦੀ ਸ਼ਖ਼ਸੀਅਤ ਬਾਰੇ ਪਤਾ ਲਗਾਇਆ ਜਾ ਸਕਦਾ ਹੈ। ਇਕ ਹੀ ਸਥਿਤੀ, ਵਸਤੂ ਅਤੇ ਦਿਸ਼ਾ ਵਿਚ ਹਰੇਕ ਵਿਅਕਤੀ ਦਾ ਆਪਣੇ ਆਪਣੇ ਗੁਣਾਂ ਅਨੁਸਾਰ ਵਿਵਹਾਰ ਹੁੰਦਾ ਹੈ। ਇਸ ਨੂੰ ਵਿਵਹਾਰਿਕ ਪਰੀਖਣ (Behavioural Test) ਕਹਿੰਦੇ ਹਨ।

### 2.3.4.3 ਰੇਟਿੰਗ ਸਕੇਲ ਵਿਧੀ (Rating Scale Method):

ਵਿਅਕਤੀ ਦੇ ਕਿਸੇ ਵਿਸ਼ੇਸ਼ ਗੁਣ ਜਾਂ ਕਾਰਜ ਕੁਸ਼ਲਤਾ ਦਾ ਮੁਲਅੰਕਣ ਕਰਨ ਲਈ ਉਸਦੇ ਸੰਪਰਕ ਵਿਚ ਰਹਿਣ ਵਾਲੇ ਲੋਕਾਂ ਤੋਂ ਮੱਤ ਮੰਗਿਆ ਜਾਂਦਾ ਹੈ। ਕਿਸੇ ਸਥਿਤੀ, ਵਸਤੂ ਜਾਂ ਵਿਅਕਤੀ ਬਾਰੇ ਸਾਡਾ ਮੱਤ ਰੇਟਿੰਗ ਸਕੇਲ ਦੁਆਰਾ ਅਧਿਆਪਕ, ਮਾਪੇ ਮਨੋਵਿਗਿਆਨੀ ਦੋਸਤ ਆਦਿ ਪ੍ਰਗਟਾ ਸਕਦੇ ਹਨ। ਰੇਟਿੰਗ ਦਾ ਆਧਾਰ ਰੇਟਿੰਗ ਵਾਲੇ ਦਾ ਵੱਖ-ਵੱਖ ਸਥਿਤੀਆਂ ਵਿਚ ਵਿਅਕਤੀ ਦੇ ਵਿਵਹਾਰ ਦਾ ਨਿਰੀਖਣ ਤੋਂ ਪਏ ਪ੍ਰਭਾਵਾਂ ਤੋਂ ਹੁੰਦਾ ਹੈ। ਉਦਾਹਰਣ ਲਈ ਇਕ ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਦੀਆਂ ਕੁਝ ਵਿਸ਼ੇਸ਼ਤਾਵਾਂ ਜਿਵੇਂ ਹੁਕਮ ਮੰਨਣਾ, ਸਹਿਯੋਗੀ, ਸਮੇਂ ਦਾ ਪਾਬੰਦ ਆਦਿ ਦਾ ਨਿਰੀਖਣ ਕਰਨ ਲਈ ਕਿਹਾ ਜਾਂਦਾ ਹੈ। ਅਧਿਆਪਕ ਹਰ ਵਿਦਿਆਰਥੀ ਨੂੰ ਕਾਫੀ ਸਮੇਂ ਤੋਂ ਜਾਣਦੇ ਹੁੰਦੇ ਹਨ ਅਤੇ ਵੱਖ-ਵੱਖ ਸਥਿਤੀਆਂ ਵਿਚ ਹਰ ਇਕ ਦੇ ਵਿਵਹਾਰ ਦਾ ਨਿਰੀਖਣ ਕੀਤਾ ਹੁੰਦਾ ਹੈ। ਅਧਿਆਪਕ ਨੂੰ ਰੇਟਿੰਗ ਸਕੇਲ ਉੱਤੇ ਹਰ ਵਿਸ਼ੇਸ਼ਤਾ ਬਾਰੇ ਵਿਵਹਾਰ ਦਾ ਨਿਰਮਾਣ ਕਰਨ ਲਈ ਕਿਹਾ ਜਾਂਦਾ ਹੈ। ਰੇਟਿੰਗ ਸਕੇਲ ਦੀ ਉਦਾਹਰਣ ਹੇਠ ਦਿੱਤੀ ਹੈ।

**ਸਮੇਂ ਦਾ ਪਾਬੰਦ (Punctuality)**

| 5 | 4 | 3 | 2 | 1 |
|---|---|---|---|---|
| Alway in time | Generally Punctual | Sometimes Punctual Sometimes Unpunctual | Generally Unpunctual | Never in time |

ਰੇਟਿੰਗ ਸਕੇਲ ਵਿਚ ਸ਼ਾਮਲ 2 ਪ੍ਰਮੁੱਖ ਤੱਤ ਹਨ :

(ੳ) ਜਿਸ ਵਸਤੂ ਦੀ ਰੇਟਿੰਗ ਕਰਨੀ ਹੈ।

(ਅ) ਜਿਸ ਸਕੇਲ ਤੇ ਵਸਤੂ ਦੀ ਰੇਟਿੰਗ ਹੋਣੀ ਹੈ।

ਰੇਟਿੰਗ ਸਕੇਲ ਤਿੰਨ ਪ੍ਰਕਾਰ ਦੀਆਂ ਹਨ :

**(a) Descriptive Rating Scale :** ਇਸ ਸਕੇਲ ਦਾ ਨਮੂਨਾ ਇਸ ਪ੍ਰਕਾਰ ਹੈ :

| 1 | 2 | 3 | 4 | 5 |
|---|---|---|---|---|
| Nervous | Upset | Poised | Calm | Composed |

**(b) Graphic Rating Scale :** ਇਸ ਸਕੇਲ ਦਾ ਨਮੂਨਾ ਇਸ ਪ੍ਰਕਾਰ ਹੈ :

| 1 | 2 | 3 | 4 | 5 |
|---|---|---|---|---|
| Very Poor | Poor | Average | Good | Very Good |

**(c) Numerical Rating Scale :** ਰੇਟ ਕਰਨ ਵਾਲਾ ਵਿਅਕਤੀ ਸਕੇਲ 1 ਤੋਂ 5 ਜਾਂ 1 ਤੋਂ 7 ਪੁਆਇੰਟਾਂ ਤੇ ਸ਼ਖ਼ਸੀਅਤਾਂ ਦੇ ਕਿਸੇ ਗੁਣ ਨੂੰ ਰੇਟ ਕਰ ਸਕਦਾ ਹੈ।

**(iv) ਸੋਸ਼ੋਮੀਟਰੀ ਜਾਂ ਸਮਾਜਵਿਧੀ** : ਸਮਾਜ-ਵਿਧੀ ਦਾ ਪ੍ਰਤੀਪਾਦਨ ਮੋਰੇਨੇ (Moreno) ਨੇ ਕੀਤਾ। ਕਿਸੇ ਵੀ ਗਰੁੱਪ ਦੇ ਵਿਅਕਤੀਆਂ ਦੀ ਇਕ ਦੂਜੇ ਦੇ ਪ੍ਰਤੀ ਪਸੰਦ ਜਾਂ ਨਾਪਸੰਦ ਇਕ ਨਕਸ਼ੇ ਦੀ ਸ਼ਕਲ ਵਿਚ ਸਮਾਜ ਮਿਤੀ (Sociometry) ਦੇ ਰੂਪ ਵਿਚ ਪ੍ਰਗਟਾਈ ਜਾਂਦੀ ਹੈ। ਇਹ ਵਿਧੀ ਬਹੁਤ ਸਰਲ ਹੈ। ਉਦਾਹਰਣ ਵਜੋਂ ਕਲਾਸ ਦੇ ਦਸ ਵਿਦਿਆਰਥੀਆਂ ਤੋਂ ਇਹ ਪੁੱਛਕੇ ਕਿ ਉਹ ਕਿਸ ਵਿਦਿਆਰਥੀ ਨੂੰ ਆਪਣੀ ਕਲਾਸ ਦਾ ਨੇਤਾ ਚੁਣਨਾ ਪਸੰਦ ਕਰਨਗੇ। ਇਕ ਸੋਮੋਗ੍ਰਾਮ ਤਿਆਰ ਕੀਤੀ ਜਾਂਦੀ ਹੈ। ਜਿਸਦੇ ਵਿਸ਼ਲੇਸ਼ਣ ਦੁਆਰਾ ਵਿਦਿਆਰਥੀਆਂ ਦੀ ਸ਼ਖ਼ਸੀਅਤ ਬਾਰੇ ਜਾਣਿਆ ਜਾ ਸਕਦਾ ਹੈ।

## 2.3.5 ਪ੍ਰਖੇਪਕ ਵਿਧੀਆਂ (Projective Tests):

ਹਰ ਵਿਅਕਤੀ ਦਾ ਅਚੇਤਨ ਮਨ ਉਪਰੋਕ ਵਿਧੀਆਂ ਦੁਆਰਾ ਨਹੀਂ ਜਾਣਿਆ ਜਾ ਸਕਦਾ। ਪ੍ਰਖੇਪੀ ਵਿਧੀਆਂ ਵਿਅਕਤੀ ਦੇ ਅਚੇ ਤਨ ਮਨ ਦੀ ਪਰਖ ਕਰਦੀਆਂ ਹਨ। ਹਰ ਵਿਆਕਤੀ ਦੇ ਅਚੇਤਨ ਮਨ ਵਿਚ ਕੁਝ ਅਜਿਹੀਆਂ ਇੱਛਾਵਾਂ, ਭਾਵਨਾਵਾਂ, ਰੁਚੀਆਂ, ਮਨੋਵਿਰਤੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਵਿਅਕਤੀ ਨੂੰ ਆਪ ਵੀ ਪਤਾ ਨਹੀਂ ਹੁੰਦਾ। ਇਨ੍ਹਾਂ ਅਚੇਤਨ ਪ੍ਰੇਰਨਾਵਾਂ ਦੀ ਪਰਖ ਤੇ ਬਿਨਾਂ ਵਿਅਕਤੀਆਂ ਦੀ ਪਰਖ ਅਧੂਰੀ ਰਹਿ ਜਾਂਦੀ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਪ੍ਰਖੇਪਕ ਵਿਧੀਆਂ ਲਾਭਦਾਇਕ ਹੁੰਦੀਆਂ ਹਨ।

ਇਸ ਵਿਧੀ ਵਿਚ ਵਿਅਕਤੀ ਦੇ ਸਾਹਮਣੇ ਅਸਪਸ਼ਟ ਉਤੇਜਕ ਪ੍ਰਸਤੁਤ ਕੀਤੇ ਜਾਂਦੇ ਹਨ ਜਿਨ੍ਹਾਂ ਦੇ ਪ੍ਰਤੀ ਉਹ ਆਪਣੀ ਪ੍ਰਤੀਕ੍ਰਿਆ ਕਰਦਾ ਹੈ। ਵਿਸ਼ਯੀ ਨੂੰ ਇਨ੍ਹਾਂ ਉਤੇਜਕਾਂ ਪਿਛੇ ਅਸਲ ਮਤਲਬ ਦਾ ਪਤਾ ਨਹੀਂ ਹੁੰਦਾ। ਇਸ ਵਿਧੀ ਵਿਚ ਵਿਅਕਤੀ ਆਪਣੇ ਵਿਚਾਰਾਂ ਨੂੰ ਕਹਾਣੀ ਜਾਂ ਸਿਆਹੀ ਦੇ ਧੱਬਿਆਂ ਦੇ ਪ੍ਰਤੀ ਦਿੱਤੇ ਪ੍ਰਤੀਕਰਮਾ ਦੁਆਰਾ ਪ੍ਰਗਟ ਕਰਦਾ ਹੈ। ਉਸਨੂੰ ਕਹਾਣੀ ਲਿਖਣ ਲਈ ਕਿਹਾ ਜਾਂਦਾ ਹੈ ਜਾਂ ਕੋਈ ਸ਼ਬਦ ਦੇ ਕੇ ਉਸਨੂੰ ਉਸਦੇ ਪ੍ਰਤੀ ਸ਼ਬਦ ਦੇਣ ਲਈ ਕਿਹਾ ਜਾਂਦਾ ਹੈ। ਵਿਅਕਤੀ ਨੂੰ ਆਪਣੀਆਂ ਭਾਵਨਾਵਾਂ ਅਤੇ ਇਛਾਵਾਂ ਨੂੰ ਕਿਸੇ ਬਾਹਰੀ ਵਸਤੂ ਰਾਹੀਂ ਪ੍ਰਗਟ ਕਰਨ ਦਾ ਅਵਸਰ ਦਿੱਤਾ ਜਾਂਦਾ ਹੈ। ਜਿਸ ਢੰਗ ਨਾਲ ਉਹ ਆਪਣੇ ਭਾਵਾਂ ਨੂੰ ਪ੍ਰਗਟਾਉਂਦਾ ਹੈ ਉਸ ਤੋਂ ਉਸਦੇ ਵਿਅਕਤੀਤਵ ਬਾਰੇ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਧੀ ਵਿਚ ਉਤੇਜਨਾਵਾਂ ਪੂਰੀ ਤਰ੍ਹਾਂ ਸਪਸ਼ਟ ਨਹੀਂ ਕੀਤੀਆਂ ਹੁੰਦੀਆਂ ਤਾਂ ਕਿ ਵਿਅਕਤੀ ਨੂੰ ਇੱਛਾ ਅਨੁਸਾਰ ਆਤਮਾ ਪ੍ਰਗਟਾਵੇ ਦੀ ਖੁਲ੍ਹ ਮਿਲ ਸਕੇ। ਪ੍ਰਖੇਪਕ ਵਿਧੀਆਂ ਫਰਾਇਡ ਦੇ ਪ੍ਰਖੇਪਕ ਸਿਧਾਂਤ (Theory of Projection) ਤੇ ਆਧਾਰਿਤ ਹਨ। ਪ੍ਰਖੇਪਕ ਵਿਧੀਆਂ ਹੇਠ ਲਿਖੀਆਂ ਹਨ :

1. ਰੋਸ਼ਾਅ ਟੈਸਟ (Rorschach Ink Blot Test)
2. ਥੀਮੈਟਿਕ ਐਪਰਸੈਪਸ਼ਨ ਟੈਸਟ (Thematic Appreception Test)

3. ਸ਼ਬਦ ਸੰਸਰਗ ਵਿਧੀ (Word Association Test)
4. ਵਾਕ ਸੰਪੂਰਣਾ ਵਿਧੀ (Sentence Completion Test)
5. ਕਹਾਣੀ ਰਚਨਾ ਟੈਸਟ (Story Writing Test)
6. ਖੇਡ ਤਕਨੀਕ (Play Technique)
7. ਚਿੱਤਰ ਸੰਸਰਗ ਵਿਧੀ (Picture Association Method)
8. ਸੁਪਨ ਵਿਸ਼ਲੇਸ਼ਣ ਵਿਧੀ (Dream Analysis Method)
9. ਫਰੀ ਸੰਸਰਗ ਵਿਧੀ (Free Association Test)

ਉਪਰੋਕਤ ਟੈਸਟ ਵਿਚੋਂ ਅਸੀਂ ਪ੍ਰਮੁੱਖ ਟੈਸਟਾਂ ਦਾ ਵਰਨਣ ਕਰਾਂਗੇ।

### 2.3.5.1 ਰੋਸ਼ਾਅ ਟੈਸਟ **(Rorschach Ink Blot Test):**

ਇਹ ਟੈਸਟ ਸਭ ਤੋਂ ਪਹਿਲਾਂ ਹਰਮਨ ਰੋਸ਼ਾਅ ਨੇ 1921 ਵਿਚ ਵਿਕਸਿਤ ਕੀਤਾ। ਇਸ ਟੈਸਟ ਵਿਚ 10 ਸਿਆਹੀ ਧੱਬੇ ਕਾਰਡਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਇਕ ਕਾਗਜ਼ ਤੇ ਸਿਆਹੀ ਸੁੱਟ ਕੇ ਉਸਨੂੰ ਫੋਲਡ ਕਰਨ ਨਾਲ ਅਰਥਹੀਨ ਸ਼ਕਲ ਵਿਚ ਤਿਆਰ ਕੀਤੇ ਜਾਂਦੇ ਹਨ। ਇਹ ਕਾਰਡ ਮਾਨਸਿਕ ਰੋਗੀਆਂ ਨੂੰ ਪਰੀਖਿਆ ਦੇ ਰੂਪ ਵਿਚ ਦੇ ਕੇ ਸਟੈਂਡਰਡਾਇਜ਼ ਕੀਤੇ ਗਏ ਹਨ। ਇਨ੍ਹਾਂ ਵਿਚ ਪੰਜ ਕਾਰਡ ਕਾਲੇ ਅਤੇ ਭੂਰੇ ਰੰਗ ਦੇ, ਦੋ ਕਾਰਡ ਲਾਲ ਰੰਗ ਅਤੇ ਤਿੰਨ ਕਾਰਡ ਭਿੰਨ-ਭਿੰਨ ਦੇ ਹੁੰਦੇ ਹਨ। ਇਹ ਕਾਰਡ ਇਕ ਨਿਸ਼ਚਿਤ ਕ੍ਰਮ ਨਾਲ ਇਕ-ਇਕ ਕਰਕੇ ਪ੍ਰੀਖਿਆਰਥੀ (Subject) ਨੂੰ ਦਿੱਤੇ ਜਾਂਦੇ ਹਨ ਅਤੇ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਪ੍ਰੀਖਿਆਰਥੀ ਉਨ੍ਹਾਂ ਨੂੰ ਘੁੰਮਾ ਫਿਰਾ ਕੇ ਦੇਖੋ ਜੋ ਕੁਝ ਵੀ ਦਿਖਾਈ ਦਿੰਦਾ ਹੈ ਉਸ_ਬਾਰੇ ਦੱਸੋ। ਭਿੰਨ-ਭਿੰਨ ਧੱਬਿਆਂ ਵਿਚ ਵਿਅਕਤੀ ਵੱਖ-ਵੱਖ ਚੀਜ਼ਾਂ ਦੇਖਦਾ ਹੈ। ਉਸ ਦੀਆਂ ਕ੍ਰਿਆਵਾਂ ਨੂੰ ਲਿਖ ਲਿਆ ਜਾਂਦਾ ਹੈ। ਮਨੋਵਿਗਿਆਨੀ ਸੰਵੇਗ ਅਤੇ ਚਿਹਰੇ ਦੀ ਭਾਸ਼ਾ ਵੀ ਪੜ੍ਹਦਾ ਹੈ ਤੇ ਕੁੱਲ ਸਮਾਂ ਵੀ ਨੋਟ ਕਰਦਾ ਹੈ।

ਪ੍ਰੀਖਿਅਕ ਪ੍ਰੀਖਿਆਰਥੀ ਦੇ ਉੱਤਰ ਅਤੇ ਮੁਲਅੰਕਣ ਹੇਠ ਲਿਖੀਆਂ ਗੱਲਾਂ ਦੇ ਆਧਾਰ ਤੇ ਕਰਦਾ ਹੈ :

(1) **ਸਥਾਨ (Location):** ਸਥਾਨ ਤੋਂ ਭਾਵ ਹੈ ਕਿ ਪ੍ਰੀਖਿਆਰਥੀ ਦੀ ਪ੍ਰਤੀਕ੍ਰਿਆ ਪੂਰੇ ਧੱਬੇ ਪ੍ਰਤੀ ਸੀ ਜਾਂ ਉਸਦੇ ਕਿਸੇ ਇਕ ਭਾਗ ਪ੍ਰਤੀ। ਪੂਰੇ ਧੱਬੇ ਪ੍ਰਤੀਕ੍ਰਿਆ ਕਰਨ ਵਾਲੇ ਨੂੰ ਸਿਧਾਂਤਕ ਅਤੇ ਬੁੱਧੀਮਾਨ ਵਿਅਕਤੀ ਸਮਝਿਆ ਜਾਂਦਾ ਹੈ। ਧੱਬਿਆਂ ਦੇ ਭਾਗਾਂ ਪ੍ਰਤੀ ਧਿਆਨ ਦੇਣ ਵਾਲੇ ਨੂੰ ਛੋਟੀਆਂ ਫਜ਼ੂਲ ਦੀਆਂ ਗੱਲਾਂ ਵੱਲ ਧਿਆਨ ਦੇਣ ਵਾਲਾ ਵਿਅਕਤੀ ਸਮਝਿਆ ਜਾਂਦਾ ਹੈ।

(2) **ਨਿਰਧਾਰਕ ਗੁਣ (Determining Quality):** ਇਸ ਵਿਚ ਦੇਖਿਆ ਜਾਂਦਾ ਹੈ ਕਿ ਪ੍ਰੀਖਿਆਰਥੀ ਦੀ ਪ੍ਰਤੀਕ੍ਰਿਆ ਧੱਬੇ ਦੀ ਬਣਤਰ ਕਾਰਣ ਸੀ ਜਾਂ ਉਸਦੇ ਰੰਗ ਕਾਰਣ। ਜੇਕਰ ਉਸਦੀ ਪ੍ਰਤੀਕ੍ਰਿਆ ਰੰਗਾਂ ਕਾਰਣ ਹੈ ਤਾਂ ਉਸ ਵਿਚ ਸੰਵੇਗਾਂ ਦੀ ਬਹੁਲਤਾ ਹੈ। ਜੇਕਰ ਬਣਤਰ ਵਿਚ ਵਿਅਕਤੀਆਂ, ਪਸ਼ੂਆਂ ਆਦਿ ਦੀਆਂ ਸਕਲਾਂ ਦੇ ਖਦਾ ਹੈ ਤਾਂ ਉਹ ਅੰਤਰ-ਮੁੱਖੀ ਮਨੁੱਖ ਹੈ।

(3) **ਵਿਸ਼ਾ (Content):** ਪ੍ਰਤੀਕ੍ਰਿਆਵਾਂ ਵਿਚ ਸ਼ਕਲਾਂ ਦੇ ਰੂਪ ਦਾ ਵੀ ਮਹੱਤਵ ਹੈ ਕਿ ਵਿਅਕਤੀ ਨੇ ਮਨੁੱਖ ਦੀਆਂ ਪਸ਼ੂਆਂ ਦੀਆਂ, ਵਸਤੂਆਂ ਦੀਆਂ ਦ੍ਰਿਸ਼ਾਂ ਦੀਆਂ ਨਕਸੇ ਦੀਆਂ ਜਾਂ ਹੋਰ ਕਿਸੇ ਦੀਆਂ ਸ਼ਕਲਾਂ ਦੇਖੀਆਂ ਹਨ। ਜੇਕਰ ਮਨੁੱਖ ਦੀਆਂ ਸ਼ਕਲਾਂ ਦੇਖਦਾ ਹੈ ਤਾਂ ਉਹ ਸਥਿਰ ਹੈ, ਪਸ਼ੂਆ ਦੀਆਂ ਸ਼ਕਲਾਂ ਦੇਖਣ ਵਾਲੇ ਨੂੰ ਅਸਥਿਰ ਸਮਝਿਆ ਜਾਂਦਾ ਹੈ।

ਅੰਤ ਵਿਚ ਸਾਰੇ ਕਾਰਡਾਂ ਦੀ ਅਨੁਕ੍ਰਿਆ ਦੀ ਪੜਚੋਲ ਕਰਕੇ ਅਤੇ ਸਾਰੇ ਸੰਕੇਤਾਂ ਨੂੰ ਇਕੱਠਾ ਕਰਕੇ ਵਿਅਕਤੀ ਦੇ ਵਿਅਕਤੀਤਵ ਨੂੰ ਕਾਫੀ ਹੱਦ ਤੱਕ ਸਹੀ ਰੂਪ ਵਿਚ ਪਰਖਿਆ ਜਾ ਸਕਦਾ ਹੈ। ਕ੍ਰੋ ਅਤੇ ਕ੍ਰੋ (Crow and Crow) ਅਨੁਸਾਰ ਧੱਬਿਆਂ ਦੀ ਵਿਆਖਿਆ ਕਰਕੇ ਪ੍ਰੀਖਿਆਰਥੀ ਆਪਣੀ ਸ਼ਖ਼ਸੀਅਤ ਦਾ ਚਿੱਤਰ ਪੇਸ਼ ਕਰਦਾ ਹੈ।

### 2.3.5.2 ਥੀਮੈਟਿਕ ਐਪਰਸੈਪਸ਼ਨ ਟੈਸਟ **(Thematic Apperception Test):**

ਇਸ ਟੈਸਟ ਦਾ ਪ੍ਰਤੀਪਾਦਨ ਮੁਰ੍ਰੇ, ਮੌਰਗਨ ਅਤੇ ਉਨ੍ਹਾਂ ਦੇ ਸਾਥੀਆਂ (Murray, Morgan et. al) ਨੇ 1935 ਵਿਚ

ਕੀਤਾ। ਇਸ ਵਿਚ 31 ਚਿੱਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਸਾਰੇ ਚਿੱਤਰ ਇਸਤਰੀਆਂ ਅਤੇ ਪੁਰਖਾਂ ਦੇ ਹਨ। ਇਸ ਵਿਚ 10 ਕਾਰਡ ਪੁਰਖਾਂ ਲਈ, 10 ਕਾਰਡ ਇਸਤਰੀਆਂ ਲਈ ਅਤੇ 10 ਦੋਵੇਂ ਪੁਰਖ ਇਸਤਰੀਆਂ ਲਈ ਹਨ। ਇੱਕ ਕਾਰਡ ਖਾਲੀ ਹੈ। ਹਰੇਕ ਵਿਅਕਤੀ ਨੂੰ 20 ਚਿੱਤਰ ਦਿਖਾਏ ਜਾਂਦੇ ਹਨ। ਵਿਅਕਤੀ ਤਸਵੀਰ ਵਿਚਲੀਆਂ ਘਟਨਾਵਾਂ ਦੇ ਪਾਤਰ ਦੇ ਅਨੁਭਵ ਦੇ ਆਧਾਰ ਤੇ ਕਹਾਣੀ ਰਚਦਾ ਹੈ। ਕਹਾਣੀ ਸਿੱਟੇ ਦੇ ਬਾਰੇ ਵੀ ਪੁੱਛਿਆ ਜਾਂਦਾ ਹੈ। ਉਸਦੀ ਪ੍ਰਤੀਕ੍ਰਿਆ ਦੇ ਇਹ ਆਧਾਰ ਹਨ – (1) ਚਿੱਤਰ ਵਿਚ ਕੀ ਹੋ ਰਿਹਾ ਹੈ ? (2) ਇਸਦੇ ਹੋਣ ਦਾ ਕੀ ਕਾਰਣ ਹੈ ? (3) ਇਸ ਦਾ ਕੀ ਸਿੱਟਾ ਨਿਕਲੇਗਾ ? ਸਮੁੱਚਾ ਟੈਸਟ ਇਕ-ਇਕ ਘੰਟੇ ਦੇ ਦੋ ਸ਼ੈਸ਼ਨਾਂ ਵਿਚ ਕੀਤਾ ਜਾਂਦਾ ਹੈ।

ਇਹ ਵਿਧੀ ਕੁਝ ਹੱਦ ਤੱਕ ਪਾਰਖੀ ਦੇ ਸੁਭਾਅ ਅਤੇ ਉਸਦੇ ਨਿੱਜੀ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੀ ਹੈ ਕਿਉਂਕਿ ਪ੍ਰੀਖਿਆਰਥੀ ਆਪਣੇ ਆਪ ਨੂੰ ਚਿੱਤਰ ਦਾ ਕੋਈ ਪਾਤਰ ਮੰਨ ਲੈਂਦਾ ਹੈ ਅਤੇ ਆਪਣੇ ਵਿਚਾਰਾਂ, ਭਾਵਨਾਵਾਂ, ਸਮੱਸਿਆਵਾਂ, ਆਦਿ ਨੂੰ ਕਹਾਣੀ ਦੁਆਰਾ ਪ੍ਰਗਟ ਕਰਦਾ ਹੈ। ਇਹ ਕਹਾਣੀ ਉਸਦੇ ਜੀਵਨ ਦੀ ਕਹਾਣੀ ਹੁੰਦੀ ਹੈ। ਕਹਾਣੀ ਦਾ ਵਿਸ਼ਲੇਸ਼ਣ ਕਰਕੇ ਪ੍ਰੀਖਿਆਰਥੀ ਦੀ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਦਾ ਪਤਾ ਲਗਾਇਆ ਜਾਂਦਾ ਹੈ। ਇਸ ਪਰੀਖਣ ਦੁਆਰਾ ਵਿਅਕਤੀ ਦੇ ਭਾਵ, ਸੰਵੇਗ, ਸੰਘਰਸਾਂ, ਅਭਿਰੁਚੀਆਂ, ਇੱਛਾਵਾਂ, ਲੋੜਾਂ, ਵਿਅਕਤੀਤਵ ਅਤੇ ਸਮਾਜਿਕ ਸੰਬੰਧਾਂ ਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ।

### 2.3.5.3 ਮਨੋਵਿਸ਼ਲੇਸ਼ਣਾਤਮਕ ਵਿਧੀ (Psychoanalytic Method):

ਸ਼ਖ਼ਸੀਅਤ ਨੂੰ ਮਾਪਣ ਲਈ ਇਸ ਵਿਧੀ ਦਾ ਨਿਰਮਾਣ ਫਰਾਇਡ (Freud) ਨੇ ਕੀਤਾ ਸੀ ਅਤੇ ਯੁੰਗ (Jung) ਤੇ ਐਡਲਰ (Adler) ਨੇ ਵਿਧੀ ਨੂੰ ਵਿਕਸਿਤ ਕੀਤਾ। ਇਸ ਵਿਚ ਹੇਠ ਲਿਖੀਆਂ ਤਿੰਨ ਉਪ-ਵਿਧੀਆਂ ਹਨ :

**(i) ਮੁਕਤ ਸੰਸਰਗ ਵਿਧੀ (Free Association Method):**

ਇਸ ਉਪ-ਵਿਧੀ ਵਿਚ ਵਿਅਕਤੀ ਨੂੰ ਕਿਹਾ ਜਾਂਦਾ ਹੈ ਕਿ ਜੋ ਕੁਝ ਉਸਦੇ ਮਨ ਵਿਚ ਆਉਂਦਾ ਹੈ, ਉਸ ਨੂੰ ਸੁਤੰਤਰਤਾ ਪੂਰਵਕ ਕਹਿੰਦਾ ਜਾਵੇ। ਉਸਦੇ ਇਸ ਪ੍ਰਗਟਾਵੇ ਨਾਲ ਮਾਹਿਰ ਉਸਦੇ ਮਾਨਸਿਕ ਦਮਨ, ਨਿਰਾਸ਼ਾ ਅਤੇ ਅਪ-ਸਮਾਯੋਜਨ (Mal-adjustment) ਦੇ ਕਾਰਣਾਂ ਦਾ ਪਤਾ ਲਗਾ ਲੈਂਦੇ ਹਨ।

**(ii) ਸ਼ਬਦ ਸੰਸਰਗ ਵਿਧੀ (Word Association Test):**

ਇਸ ਵਿਧੀ ਦੀ ਭਾਰਤੀ ਸੁਰੱਖਿਆ ਸੇਵਾਵਾਂ ਵਿਚ ਚੋਣ ਸਮੇਂ ਕਰਤਾ ਕਮੇਟੀ ਦੁਆਰਾ ਕੈਡਟਾਂ ਦੀ ਸ਼ਖ਼ਸੀਅਤ ਮਾਪਣ ਲਈ ਵਰਤੋਂ ਕੀਤੀ ਜਾਂਦੀ ਹੈ। ਇਸ ਟੈਸਟ ਵਿਚ ਸ਼ਬਦਾ ਦੀ ਇਕ ਲੰਬੀ ਲਿਸਟ ਤਿਆਰ ਕੀਤੀ ਜਾਂਦੀ ਹੈ। ਵਿਸ਼ਯੀ ਨੂੰ ਇਕ-ਇਕ ਕਰਕੇ ਸ਼ਬਦ ਪ੍ਰਸਤੁਤ ਕੀਤੇ ਜਾਂਦੇ ਹਨ। ਉਸਨੂੰ ਤੁਰੰਤ ਸੁਤੰਤਰ ਰੂਪ ਵਿਚ ਮਨ ਵਿਚ ਆਏ ਸ਼ਬਦਾਂ ਦੁਆਰਾ ਅਨੁਕ੍ਰਿਆ ਕਰਨੀ ਪੈਂਦੀ ਹੈ। ਪ੍ਰਤੀਕ੍ਰਿਆ ਕਾਲ, ਸੰਕੋਚ, ਝਿਜਕ, ਅਵਰੋਧ, ਆਦਿ ਨੋਟ ਕੀਤੇ ਜਾਂਦੇ ਹਨ। ਅੰਤ ਵਿਚ ਅਨੁਕ੍ਰਿਆਵਾਂ ਅਨੁਸਾਰ ਸ਼ਖ਼ਸੀਅਤ ਦਾ ਮਾਪਣ ਕੀਤਾ ਜਾਂਦਾ ਹੈ।

**(iii) ਸੁਪਨਾ ਵਿਸ਼ਲੇਸ਼ਣ (Dream Analysis):**

ਇਸ ਤਕਨੀਕ ਨਾਲ ਸੰਬੰਧਤ ਵਿਅਕਤੀਆਂ ਦੇ ਸੁਪਨਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਸੁਪਨਿਆਂ ਨਾਲ ਵਿਅਕਤੀ ਦੇ ਅਚੇਤਨ ਮਨ ਨੂੰ ਜਾਣਨ ਵਿਚ ਸਹਾਇਤਾ ਮਿਲਦੀ ਹੈ। ਸੁਪਨਿਆਂ ਵਿਚ ਦੁਖਦ ਘਟਨਾਵਾਂ ਅਤੇ ਦਮਨ ਇਛਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਮਨੋਵਿਗਿਆਨੀ ਸੁਪਨੇ ਦੇ ਪ੍ਰਮੁੱਖ ਪਹਿਲੂ ਨੋਟ ਕਰਦਾ ਹੈ। ਸੁਪਨਿਆਂ ਦੇ ਵਿਸ਼ਲੇਸ਼ਣ ਨਾਲ ਵਿਅਕਤੀ ਦੀਆਂ ਮਾਨਸਿਕ ਗੁੰਝਲਾ ਅਤੇ ਤਨਾਓ ਦੇ ਕਾਰਣਾਂ ਦਾ ਪਤਾ ਲਗਾ ਸਕਦੇ ਹਾਂ।

### 2.3.5.4 ਡਰਾਇੰਗ, ਪੇਟਿੰਗ ਅਤੇ ਮੂਰਤੀ ਕਲਾ (Drawing, Painting and Sculpture):

ਕਲਾ ਕ੍ਰਿਤੀਆਂ ਨੂੰ ਪ੍ਰੇਖਪਣ ਵਿਧੀ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਚਿੱਤਰਾਂ ਅਤੇ ਡਰਾਇੰਗ ਵਿਚ ਪ੍ਰਗਟ ਉਦੇਸ਼ ਦਿਤੇ ਗਏ ਰੰਗ ਅਤੇ ਰੇਖਾਵਾਂ ਕਿਸੇ ਦੀ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਗਟ ਕਰਦੀਆਂ ਹਨ। ਡਰਾਇੰਗ ਵਿਚ ਤੇਜ਼ ਗਤੀ, ਵਿਅਕਤੀ ਦੀ ਭਾਵਾਤਮਕਤਾ ਨੂੰ ਦਰਸਾਉਂਦੀ ਹੈ। ਗਲਤ ਬਿਆਨੀ ਜਾਂ ਵਿਕਾਰ ਮਾਨਸਿਕ ਦਬਾਅ ਜਾਂ ਸੰਵੇਗਾਤਮਕ ਸਮੱਸਿਆਵਾਂ ਨੂੰ ਪ੍ਰਗਟਾਉਂਦੇ ਹਨ। ਮੋਟੀਆਂ ਰੇਖਾਵਾਂ ਤਨਾਅ ਜਾਂ ਹਮਲਾਵਰੀ ਸੁਭਾਅ ਨੂੰ ਦਰਸਾਉਂਦੀਆਂ ਹਨ। ਹਲਕੀਆਂ ਟੁਟੀਆਂ ਰੇਖਾਵਾਂ ਕਮਜ਼ੋਰੀਆਂ ਜਾਂ ਅਸੁਰੱਖਿਆ ਦੇ ਸੁਭਾਅ ਵੱਲ ਸੰਕੇਤ ਕਰਦੀਆਂ ਹਨ। ਮੁਦਾਰਾਵਾਂ ਨਾਲ ਵਿਅਕਤੀ ਦੀਆਂ ਰੁਚੀਆਂ ਜਾਂ ਕਲਪਨਾਵਾਂ

ਦਾ ਪਤਾ ਲਗਦਾ ਹੈ। ਨਰ-ਨਾਰੀਆਂ ਦੀਆਂ ਅਕ੍ਰਿਤੀਆਂ ਨਾਲ ਵਿਅਕਤੀ ਦੀਆਂ ਆਮ ਪ੍ਰਵਿਰਤੀਆਂ ਬਾਰੇ ਪਤਾ ਲਗਦਾ ਹੈ। ਇਸ ਵਿਧੀ ਵਿਚ ਬੱਚਿਆਂ ਨੂੰ ਮਿੱਟੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਆਪਣੀ ਮਨ ਪਸੰਦ ਕ੍ਰਿਤੀ ਬਨਾਉਣ ਲਈ ਕਿਹਾ ਜਾਂਦਾ ਹੈ। ਜੇਕਰ ਉਹ ਆਪਣੀ ਸ਼ਕਲ ਬਣਾਉਂਦਾ ਹੈ ਤਾਂ ਇਹ ਦੇਖਿਆ ਜਾਂਦਾ ਹੈ ਕਿ ਸਰੀਰ ਦੇ ਵੱਖ-ਵੱਖ ਅੰਗ ਠੀਕ ਅਨੁਪਾਤ ਵਿਚ ਹੋਣਗੇ । ਛੋਟੀ ਜਾਂ ਵੱਡੀ ਨੱਕ ਜਾਂ ਛੋਟੇ ਛੋਟੇ ਭਰਵੱਟੇ ਉਸ ਦੀ ਆਤਮ ਧਾਰਨਾਂ ਦੇ ਪ੍ਰਤੀਕ ਹਨ। ਕਈ ਵਾਰ ਬੱਚੇ ਇਨ੍ਹਾਂ ਰਚਨਾਤਮਕ ਕ੍ਰਿਆਵਾਂ ਵਿਚ ਉਨ੍ਹਾਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ ਜਿਹਨਾਂ ਨੂੰ ਉਹ ਸਾਧਾਰਨ ਤੌਰ ਤੇ ਪ੍ਰਗਟ ਨਹੀਂ ਕਰ ਸਕਦੇ।

### 2.3.5.5ਹੱਥ ਲਿਖਤ ਦੀਆਂ ਵਿਸ਼ੇਸ਼ਤਾਵਾਂ (Features of Handwriting):

ਹੱਥ ਲਿਖਤ ਦੀਆਂ ਵਿਸ਼ੇਸ਼ਤਾਵਾਂ ਵੀ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਗਟ ਕਰਦੀਆਂ ਹਨ। ਅੱਖਰਾਂ ਦੀ ਲੰਬਾਈ ਉਨ੍ਹਾਂ ਦਾ ਝੁਕਾਅ, ਇਕਸਾਰਤਾ, ਗਤੀ ਅੱਖਰਾਂ ਦੇ ਵੱਖ-ਵੱਖ ਭਾਗਾਂ ਤੇ ਦਬਾਓ, ਨਿਰੰਤਰਤਾ, ਆਦਿ ਨਾਲ ਹੀ ਵਿਅਕਤੀ ਸੰਵੇਗਾਤਮਕ ਸਮਾਯੋਜਨ ਦਾ ਪਤਾ ਲਗਾਇਆ ਜਾਂਦਾ ਹੈ। ਹੱਥ ਲਿਖਤ ਨੂੰ ਦੇਖ ਕੇ ਮਾਹਿਰ ਅਤੇ ਕਈ ਵਾਰ ਸਾਧਾਰਨ ਵਿਅਕਤੀ ਵੀ ਦੱਸ ਦਿੰਦੇ ਹਨ ਕਿ ਲਿਖਣ ਵਾਲਾ ਪੁਰਸ਼ ਹੈ ਜਾਂ ਔਰਤ, ਜਵਾਨ ਹੈ ਜਾਂ ਬੁੱਢਾ ਆਦਿ, ਪਰ ਹੱਥ ਦੀ ਲਿਖਾਈ ਪਰੀਖਣ ਅਤੇ ਅਭਿਆਸ ਤੇ ਨਿਰਭਰ ਕਰਦੀ ਹੈ। ਇਸ ਲਈ ਇਕੱਲੇ ਹੱਥ ਦੀ ਲਿਖਤ ਦੇ ਆਧਾਰ ਤੇ ਕਿਸੇ ਦੀ ਸ਼ਖ਼ਸੀਅਤ ਦੇ ਸੰਬੰਧ ਵਿਚ ਠੀਕ-ਠਾਕ ਨਹੀਂ ਦੱਸਿਆ ਜਾ ਸਕਦਾ।

ਐਚ. ਕੇ. ਟੈਕੋਬੀ (H.J. Tacoby) ਨੇ ਆਪਣੀ ਪੁਸਤਕ "Analysis of Handwriting" ਵਿਚ ਦੱਸਿਆ ਹੈ ਕਿ ਹੱਥ ਲਿਖਤ ਨਾਲ ਬੱਚਿਆਂ ਦੇ ਦੋਸ਼ਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਹਲ ਅਤੇ ਮਾਨਟਗੋਮਰੀ ਨੇ ਅੱਖਰਾਂ ਦੇ ਉਪਰ ਅਤੇ ਹੇਠਾਂ ਜਾਣ ਵਾਲੀਆਂ ਰੇਖਾਵਾਂ, ਮੋਟੇ ਅਤੇ ਪਤਲੇ ਬਿੰਦੂਆਂ, ਵੱਖ ਵੱਖ ਅੱਖਰਾਂ ਨੂੰ ਲਿਖਣ ਦੀਆਂ ਵਿਧੀਆਂ ਜਿਵੇਂ m,n ਆਦਿ ਦਾ, ਅਧਿਐਨ ਕਰਕੇ ਕਈ ਮਹੱਤਵਪੂਰਨ ਸਿੱਟੇ ਕੱਢੇ ਹਨ। ਹੱਥ ਲਿਖਤ ਦੇ ਸਹੀ ਵਿਸ਼ਲੇਸ਼ਣ ਦੇ ਕਈ ਗੁਣਾਂ ਨੂੰ ਜਾਣਨ ਵਿਚ ਸਹਾਇਤਾ ਮਿਲ ਸਕਦੀ ਹੈ।

### 2.3.5.6 ਨਿਰਾਸ਼ਾ ਸੰਬੰਧੀ ਚਿੱਤਰ ਦਾ ਅਧਿਐਨ (Picture Frustration Study):

ਰੋਜਿਨਵੇਗ (Rosenweig) ਨੇ ਨਿਰਾਸ਼ਾ ਸੰਬੰਧੀ ਚਿੱਤਰ ਦੇ ਅਧਿਐਨ ਦੀ ਵਿਧੀ ਦਾ ਨਿਰਮਾਣ ਕੀਤਾ। ਭਾਰਤ ਦੇ ਉਦਯ ਪਾਰਿਖ ਡਾਕਟਰ ਨੇ ਇਸ ਨੂੰ ਆਪਣਾਇਆ ਹੈ। ਇਸ ਵਿਚ 24 ਕਾਰਟੂਨ ਚਿੱਤਰ ਸ਼ਾਮਿਲ ਹਨ। ਇਨ੍ਹਾਂ ਚਿੱਤਰਾਂ ਵਿਚ ਵਿਅਕਤੀ ਨੂੰ ਦੈਨਿਕ ਜੀਵਨ ਦੀਆਂ ਨਿਰਾਸ਼ਾਵਾਂ ਅਤੇ ਦਬਾਅਪੂਰਨ ਸਥਿਤੀਆਂ ਵਿਚਕਾਰ ਵਿਅਕਤੀ ਨੂੰ ਦਿਖਾਇਆ ਗਿਆ ਹੈ। ਸੰਬਧਿਤ ਵਿਅਕਤੀ ਨੂੰ ਕਿਹਾ ਜਾਂਦਾ ਹੈ ਕਿ ਚਿੱਤਰ ਵਿਚ ਦਿਖਾਏ ਗਏ ਨਿਰਾਸ਼ ਵਿਅਕਤੀ ਨੂੰ ਦੇਖ ਕੇ ਉਸਦੇ ਮਨ ਵਿਚ ਸਭ ਤੋਂ ਪਹਿਲਾਂ ਜੋ ਵਿਚਾਰ ਆਉਂਦਾ ਹੈ, ਉਹ ਚਿੱਤਰ ਉੱਪਰ ਸਿਰਲੇਖ ਦੀ ਥਾਂ ਤੇ ਲਿਖ ਦੇਵੇ। ਇਸ ਨਾਲ ਵਿਅਕਤੀ ਦੇ ਸੰਘਰਸ, ਮਾਨਸਿਕ ਦਬਾਅ, ਆਦਿ ਦਾ ਪਤਾ ਲੱਗਦਾ ਹੈ।

ਪ੍ਰਖੇਪਕ ਵਿਧੀ ਵਿਚ ਇਹ ਦੋਸ਼ ਹੈ ਕਿ ਇਨ੍ਹਾਂ ਵਿਚ ਪ੍ਰਮਾਣਿਕ ਪ੍ਰੀਖਿਆਵਾਂ ਦੀ ਘਾਟ ਹੈ। ਇਨ੍ਹਾਂ ਵਿਚ ਵਿਅਕਤੀਗਤ ਨਿਸ਼ਠਤਾ ਹੈ। ਸਮੇਂ ਦੀ ਜ਼ਿਆਦਾ ਜ਼ਰੂਰਤ ਹੈ ਅਤੇ ਮਾਹਿਰਾਂ ਦੀ ਵੀ ਲੋੜ ਹੁੰਦੀ ਹੈ। ਜਦੋਂ ਇਨ੍ਹਾਂ ਨੂੰ ਬੱਚਿਆਂ ਤੇ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਬਹੁਤ ਭਰੋਸੇਯੋਗ ਨਹੀਂ ਰਹਿੰਦੀਆਂ।

### *2.3.6 ਸਾਰ :*

*ਸੰਖੇਪ ਵਿਚ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਹਰ ਵਿਧੀ ਸ਼ਖ਼ਸੀਅਤ ਦੇ ਸਾਰੇ ਪਹਿਲੂਆਂ ਦਾ ਮਾਪ ਨਹੀਂ ਕਰ ਸਕਦੀ। ਹਰ ਵਿਧੀ ਦੇ ਗੁਣ ਅਤੇ ਔਗੁਣ ਹਨ। ਸਥਿਤੀ ਦੇ ਅਨੁਸਾਰ ਵਿਅਕਤੀਤਵ ਦੇ ਸੁਚੇਤ ਅਤੇ ਅਚੇਤ ਮਨ ਦੇ ਪ੍ਰਗਟਾਓ ਲਈ ਵੱਖ-ਵੱਖ ਵਿਧੀਆਂ ਫਾਇਦੇਮੰਦ ਹਨ।*

### *2.3.7 ਸ਼ਬਦਾਰਥ ਸੂਚੀ :*

*ਆਤਮ ਨਿਸ਼ਠ ਵਿਧੀਆਂ :* *ਇਹਨਾਂ ਵਿਧੀਆਂ ਵਿਚ ਵਿਅਕਤੀ ਨਾਲ ਸੰਬੰਧਿਤ ਸੂਚਨਾਵਾਂ ਦੀ ਵਿਅਕਤੀ ਤੋਂ ਉਸਦੇ ਮਿੱਤਰਾਂ, ਸੰਬੰਧੀਆਂ, ਅਤੇ ਗੁਆਂਢੀਆਂ ਦੁਆਰਾ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।*

*ਵਸਤੂ-ਨਿਸ਼ਠ ਵਿਧੀਆਂ :* *ਇਸ ਵਿਧੀ ਵਿਚ ਵਿਅਕਤੀ ਦੇ ਬਾਹਰ ਦੇ ਵਿਵਹਾਰ ਦੇ ਆਧਾਰ ਤੇ ਸ਼ਖਸ਼ੀਅਤ ਦਾ ਮਾਪ ਕੀਤਾ ਜਾਂਦਾ ਹੈ ਜਿਵੇਂ ਕਿ ਨਿਰੀਖਣ ਵਿਧੀ, ਰੇਟਿੰਗ ਸਕੇਲ ਵਿਧੀ*

*ਪ੍ਰਖੇਪਕ ਵਿਧੀਆਂ ਸ਼ਖਸ਼ੀਅਤ ਦੇ ਅਚੇਤ ਮਨ ਨੂੰ ਪ੍ਰਖੇਪੀ ਦੁਆਰਾ ਨਾਪਿਆ ਜਾ ਸਕਦਾ ਹੈ। ਹਰ ਵਿਅਕਤੀ ਦੇ ਅਚੇਤ ਮਨ ਵਿਚ ਕੁਝ ਅਜਿਹੀਆਂ ਪ੍ਰੇਰਨਾਵਾਂ, ਇੱਛਾਵਾਂ, ਭਾਵਨਾਵਾਂ, ਰੁਚੀਆਂ ਹੁੰਦੀਆਂ ਹਨ ਜਿਹਨਾਂ ਨੂੰ ਸਿਰਫ਼ ਪ੍ਰਖੇਪੀ ਵਿਧੀਆਂ ਰਾਹੀਂ ਹੀ ਜਾਣਿਆ ਜਾ ਸਕਦਾ ਹੈ।*

### *2.3.8 ਵੱਡੇ ਸਵਾਲ*

1. *ਸਖ਼ਸ਼ੀਅਤ ਦੇ ਮੁਲਾਂਕਣ ਦੀ ਧਾਰਨਾ ਦਾ ਵਿਸਥਾਰ ਵਿਚ ਵਰਨਣ ਕਰੋ।*
2. *ਪ੍ਰਖੇਪਕ ਵਿਧੀ ਦਾ ਸਖ਼ਸ਼ੀਅਤ ਮੁਲਾਂਕਣ ਵਿਚ ਕੀ ਹਿੱਸਾ ਹੈ?*

### *2.3.9 ਛੋਟੇ ਸਵਾਲ*

1. *ਰੇਟਿੰਗ ਸਕੇਲ ਕੀ ਹੁੰਦਾ ਹੈ?*
2. *ਸੁਪਨਾ ਵਿਸ਼ਲੇਸ਼ਣ ਦਾ ਸੰਖੇਪ ਵਰਨਣ ਕਰੋ।*

### *2.3.10* ਹਵਾਲਾ ਪੁਸਤਕਾਂ

1. ਇੰਦਰਜੀਤ ਕੌਰ ਸੰਧੂ, ਅੰਮ੍ਰਿਤ ਕੌਰ : ਸਿੱਖਿਆ ਮਨੋਵਿਗਿਆਨ

ਪਾਠ ਨੰ. 2.4 | ਲੇਖਕ : ਡਾ. ਮਮਤਾ ਸ਼ਰਮਾ

Last updated July, 2023

# ਕੇਂਦਰੀ ਪਰਵਿਰਤੀ ਦੇ ਮਾਪ
## (MEASURES OF CENTRAL TENDENCY)

2.4.0 ਉਦੇਸ਼
2.4.1 ਭੂਮਿਕਾ
2.4.2 ਔਸਤ
  2.4.2.1 ਅੰਕੜੇ ਅਵਰਗ੍ਰੀਕ੍ਰਿਤ ਹੋਣ ਸਮੇਂ ਔਸਤ ਕੱਢਣਾ
  2.4.2.2 ਵਰਗ੍ਰੀਕ੍ਰਿਤ ਅੰਕੜਿਆਂ ਨਾਲ ਔਸਤ ਕੱਢਣਾ
  2.4.2.3 ਔਸਤ ਕੱਢਣ ਦੀ ਛੋਟੀ ਵਿਧੀ
  2.4.2.4 ਔਸਤ ਦੀ ਵਰਤੋਂ, ਲਾਭ ਅਤੇ ਔਗੁਣ
2.4.3 ਮਾਧਮਿਕਾ
  2.4.3.1 ਅਵਰਗੀਕ੍ਰਿਤ ਅੰਕੜਿਆਂ ਨਾਲ ਮਾਧਮਿਕਾ ਕੱਢਣਾ
  2.4.3.2 ਵਰਗੀਕ੍ਰਿਤ ਅੰਕੜਿਆਂ ਨਾਲ ਮਾਧਮਿਕਾ ਕੱਢਣਾ
  2.4.3.3 ਮਾਧਮਿਕਾ ਕੱਢਣ ਵਿਚ ਮੁੱਖ ਪੜ੍ਹਾਅ
  2.4.3.4 ਮਾਧਮਿਕਾ ਦੀ ਵਰਤੋਂ, ਲਾਭ ਅਤੇ ਔਗੁਣ
2.4.4 ਬਹੁਲਕ
  2.4.4.1 ਬਹੁਲਕ ਦੇ ਗੁਣ
  2.4.4.2 ਬਹੁਲਕ ਦੇ ਔਗੁਣ
2.4.5 ਔਸਤ, ਮਾਧਮਿਕਾ ਅਤੇ ਬਹੁਲਕ ਦੀ ਸੰਯੁਕਤ ਉਦਾਹਰਣ
2.4.6 ਸਾਰ
2.4.7 ਸ਼ਬਦਾਵਲੀ
2.4.8 ਵੱਡੇ ਸਵਾਲ
2.4.9 ਛੋਟੇ ਸਵਾਲ
2.4.10 ਸਹਾਇਕ ਪੁਸਤਕਾਂ

### 2.4.0 ਉਦੇਸ਼ :

ਇਸ ਪਾਠ ਵਿਚ ਸਭ ਤੋ ਪਹਿਲਾਂ ਕੇਂਦਰੀ ਪਰਵਿਰਤੀ ਦੇ ਮਾਪ ਬਾਰੇ ਚਰਚਾ ਕੀਤੀ ਗਈ, ਉਸਤੋਂ ਬਾਅਦ ਉਸ ਅਸਥਿਰਤਾ ਨੂੰ ਮਾਪਣ ਲਈ ਕਿਹੜੇ-ਕਿਹੜੇ ਢੰਗ ਹਨ, ਉਨ੍ਹਾਂ ਦਾ ਵਰਨਣ ਕੀਤਾ ਗਿਆ ਹੈ। ਇਸ ਪਾਠ ਦਾ ਉਦੇਸ਼ ਹੇਠ ਲਿਖੇ ਪਹਿਲੂਆਂ ਬਾਰੇ ਵਿਦਿਆਰਥੀਆਂ ਦੀ ਜਾਣਕਾਰੀ ਵਿਚ ਵਾਧਾ ਕਰਨਾ ਹੈ।

(1) ਅਸਥਿਰਤਾ ਕੀ ਹੈ?
(2) ਕੇਂਦਰੀ ਪਰਵਿਰਤੀ ਦੇ ਮੁੱਖ ਨਾਪ ਕਿਹੜੇ ਹਨ?
(3) ਵਰਗੀਕ੍ਰਿਤ ਅਤੇ ਅਵਰਗੀਕ੍ਰਿਤ ਅੰਕੜਿਆਂ ਵਿਚ ਕੀ ਭਿੰਨਤਾ ਹੈ?

### 2.4.1 ਭੂਮਿਕਾ :

ਅੰਕੜਿਆਂ ਨੂੰ ਹਮੇਸ਼ਾਂ 'ਔਸਤ ਦਾ ਵਿਗਿਆਨ' (Science of Average) ਕਿਹਾ ਗਿਆ ਹੈ ਕਿਉਂਕਿ ਹਰ ਪ੍ਰਕਾਰ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਔਸਤ ਦੀ ਬਹੁਤ ਮਹੱਤਤਾ ਹੈ। ਮਨੋਵਿਗਿਆਨ ਤੇ ਸਿੱਖਿਆ ਦੇ ਬਹੁਤ ਸਾਰੇ ਨਿਯਮ ਅੰਕੜਿਆਂ ਉਤੇ ਨਿਰਭਰ ਕਰਦੇ

ਹਨ। ਇਹ ਅਧਿਆਪਕ ਨੂੰ ਬੁੱਧੀ ਅੰਕ, ਪ੍ਰਾਪਤੀ ਅੰਕ ਤੇ ਵਿਦਿਆਰਥੀ ਦੀ ਸ਼ਖ਼ਸੀਅਤ ਦੇ ਲੱਛਣ ਮਲੂਮ ਕਰਨ ਵਿਚ ਮੱਦਦ ਕਰਦੇ ਹਨ। ਔਸਤ ਪ੍ਰਦਰਸ਼ਨ ਦੇ ਕਾਫ਼ੀ ਮਾਪਾਂ ਨੂੰ ਕੇਂਦਰੀ ਪਰਵਿਰਤੀ ਦੇ ਮਾਪ ਕਹਿੰਦੇ ਹਨ ਕਿਉਂਕਿ ਉਹ ਵਰਗੀਕਰਣ ਦੇ ਮੱਧ ਵਿਚ ਵਿਅਕਤੀਆਂ ਦੇ ਪ੍ਰਦਰਸ਼ਨ ਦਾ ਮਾਪ ਦਿੰਦੇ ਹਨ। ਕੇਂਦਰੀ ਪਰਵਿਰਤੀ ਦਾ ਮਾਪ ਸਾਰੀ ਸ਼੍ਰੇਣੀ ਨੂੰ ਇਕ ਅੰਕ ਦੁਆਰਾ ਪ੍ਰਗਟ ਕਰਦਾ ਹੈ।

ਕੇਂਦਰੀ ਪ੍ਰਵਿਰਤੀ ਦੇ ਤਿੰਨ ਮੁੱਖ ਮਾਪ ਹਨ (Measures of Central Tendency) :

1. ਔਸਤ (Mean),
2. ਮਾਧਮਿਕ (Median) ਅਤੇ
3. ਬਹੁਲਕ (Mode) ।

**2.4.2 ਔਸਤ (MEAN)**: ਸਕੋਰ ਦੇ 'ਗਣਿਤੀਯ ਔਸਤ' ਨੂੰ ਔਸਤ (Mean) ਕਿਹਾ ਜਾਂਦਾ ਹੈ।

**2.4.2.1 ਅੰਕੜੇ ਅਵਰਗ੍ਰੀਕਿਤ ਹੋਣ ਸਮੇਂ ਔਸਤ ਕੱਢਣਾ (Calculation of Mean when data are ungrouped) :**

ਅਵਰਗੀਕ੍ਰਿਤ ਅੰਕੜਿਆਂ ਵਿਚ ਅਲੱਗ-ਅਲੱਗ ਜੋੜਾਂ ਜਾਂ ਨਾਪ ਨੂੰ ਉਨ੍ਹਾਂ ਦੀ ਗਿਣਤੀ ਉਤੇ ਵੰਡ ਕਰਕੇ ਔਸਤ ਪ੍ਰਾਪਤ ਕੀਤੀ ਜਾਂਦੀ ਹੈ। ਇਸ ਅਵਰਗੀਕ੍ਰਿਤ ਨਾਪਾਂ ਸ਼੍ਰੇਣੀ ਵਿਚ ਔਸਤ (Mean) ਦਾ ਫਾਰਮੂਲਾ ਇਹ ਹੈ :

$$M = \frac{\sum X}{N}$$

$\sum$ = ਜੋੜ ਔਸਤ ਹੈ ।

$\frac{42}{6}$ =7 ਰੁਪਏ

X = ਜੋੜ ਦਾ ਹਰ ਨਾਮ ਹੈ।

N = ਸ਼੍ਰੇਣੀ ਵਿਚ ਨਾਪਾਂ ਦੀ ਗਿਣਤੀ ਹੈ।

ਉਦਾਹਰਣ ਦੇ ਤੌਰ ਤੇ, ਜੇ ਇਕ ਆਦਮੀ ਲਗਭਗ 6 ਦਿਨ 4, 6, 9, 8, 7, 8, ਰੁਪਏ ਕਮਾਉਂਦਾ ਹੈ ਤਾਂ ਉਸਦੀ ਔਸਤ ਆਮਦਨੀ 7 ਰੁਪਏ ਹੈ ਜੋ ਉਸਦੀ ਰੋਜ਼ਾਨਾ ਆਮਦਨੀ ਦੇ ਜੋੜ ਨੂੰ ਦਿਨਾਂ ਦੀ ਗਿਣਤੀ ਉਤੇ ਭਾਗ ਦੇ ਕੇ ਪ੍ਰਾਪਤ ਕੀਤੀ ਗਈ ਹੈ।

$$M = \frac{\sum X}{N} = \frac{4+6+9+8+7+8}{6} = 7$$

**2.4.2.2 ਅੰਕੜੇ ਵਰਗੀਕ੍ਰਿਤ ਹੋਣ ਸਮੇਂ ਔਸਤ ਕੱਢਣਾ :**

ਜਦੋਂ ਅੰਕੜੇ ਬਾਰੰਬਾਰਤਾ ਵੰਡ (frequency) ਵਿਚ ਵਰਗੀਕ੍ਰਿਤ ਹੋਣ, ਤਾਂ ਔਸਤ ਨੂੰ ਹੇਠ ਲਿਖੇ ਫਾਰਮੂਲੇ ਦੁਆਰਾ ਕੱਢਿਆ ਜਾ ਸਕਦਾ ਹੈ :

$$M = \frac{\sum fx}{N}$$

f = ਹਰੇਕ ਸ਼੍ਰੇਣੀ ਵਿੱਚ ਅੰਤਰ ਦੀ ਬਾਰੰਬਾਰਤਾ

x = ਹਰੇਕ ਸ਼੍ਰੇਣੀ-ਅੰਤਰ ਦਾ ਬਿੰਦੂ

n = ਜੋੜ ਦੀ ਕੁਲ ਸੰਖਿਆ

**ਉਦਾਹਰਣ :**

| ਸ਼੍ਰੇਣੀ-ਅੰਤਰ (C-I) (Class-Interval) | ਬਾਰੰਬਾਰਤਾ (f) (frequency) | ਮੱਧ ਬਿੰਦੂ (X) (mid-point) | ਬਾਰੰਬਾਰਤਾ x ਮੱਧ ਬਿੰਦੂ fX (frequency x midpoint) |
|---|---|---|---|
| 0-9 | 3 | 4.5 | 13.50 |
| 10-19 | 5 | 14.5 | 72.50 |
| 20-29 | 8 | 24.5 | 196.00 |
| 30-39 | 12 | 34.5 | 414.00 |
| 40-49 | 18 | 44.5 | 801.00 |
| 50-59 | 11 | 54.5 | 599.50 |
| 60-69 | 10 | 64.5 | 645.00 |
| 70-79 | 6 | 74.5 | 447.00 |
| 80-89 | 4 | 84.5 | 338.00 |
| 90-99 | 3 | 94.5 | 283.50 |
| | N=80 | | $\sum$fx=3810.00 |

$$M = \frac{\sum fX}{N}$$

$$= \frac{3810.00}{80} = 47.62$$

ਔਸਤ ਪਤਾ ਕਰਨ ਲਈ ਸਭ ਤੋਂ ਪਹਿਲਾਂ ਅਸੀਂ ਸ਼੍ਰੇਣੀ ਦੇ ਮੱਧ-ਬਿੰਦੂ (x) ਨੂੰ ਮਾਲੂਮ ਕਰਦੇ ਹਾਂ। x ਪਤਾ ਕਰਨ ਦੇ ਬਾਅਦ fx ਮਲੂਮ ਕੀਤਾ ਜਾਂਦਾ ਹੈ। ਕਾਲਪ fx ਦੇ ਹਰੇਕ ਅੰਤਰ ਦੇ ਮੱਧ ਬਿੰਦੂ (x) ਦੇ ਜੋੜ ਗਿਣਤੀ (f) ਦੇ ਨਾਲ ਗੁਣਾਂ ਕਰਕੇ ਮਾਲੂਮ ਕੀਤੀ ਜਾਂਦੀ ਹੈ। ਔਸਤ 46.62 (fx) ਦਾ ਜੋੜ ਹੈ। ਅਰਥਾਤ 3810.00 ÷ 80 = 47.62 ਹੈ। ਇਹ ਔਸਤ ਕੱਢਣ ਦੀ ਲੰਮੀ ਵਿਧੀ ਕਹਾਉਂਦੀ ਹੈ।

### 2.4.2.3 ਔਸਤ ਕੱਢਣ ਦੀ ਛੋਟੀ ਵਿਧੀ (Short-method of finding the mean) :

ਔਸਤ ਕੱਢਣ ਦੀ ਉਪਰ ਦਿੱਤੀ ਵਿਧੀ ਨਾਲ ਨਤੀਜੇ ਤਾਂ ਠੀਕ ਨਿਕਲਦੇ ਹਨ ਪਰ ਇਹ ਬਹੁਤ ਲੰਮੀ ਹੈ ਅਤੇ ਇਸ ਵਿਚ ਅੰਕਾਂ ਦੀ ਜ਼ਿਆਦਾ ਗਿਣਤੀ ਦੇ ਕਾਰਣ ਹਿਸਾਬ ਬੜੀ ਮਿਹਨਤ ਨਾਲ ਕਰਨਾ ਪੈਂਦਾ ਹੈ। ਇਸ ਔਕੜ ਨੂੰ ਦੂਰ ਕਰਨ ਲਈ ਛੋਟੀ ਵਿਧੀ ਦੀ ਵਰਤੋਂ ਔਸਤ ਕੱਢਣ ਲਈ ਕੀਤੀ ਜਾਂਦੀ ਹੈ। ਇਸ ਵਿਧੀ ਅਨੁਸਾਰ ਅਸੀਂ ਹੇਠ ਦਿੱਤੀ ਵਿਧੀ ਨਾਲ ਔਸਤ ਕੱਢਦੇ ਹਾਂ :

ਔਸਤ = AM + Ci

AM = ਕਲਪਿਤ ਔਸਤ (Assumed Mean)

c = ਸ਼੍ਰੇਣੀ-ਅੰਤਰ ਦੀ ਸ਼ੁੱਧੀ

i = ਸ਼੍ਰੇਣੀ-ਅੰਤਰ ਦੀ ਲੰਬਾਈ (Length of Class Interval)

$$c = \frac{\Sigma fx^{/}}{N}$$

ਔਸਤ (Mean) = $Am + \frac{\sum fx^1}{N} \times i$

| ਸ਼੍ਰੇਣੀ-ਅੰਤਰ (C-I) (Class-Interval) | ਮੱਧ ਬਿੰਦੂ (x) (mid-point) | ਬਾਰੰਬਾਰਤਾ (f) (frequency) | $x^1$ | $fx^1$ |
|---|---|---|---|---|
| 0-9 | 4.5 | 3 | –4 | –12 |
| 10-19 | 14.5 | 5 | –3 | –15 |
| 20-29 | 24.5 | 8 | –2 | –16(–55) |
| 30-39 | 34.5 | 12 | –1 | –12 |
| 40-49 | 44.5 | 18 | –0 | 0 |
| 50-59 | 54.5 | 11 | +1 | +11 |
| 60-69 | 64.5 | 10 | +2 | +20 |
| 70-79 | 74.5 | 6 | +3 | +18 |
| 80-89 | 84.5 | 4 | +4 | +16(+80) |
| 90-99 | 94.5 | 3 | +5 | +15 |
| | | | | 80-55 |
| | N=80 | | | $\sum fx^1$=+25 |

ਔਸਤ (Mean) = $Am + \frac{\sum fx^1}{N} \times i$

$= 44.5 + \left(\frac{25}{80}\times 10\right)$

$= 44.5 + 3.12 = 47.62$

ਛੋਟੀ ਵਿਧੀ ਨਾਲ ਔਸਤ ਕੱਢਣ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾਂਦੀ ਹੈ :

1. ਪਹਿਲੇ ਕਾਲਮ ਵਿੱਚ ਸ਼੍ਰੇਣੀ-ਅੰਤਰ ਲਿਖਿਆ ਜਾਂਦਾ ਹੈ।
2. ਫਿਰ ਉਸ ਸ਼੍ਰੇਣੀ-ਅੰਤਰ ਦੇ ਅੱਗੇ, ਹਰ ਸ਼੍ਰੇਣੀ-ਅੰਤਰ ਦਾ ਮੱਧ ਬਿੰਦੂ ਲਿਖੋ।
3. ਇਸ ਦੇ ਬਾਅਦ ਬਾਰੰਬਾਰਤਾ ਲਿਖੋ।
4. ਵੰਡ ਦੇ ਕੇਂਦਰ ਦੇ ਜਿੰਨਾ ਨੇੜੇ ਹੋ ਸਕੇ, ਇਸ ਔਸਤ ਦੀ ਕਲਪਨਾ ਕਰੋ। ਇਹ ਔਸਤ ਉਸ ਅੰਤਰ ਵਿਚ ਹੋਣੀ ਚਾਹੀਦੀ ਹੈ ਜਿਸ ਦੀ ਬਾਰੰਬਾਰਤਾ ਸਭ ਤੋਂ ਵੱਡੀ ਹੋਵੇ।
5. ਔਸਤ ਦਾ ਅਨੁਮਾਨ ਲਾਉਣ ਦੇ ਬਾਅਦ ਸ਼੍ਰੇਣੀ-ਅੰਤਰ ਦੇ ਮਦਾਂ ਰਾਹੀਂ ਉਸਦੇ ਕਲਪਿਤ ਔਸਤ ਤੋਂ ਵਿਚਲਨ ਪਤਾ ਕਰੋ।
6. ਹਰੇਕ ਵਿਚਲਨ ਨੂੰ ($x^1$) ਉਸਦੇ ਉਚਿਤ ਸਾਹਮਣੇ ਵਾਲੇ f ਨਾਲ ਗੁਣਾ ਕਰੋ।
7. $x^1$ ਦਾ ਜਮਾ ਤੇ ਮਨਫੀ ਦਾ ਬੀਤ ਗਣਿਤੀਯ ਜੋੜ ਮਲੂਮ ਕਰੋ ਅਤੇ ਉਸ ਰਕਮ ਨੂੰ n ਨਾਲ ਭਾਗ ਦਿਓ। ਇਹ 0 ਸ਼੍ਰੇਣੀ ਅੰਤਰ ਦੀਆਂ ਇਕਾਈਆਂ ਦੀ ਸ਼ੁੱਧਤਾ ਹੋਵੇਗੀ।
8. ਫਿਰ c ਨੂੰ ਅੰਤਰ ਲੰਬਾਣੀ (i) ਦੇ ਨਾਲ ਗੁਣਾਂ ਕਰੋ।
9. ci ਨੂੰ AM ਨਾਲ ਜੋੜਨ ਨਾਲ ਵਾਸਤਵਿਕ ਔਸਤ ਪ੍ਰਾਪਤ ਹੋਵੇਗੀ।

### 2.4.2.4 ਔਸਤ ਦੀ ਵਰਤੋਂ, ਲਾਭ ਅਤੇ ਔਗੁਣ :

1. ਜਦੋਂ ਜੋੜ ਇਕ ਕੇਂਦਰੀ ਬਿੰਦੂ ਦੇ ਗਿਰਦ ਸਮਯਿਤ ਰੂਪ ਵਿਚ ਵੰਡੇ ਹੋਣ ਅਰਥਾਤ ਜਦੋਂ ਵੰਡ ਪੂਰੀ ਤਰ੍ਹਾਂ ਟੇਢੀ ਨਾ ਹੋਵੇ।
2. ਜਦੋਂ ਕੇਂਦਰੀ ਪਰਵਿਰਤੀ ਦੇ ਵੱਧ ਤੋਂ ਵੱਧ ਨਾਪ ਦੀ ਚਾਹ ਹੋਵੇ।
3. ਜਦੋਂ ਹਰ ਅਕੰੜੇ, ਜਿਵੇਂ ਪ੍ਰਮਾਣਿਤ ਵਿਚਲਨ ਅਤੇ ਸਹਿ -ਸੰਬੰਧ ਦੇ ਗੁਣਾਂਕ, ਦਾ ਬਾਅਦ ਵਿਚ ਹਿਸਾਬ ਕਰਨਾ ਹੋਵੇ ਤਦ ਔਸਤ ਉਤੇ ਸਾਰੇ ਅੰਕੜੇ ਨਿਰਭਰ ਕਰਦੇ ਹਨ।

**ਔਸਤ ਦੇ ਲਾਭ (Merits of mean) :**

ਇਹ ਸਮੂਹ ਦੀਆਂ ਸਭ ਮੱਦਾਂ ਨੂੰ ਵਰਤੋਂ ਵਿਚ ਲਿਆਉਂਦੀ ਹੈ। ਇਹ ਦੂਰ ਦੂਰ ਤਕ ਸਮਝੀ ਜਾਂਦੀ ਹੈ ਤੇ ਇਸਦਾ ਕੱਢਣਾ ਆਸਾਣ ਹੁੰਦਾ ਹੈ। ਇਹ ਸਦਾ ਨਿਸ਼ਚਿਤ ਹੁੰਦੀ ਹੈ। ਇਸਦੇ ਨਾਲ ਅੱਗੇ ਵੀ ਬੀਜ ਗਣਿਤ ਵਿਧੀ ਨਾਲ ਵਿਹਾਰ ਕੀਤਾ ਜਾ ਸਕਦਾ ਹੈ। ਇਸ ਵਿਚ ਅਵਸਰ ਵਿਚਲਨ ਦਾ ਘੱਟ ਅਸਰ ਹੁੰਦਾ ਹੈ, ਇਸ ਲਈ ਇਹ ਕੇਂਦਰੀ ਪ੍ਰਵਿਰਤੀ ਦਾ ਇਕ ਵਧੇਰੇ ਸਥਾਈ ਨਾਪ ਹੈ।

**ਔਸਤ ਦਾ ਔਗੁਣ (Demerits of Mean) :**

ਇਹ ਇਕ ਸ਼੍ਰੇਣੀ ਵਿਚ ਵਾਸਤਵਿਕ ਮਦ ਨਹੀਂ ਵੀ ਹੋ ਸਕਦੀ। ਇਸਦੀ ਸ਼੍ਰੇਣੀਆਂ ਨੂੰ ਦੇਖ ਕੇ ਤਦ ਤਕ ਨਹੀਂ ਗਿਣਿਆ ਜਾ ਸਕਦਾ ਜਦ ਤਕ ਸ਼੍ਰੇਣੀ ਸਰਲ ਨਾ ਹੋਵੇ। ਜੇ ਸ਼੍ਰੇਣੀ ਵਿਚ ਮੱਦਾਂ ਦੀ ਗਿਣਤੀ ਬਹੁਤ ਘੱਟ ਹੋਵੇ ਤਾਂ ਔਸਤ ਉਤੇ ਸਿਰੇ ਦੀਆਂ ਮਦਾਂ ਦਾ ਅਨਉਚਿਤ ਅਸਰ ਪੈਂਦਾ ਹੈ।

### 2.4.3 ਮਾਧਮਿਕ (MEDIAN) :

ਮਾਧਮਿਕਾ ਨਾਮ ਦੇ ਪੈਮਾਨੇ ਉਤੇ ਉਹ ਬਿੰਦੂ ਹੈ ਜਿਸਦੇ ਅੱਧੇ ਕੇਸ ਉੱਪਰ ਹੁੰਦੇ ਹਨ ਤੇ ਅੱਧੇ ਹੇਠਾਂ। ਜਦੋਂ ਵਰਗੀਕਰਨ ਵਿਚ ਸਾਰੇ ਸਕੋਰ ਸਾਈਜ਼ ਦੇ ਅਨੁਸਾਰ ਕ੍ਰਮਬੱਧ ਕੀਤੇ ਜਾਂਦੇ ਹਨ ਤਾਂ ਵਿਚਕਾਰਲੇ ਸਕੋਰ ਨੂੰ ਮਾਧਮਿਕਾ ਕਿਹਾ ਜਾਂਦਾ ਹੈ।

### 2.4.3.1ਅੰਕੜੇ ਅਵਰਗੀਕ੍ਰਿਤ ਹੋਣ ਸਮੇਂ ਮਾਧਮਿਕਾ ਦਾ ਕੱਢਣਾ(CALCULATION OF THE MEDIAN WHEN DATA ARE UNGROUPED) :

ਜਦੋਂ ਅਵਰਗੀਕ੍ਰਿਤ ਜੋੜਾਂ ਜਾਂ ਨਾਪਾਂ ਨੂੰ ਸਾਈਜ਼ ਦੇ ਆਕਾਰ ਅਨੁਸਾਰ ਰੱਖਿਆ ਜਾਂਦਾ ਹੈ ਤਾਂ ਇਹ ਪੈਮਾਨੇ ਉਤੇ ਮੱਧ ਬਿੰਦੂ ਹੁੰਦਾ ਹੈ। ਅਵਰਗੀਕ੍ਰਿਤ ਅੰਕੜਾ ਸਮੱਗਰੀ ਕਾਰਣ ਤੋਂ ਅਵਸਥਾਵਾਂ ਪੈਦਾ ਹੁੰਦੀਆਂ ਹਨ।

### 1. ਜਦੋਂ ਜੋੜਾਂ ਦੀ ਗਿਣਤੀ ਵਿਸਮ ਹੋਵੇ (When number of score (N) is odd) :

ਜਦੋ N ਵਿਸਮ ਹੋਵੇ ਤਾਂ ਹੇਠ ਲਿਖੇ ਜੋੜਿਆਂ ਦੀ ਕਲਪਨਾ ਕਰਨੀ ਪੈਂਦੀ ਹੈ : 4, 8, 6, 5, 9, 10 ਤੇ 7 ਸਮ ਤੋਂ ਪਹਿਲਾਂ ਇਹਨਾਂ ਜੋੜਿਆਂ ਨੂੰ ਚੜ੍ਹਦੇ ਕ੍ਰਮ ਵਿਚ ਰੱਖਣਾ ਪਵੇਗਾ। 4, 5, 6, 7, 8, 9, 10 ਇਸ ਲਿਸਟ ਵਿਚ ਮਾਧਮਿਕਾ ਉਹ ਹੋਵੇਗੀ ਜਿਸਦੇ ਖੱਬੇ ਤੇ ਸੱਜੇ ਪਾਸੇ ਜੋੜੇ ਬਰਾਬਰ ਹੋਣ ਤੇ ਇਹ ਮਾਧਮਿਕਾ 7 ਹੈ ਕਿਉਂਕਿ ਸੱਜੇ ਪਾਸੇ 3 ਜੋੜ ਹਨ ਤੇ ਖੱਬੇ ਪਾਸੇ ਵੀ 3 ਜੋੜ ਹੀ ਹਨ।

2. **ਦੋ ਜੋੜਾਂ ਦੀ ਗਿਣਤੀ ਸਮ ਹੋਵੇ (When number of scores is even) :**

ਦੋ ਜੋੜਾਂ ਦੀ ਗਿਣਤੀ ਸਮ ਹੋਵੇ ਤਾਂ ਅਜਿਹੀ ਹਾਲਤ ਵਿਚ ਮਾਧਮਿਕਾ ਪਤਾ ਕਰਨ ਦਾ ਤਰੀਕਾ ਹੇਠ ਲਿਖਿਆ ਹੈ:

ਮਾਧਮਿਕਾ = th ਨਾਪ ਆਕਾਰ ਦੀ ਤਰਤੀਬ ਨਾਲ।

ਉਦਾਹਰਣ ਦੇ ਤੌਰ ਤੇ ਸਕੋਰ, 5, 6, 7, 8, 9, 10 ਹੋਵੇ ਤਾਂ ਫਾਰਮੂਲੇ ਦੇ ਅਨੁਸਾਰ ਜੋੜਾਂ ਦੀ ਗਿਣਤੀ 6 ਹੈ ਤੇ ਇਸ ਦੀ ਮਾਧਮਿਕਾ $\frac{(N+1)}{2}$th ਭਾਵ $\frac{(6+1)}{2}$th = $\frac{7}{2}$ th=(35)th ਹੈ ਅਰਥਾਤ ਜੋੜ 7 ਦੀ ਉਪਰਲੀ ਹੱਦ ਜਾਂ ਜੋੜ 8 ਦੀ ਹੇਠਲੀ ਹੱਦ ਭਾਵ 7.5 ਹੋਵੇਗੀ।

### 2.4.3.2 ਅੰਕੜੇ ਵਰਗੀਕ੍ਰਿਤ ਹੋਣ ਸਮੇਂ (WHEN DATA ARE GROUPED) :

ਵਰਗੀਕ੍ਰਿਤ ਜੋੜਾਂ ਵਿਚ ਮਾਧਮਿਕਾ ਉਹ ਵੰਡ ਬਿੰਦੂ ਹੁੰਦਾ ਹੈ ਜਿਸਦੇ ਉਪਰ ਜਾਂ ਹੇਠਾਂ 50% ਜੋੜ ਹੁੰਦਾ ਹੈ। ਵਰਗੀਕ੍ਰਿਤ ਹੋਣ ਸਮੇਂ ਮਾਧਮਿਕਾ ਦਾ ਪਤਾ ਇਸ ਪ੍ਰਕਾਰ ਲਗਾਇਆ ਜਾਂਦਾ ਹੈ :

ਮਾਧਮਿਕਾ (Median) = $L = \frac{\frac{N}{2} - Fb}{fq} x_i$

L = ਮਾਧਮਿਕਾ ਵਾਲੇ ਸ਼੍ਰੇਣੀ ਅੰਤਰ ਦੀ ਹੱਦ (Lower limit in which the median falls)

$\frac{N}{2}$ = ਜੋੜਾਂ ਦੇ ਜੋੜ ਦਾ $\frac{1}{2}$ ਹਿੱਸਾ

Fb = ਮਾਧਮਿਕਾ ਵਾਲੇ ਅੰਤਰ ਦੇ ਹੇਠਾਂ ਵਾਲੇ ਜੋੜਿਆਂ ਦਾ ਜੋੜ

Fq = ਮਾਧਮਿਕਾ ਵਾਲੇ ਅੰਤਰ ਦੀ ਬਾਰੰਬਾਰਤਾ ਹੈ।

i = ਸ਼੍ਰੇਣੀ ਅੰਤਰ ਦੀ ਲੰਬਾਈ (Length of class-interval)

| ਸ਼੍ਰੇਣੀ-ਅੰਤਰ (C-I) (Class-Interval) | ਬਾਰੰਬਾਰਤਾ (f) (frequency) | ਸੰਚਿਤ ਬਾਰੰਬਾਰਤਾ (cf) (Cummulative frequency) |
|---|---|---|
| 60-64 | 2 | 90 |
| 55-59 | 3 | 88 |
| 50-54 | 6 | 85 |
| 45-49 | 12 | 79 |
| 40-44 | 34 | 67 |
| 35-39 | 16 | 33 |
| 30-34 | 11 | 17 |
| 25-29 | 5 | 6 |
| 20-24 | 1 | 1 |
| | N=90 | |

$\frac{N}{2} = \frac{90}{2} = 45$

ਹੁਣ ਇਹ ਦੇਖਣਾ ਹੈ ਕਿ 45 ਕਿਸ ਸ਼੍ਰੇਣੀ ਵਿਚ ਹੈ।ਬਾਰੰਬਾਰਤਾ ਤੋਂ ਹੇਠਾਂ ਵਲੋਂ ਗਿਣਦੇ ਹੋਏ ਉਸ ਸ਼੍ਰੇਣੀ ਅੰਤਰ ਦੀ ਹੇਠਲੀ ਹੱਦ ਲਈ ਜਾਵੇਗੀ ਜਿਸ ਸ਼੍ਰੇਣੀ ਅੰਤਰ ਵਿਚ 45 ਹੋਵੇਗਾ। ਉਸ ਤੋਂ ਬਾਅਦ fb ਤੇ fp ਪਤਾ ਕੀਤਾ ਜਾਵੇਗਾ।

ਮਾਧਮਿਕ (Median) = $L = \dfrac{\frac{N}{2} - Fb}{fq} \times i$

$M = 39.5 + \dfrac{(45-33)}{(34)} \times 5$

$= 39.5 + \dfrac{(12)5}{34} = 39.5 + \dfrac{60}{34}$

ਮਾਧਮਿਕ = 39.5 + 1.76 = 41.26

### 2.4.3.3 ਮਾਧਮਿਕਾ ਮਾਲੂਮ ਕਰਨ ਵਿੱਚ ਮੁੱਖ ਪੜ੍ਹਾਅ (Steps in computing median) :

1. ਸੰਚਿਤ ਬਾਰੰਬਾਰਤਾ (Cummulative frequency) ਪਤਾ ਕਰੋ।
2. $\frac{N}{2}$ ਵਿਚ $\frac{1}{2}$ ਕੇਸਾਂ ਦਾ ਪਤਾ ਕਰੋ।
3. ਦੇ ਆਧਾਰ ਤੇ ਉਸ ਸ਼੍ਰੇਣੀ ਅੰਤਰ ਦੀ ਹੇਠਲੀ ਮੱਦ ਮਾਲੂਮ ਕਰੋ ਜਿਸ ਵਿਚ ਮਾਧਮਿਕਾ ਸਥਿਤ ਹੈ।
4. ਮਾਧਮਿਕਾ ਹੇਠਾਂ ਤਰਤੀਬਵਾਰ fb ਵਿੱਚ ਸਭ ਜੋੜਿਆਂ ਉਤੇ ਜੋੜਿਆਂ ਦਾ ਜੋੜ ਪਤਾ ਕਰੋ।
5. fq ਉਸ ਬਾਰੰਬਾਰਤਾ ਦੀ ਗਿਣਤੀ ਹੈ ਜਿਥੇ ਮਾਧਮਿਕਾ ਆਉਂਦੀ ਹੈ।
6. ਪ੍ਰਾਪਤ ਨਤੀਜੇ ਨੂੰ ਸ਼੍ਰੇਣੀ ਅੰਤਰ ਦੇ ਆਕਾਰ ਨਾਲ ਗੁਣਾਂ ਕਰੋ।
7. ਗਿਣਤੀ ਤੋਂ ਮਿਲਦੀ ਰਾਸ਼ੀ ਨੂੰ ਉਸ ਅੰਤਰ ਦੀ ਹੱਦ ਵਿਚ ਜਮ੍ਹਾਂ ਕਰੋ ਜਿਸ ਵਿਚ ਮਾਧਮਿਕਾ ਹੈ ਤੇ ਇਸ ਤੋਂ ਮਾਧਮਿਕਾ ਪ੍ਰਾਪਤ ਹੋ ਜਾਵੇਗੀ।

### 2.4.3.4 ਮਾਧਮਿਕਾ ਦੀ ਵਰਤੋਂ, ਲਾਭ ਅਤੇ ਔਗੁਣ:

1. ਮਾਧਮਿਕਾ ਪ੍ਰਾਪਤ ਕਰਨਾ ਕਾਫ਼ੀ ਆਸਾਨ ਹੈ।
2. ਇਹ ਆਖਰੀ ਮੱਦ ਦੁਆਰਾ ਪ੍ਰਭਾਵਿਤ ਨਹੀਂ ਹੁੰਦੀ ਅਤੇ ਇਸ ਵਿਚ ਕਾਫ਼ੀ ਸਥਿਰਤਾ ਪਾਈ ਜਾਂਦੀ ਹੈ।
3. ਸਾਰੇ ਮੱਦਾਂ ਦੀ ਕੀਮਤ ਪਤਾ ਕਰਨੀ ਕੋਈ ਜ਼ਰੂਰੀ ਨਹੀਂ ਹੈ, ਸਿਰਫ਼ ਮੱਦਾਂ ਦੀ ਗਿਣਤੀ ਤੇ ਵਿਚਕਾਰਲੇ ਮੱਦ ਦੀ ਕੀਮਤ ਹੀ ਬਹੁਤ ਹੈ।
4. ਇਸਨੂੰ ਗ੍ਰਾਫ਼ ਦੁਆਰਾ ਵੀ ਕੱਢਿਆ ਜਾ ਸਕਦਾ ਹੈ।
5. ਇਸਨੂੰ ਉਹਨਾਂ ਅਵਸਥਾਵਾਂ ਉਤੇ ਲਾਗੂ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਗੁਣਾਤਮਕ ਤੌਰ ਤੇ ਮਿਣਿਆ ਨਹੀਂ ਜਾ ਸਕਦਾ, ਜਿਵੇਂ ਬੁੱਧੀ, ਯੋਗਤਾ, ਈਮਾਨਦਾਰੀ।

### ਮਾਧਮਿਕਾ ਦੇ ਔਗੁਣ (Demerits of Median) :

1. ਇਹ ਔਸਤ (Mean) ਨਾਲੋਂ ਘੱਟ ਸਥਾਈ ਨਾਪ ਹੈ ਕਿਉਂਕਿ ਇਸ ਮੌਕੇ ਉਤੇ ਅੰਤਰਾਂ ਦਾ ਬਹੁਤ ਅਸਰ ਪੈਂਦਾਂ ਹੈ।
2. ਮੱਦਾਂ ਨੂੰ ਚੜ੍ਹਦੇ ਕ੍ਰਮ ਜਾਂ ਲਹਿੰਦੇ ਕ੍ਰਮ ਅਨੁਸਾਰ ਰੱਖੇ ਬਿਨਾਂ ਇਸਦੀ ਸੰਗਠਨਾਂ ਨਹੀਂ ਕੀਤੀ ਜਾ ਸਕਦੀ।
3. ਜ਼ਿਆਦਾ ਮੱਦ ਹੋਣ ਦੀ ਹਾਲਤ ਵਿਚ ਇਹ ਇਕ ਸ਼੍ਰੇਣੀ ਦੀ ਖਾਸ ਪ੍ਰਤੀਨਿਧ ਨਹੀਂ ਹੋ ਸਕਦੀ।
4. ਸਭ ਮੱਦਾਂ ਨੂੰ ਸਮਾਨ ਦਰਜਾ ਦੇਣ ਕਰਕੇ ਇਹ ਉਸ ਥਾਂ ਤੇ ਲਾਭਦਾਇਕ ਨਹੀਂ ਹੁੰਦੀ ਜਿਥੇ ਮੱਦਾਂ ਨੂੰ ਸੰਖੇਪ ਮਹਾਨਤਾ ਦੇਣ ਦੀ ਜ਼ਰੂਰਤ ਹੋਵੇ।
5. ਜਦੋਂ ਮਾਧਮਿਕਾ ਨੂੰ ਮੱਦਾਂ ਦੀ ਗਿਣਤੀ ਨਾਲ ਗੁਣਾਂ ਕੀਤਾ ਜਾਂਦਾ ਹੈ ਤਾਂ ਸਮਾਹਰ ਪ੍ਰਾਪਤ ਨਹੀਂ ਹੁੰਦਾ।
6. ਇਹ ਸਿਰਫ਼ ਨੰਬਰ ਵਿਚ ਵਾਧਾ ਹੋਣ ਨਾਲ ਬਦਲ ਜਾਂਦੀ ਹੈ। ਕਿਉਂਕਿ ਇਸ ਵਿਚ ਨੰਬਰ ਸਥਿਰ ਨਹੀਂ ਹੁੰਦਾ, ਇਸ ਲਈ ਮਾਧਮਿਕਾ ਦਾ ਪਤਾ ਲਗਾਉਣ ਮੁਸ਼ਕਲ ਹੋ ਜਾਂਦਾ ਹੈ।

### ਮਾਧਮਿਕਾ ਦੀ ਵਰਤੋਂ (Uses of Median) :

ਮਾਧਮਿਕਾ ਦੀ ਵਰਤੋਂ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਸੂਖਮ ਤੱਥਾਂ ਨੂੰ ਗਣਿਤਯ ਨਾਲ ਨਾਪਿਆ ਨਹੀਂ ਜਾ ਸਕਦਾ। ਜਿਥੇ ਸਿਰੇ ਦੀਆਂ ਮੱਦਾਂ ਦਾ ਕੋਈ ਅਸਰ ਨਹੀਂ ਹੁੰਦਾ, ਉਥੇ ਮਾਧਮਿਕਾ ਦੀ ਵਰਤੋਂ ਸਭ ਤੋਂ ਵਧੀਆ ਨਾਪ ਹੈ।

### 2.4.4 ਬਹੁਲਕ (MODE) :

ਕਿਸੇ ਗਰੁੱਪ ਵਿਚ ਸਭ ਤੋਂ ਜ਼ਿਆਦਾ ਆਉਣ ਵਾਲੇ ਸਕੋਰ ਨੂੰ ਬਹੁਲਕ ਕਿਹਾ ਜਾਂਦਾ ਹੈ। ਬਹੁਲਕ ਉਸ ਮੱਦ ਦੀ ਕੀਮਤ ਹੁੰਦੀ ਹੈ ਜਿਸ ਦੀ ਬਾਰੰਬਾਰਤਾ ਸਭ ਤੋਂ ਵੱਧ ਹੋਵੇ। ਇਹ ਉਹ ਆਕਾਰ ਜਾਂ ਮਾਪ ਹੈ ਜੋ ਸਿੱਧੇ ਤੌਰ ਤੇ ਜ਼ਿਆਦਾ ਨੰਬਰ ਵਾਲੇ ਕੇਸਾਂ ਵਿਚ ਲਾਗੂ ਹੁੰਦਾ ਹੈ। ਬਹੁਲਕ ਦਤ ਸਮਗਰੀ ਦਾ ਇਕ ਸੈੱਟ ਹੁੰਦਾ ਹੈ ਜੋ ਬਾਰੰਬਾਰਤਾ ਪ੍ਰਗਟ ਕਰਦਾ ਹੈ। ਉਦਾਹਰਣ ਦੇ ਤੌਰ ਤੇ, ਇਸ ਸ੍ਰੇਣੀ ਵਿਚ 4, 8, 14, 12, 18, 22, 20, 14, 28, 30 ਵਿਚ 14 ਬਹੁਲਕ ਹੈ ਕਿਉਂਕਿ ਇਹ ਬਾਰ ਬਾਰ ਪ੍ਰਗਟ ਹੁੰਦਾ ਹੈ। ਜਦੋਂ ਜੋੜਿਆਂ ਦਾ ਵਰਗੀਕਰਣ ਕੀਤਾ ਜਾਂਦਾ ਹੈ ਤਾਂ ਬਹੁਲਕ (Mode) ਸ੍ਰੇਣੀ ਅੰਤਰ ਦਾ ਮੱਧ ਬਿੰਦੂ ਹੁੰਦਾ ਹੈ ਜੋ ਕਿ ਵੱਧ ਤੋਂ ਵੱਧ ਬਾਰੰਬਾਰਤਾ ਰੱਖਦਾ ਹੈ। ਉਦਾਹਰਣ ਦੇ ਤੌਰ ਤੇ ਹੇਠ ਦਿੱਤੀ ਰਕਮ ਵਿਚ :

| ਸ੍ਰੇਣੀ-ਅੰਤਰ (C-I) | ਬਾਰੰਬਾਰਤਾ (f) |
|---|---|
| 60-65 | 3 |
| 56-60 | 7 |
| 51-55 | 19 |
| 46-50 | 25 |
| 41-45 | 13 |
| 36-40 | 10 |
| 31-35 | 9 |
| 26-30 | 4 |
| 21-25 | 5 |

ਸ੍ਰੇਣੀ ਅੰਤਰ 46-50 ਬਾਰੰਬਾਰਤਾ ਵਿਚ ਵੱਧ ਤੋਂ ਵੱਧ (25) ਹੈ। ਇਸ ਦੀ ਮੱਧ ਬਿੰਦੂ 48 ਹੈ ਤੇ ਇਹ ਵੀ ਬਹੁਲਕ ਹੈ। ਵਰਗੀਕ੍ਰਿਤ ਦੱਤ ਸਮਗਰੀ ਵਿੱਚ ਅਸੀਂ ਹੇਠ ਵਿਧੀ ਨਾਲ ਬਹੁਲਕ ਮਲੂਮ ਕਰ ਸਕਦੇ ਹਾਂ :

ਬਹੁਲਕ = 3 ਮਾਧਮਿਕਾ - 2 ਔਸਤ

Mode = 3 Median – 2 Mean

| ਸ੍ਰੇਣੀ-ਅੰਤਰ (C-I) (Class-Interval) | ਬਾਰੰਬਾਰਤਾ (f) (frequency) | cf | Mid Point | $x^1$ | $fx^1$ |
|---|---|---|---|---|---|
| 90-94 | 2 | 40 | 92 | 4 | 8 |
| 85-89 | 5 | 38 | 87 | 3 | 15 |
| 80-84 | 8 | 33 | 82 | 2 | 16 |
| 75-79 | 9 | 25 | 77 | 1 | 9(48) |
| 70-74 | 6 | 16 | 72 | –0 | 0 |
| 65-69 | 3 | 10 | 67 | –1 | –3 |
| 60-64 | 3 | 7 | 62 | –2 | (–6) |
| 55-59 | 3 | 4 | 57 | –3 | –9 |
| 50-54 | 1 | 1 | 52 | –4 | –4-(-22) |
| | N=40 | | | | $\sum fx^1=+26$ |

ਪਹਿਲਾਂ ਅਸੀਂ ਔਸਤ (Mean) ਪਤਾ ਕਰਨ ਲਈ ਇਹ ਫਾਰਮੂਲਾ ਲਗਾਵਾਂਗੇ।

$$\text{ਔਸਤ (Mean)} = AM + \frac{\sum fx^1}{N} \times i$$

$$= 72 + \frac{26}{40} \times 5$$

$$= 72 + \frac{26}{8} = 72+3.25=75.25$$

ਮਾਧਮਿਕਾ Median) $= L + \frac{\frac{N}{2} - fb}{fp} \times i$

$$= \frac{N}{2} = \frac{40}{2} = 20$$

$$= 74.5 + \frac{(20-16)5}{9}$$

$$= 74.5 + \frac{4 \times 5}{9} = 745 + \frac{20}{9}$$

$$= 74.5 + 2.22 = 76.72$$

ਬਹੁਲਕ = 3 ਮਾਧਮਿਕਾ – 2 ਔਸਤ

ਬਹੁਲਕ (Mode) = 3(76.72)–2(75.25)

= 230.16 – 150.5 = 79.76

### 2.4.4.1 ਬਹੁਲਕ ਦੇ ਲਾਭ (Merits of Mode) :

1. ਇਸਨੂੰ ਮਾਲੂਮ ਕਰਨਾ ਬਹੁਤ ਆਸਾਨ ਹੈ। ਅੰਕੜਿਆਂ ਵਿਚ ਸਿਰਫ ਇਕ ਨਜ਼ਰ ਮਾਰਕੇ ਹੀ ਬਹੁਲਕ ਦਾ ਪਤਾ ਲੱਗ ਜਾਂਦਾ ਹੈ। ਇਹੀ ਕਾਰਣ ਹੈ ਅਗਿਣਤੀਯ ਤੱਥਾਂ ਦੀ ਖੋਜ ਸਮੇਂ ਇਸਦੀ ਸਭ ਤੋਂ ਵੱਧ ਵਰਤੋਂ ਹੁੰਦੀ ਹੈ।
2. ਬਹੁਲਕ ਦੀ ਪ੍ਰਕ੍ਰਿਤੀ ਬਹੁਤ ਸਥਿਰ ਹੈ। ਇਹ ਜ਼ਿਆਦਾ ਮਾਪਾਂ ਨਾਲ ਪ੍ਰਭਾਵਿਤ ਨਹੀਂ ਹੁੰਦਾ। ਉਦਾਹਰਣ ਦੇ ਤੌਰ ਤੇ, ਇਕ ਕਲਾਸ ਵਿਚ ਵਿਦਿਆਰਥੀਆਂ ਦੀ ਮਾਡਲ ਉਮਰ ਤੇ ਕੋਈ ਅਸਰ ਨਹੀਂ ਪੈਂਦਾ ਚਾਹੇ ਉਸ ਔਸਤ ਉਮਰ ਨਾਲੋਂ ਘੱਟ ਜਾਂ ਵੱਧ ਵਿਦਿਆਰਥੀ ਕਲਾਸ ਵਿਚ ਹੋਰ ਆ ਜਾਣ।
3. ਸਾਰੇ ਯੂਨਿਟਾਂ ਦੇ ਆਕਾਰ ਨੂੰ ਜਾਨਣਾ ਕੋਈ ਜ਼ਰੂਰੀ ਨਹੀਂ। ਪਰਿਵਾਰ ਕੇ ਮਾਡਲ ਆਕਾਰ ਨੂੰ ਪਤਾ ਕਰਨ ਲਈ ਸਿਰਫ਼ ਉਹਨਾਂ ਪਰਿਵਾਰਾਂ ਬਾਰੇ ਜਾਨਣਾ ਹੀ ਜ਼ਰੂਰੀ ਹੋਵੇਗਾ ਜਿੰਨ੍ਹਾਂ ਦੇ ਪਰਿਵਾਰਾਂ ਦੇ ਪੰਜ ਮੈਂਬਰ ਹੋਣ।
4. ਇਹ ਸਿੱਧੇ ਤੌਰ ਤੇ ਬਹੁਤ ਸਾਰੇ ਮੱਦਾਂ ਲਈ ਲਾਗੂ ਹੋ ਜਾਂਦੇ ਹਨ।
5. ਇਸਨੂੰ ਗਰਾਫ਼ ਵਿਧੀ ਨਾਲ ਵੀ ਦਰਸਾਇਆ ਜਾ ਸਕਦਾ ਹੈ।
6. ਇਹ ਸ਼੍ਰੇਣੀਆਂ ਨੂੰ ਸਰਵੋਤਮ ਵਿਧੀ ਦੁਆਰਾ ਦਰਸਾਉਂਦਾ ਹੈ ਕਿਉਂਕਿ ਇਹ ਉਸ ਪਰਿਵਰਤਨਸ਼ੀਲ ਦੀ ਕੀਮਤ ਹੈ ਜੋ ਉਸ ਸ਼੍ਰੇਣੀ ਵਿਚ ਵੱਧ ਤੋਂ ਵੱਧ ਵਾਰ ਆਉਂਦੀ ਹੈ।

### 2.4.4.2 ਬਹੁਲਕ ਦੇ ਔਗੁਣ (Demerits of Mode) :

1. ਇਸਨੂੰ ਆਮ ਤੌਰ ਤੇ ਅਨਿਸ਼ਚਿਤ ਕਿਹਾ ਜਾਂਦਾ ਹੈ।
2. ਇਹ ਬਹੁਤ ਨਾਜ਼ਕ ਨਾਪ ਹੈ। ਇਹੀ ਹਾਲਤ ਅਨਿਸ਼ਚਿਤ ਸ਼੍ਰੇਣੀਆਂ ਦੀ ਹੁੰਦੀ ਹੈ।
3. ਇਹ ਉਨ੍ਹਾਂ ਅਵਸਥਾਵਾਂ ਵਿਚ ਲਾਗੂ ਨਹੀਂ ਹੁੰਦਾ ਜਿਥੇ ਮੱਦਾਂ ਦੀ ਸਾਖੇਪ ਮਹਾਨਤਾ ਉਤੇ ਵਿਚਾਰ ਨਹੀਂ ਕੀਤਾ ਗਿਆ।
4. ਜਿਥੇ ਆਕਾਰ ਦੀਆਂ ਮੱਦਾਂ ਮੁਕਾਬਲੇ ਵਿਚ ਥੋੜ੍ਹੀਆਂ ਹੋਣ, ਇਹ ਉਸ ਸਮੂਹ ਦੀ ਪ੍ਰਤੀਨਿਧਤਾ ਨਹੀਂ ਕਰਦਾ।
5. ਬਹੁਲਕ ਨੂੰ ਮੱਦਾਂ ਦੀ ਗਿਣਤੀ ਨਾਲ ਗੁਣਾਂ ਕਰਨ ਲਈ ਸ਼੍ਰੇਣੀ ਦੀ ਕੁਲ ਕੀਮਤ ਪਤਾ ਨਹੀਂ ਹੁੰਦੀ।
6. ਇਸਨੂੰ ਅਲਜਬਰੇ ਦੀ ਵਿਧੀ ਨਾਲ ਸੁਧਾਰਿਆ ਨਹੀਂ ਜਾ ਸਕਦਾ।

### 2.4.5 ਔਸਤ, ਮਾਧਮਿਕਾ ਅਤੇ ਬਹੁਲਕ ਦੀ ਸੰਯੁਕਤ ਉਦਾਹਰਣ :

ਦਸ ਟਾਈਪ ਆਪਰੇਟਰਾਂ ਦੀ ਪ੍ਰਤੀ ਮਿੰਟ ਸ਼ਬਦ ਟਾਈਪ ਕਰਨ ਦੀ ਸਮਰਥਾ ਇਸ ਪ੍ਰਕਾਰ ਹੈ :

43 44 47 50 52 54 55 56 61 61

ਇਸ ਵਿਚ ਔਸਤ, ਮਾਧਮਿਕਾ ਅਤੇ ਬਹੁਲਕ ਮਾਲੂਮ ਕਰੋ।

ਜਿਵੇਂ ਕਿ ਦੱਸਿਆ ਗਿਆ ਹੈ ਕਿ ਗਰੁੱਪ ਵਿਚ ਸਭ ਤੋਂ ਜ਼ਿਆਦਾ ਵਾਰ ਆਉਣ ਵਾਲੇ ਸਕੋਰ ਨੂੰ ਬਹੁਲਕ ਕਹਿੰਦੇ ਹਨ, ਇਸ ਲਈ ਇਸ ਉਦਾਹਰਣ ਵਿਚ ਬਹੁਲਕ 61 ਹੋਵੇਗਾ। ਮਾਧਮਿਕਾ ਵਿਚ ਗਰੁੱਪ ਵਿਚ ਅੱਧੇ ਸਕੋਰ ਉੱਪਰ ਹੁੰਦੇ ਹਨ, ਅੱਧੇ ਹੇਠਾਂ ਇਸ ਲਈ ਇਸ ਵਿਚ ਮਾਧਮਿਕਾ ਸਕੋਰ 53 ਹੋਵੇਗਾ। ਸਭ ਸਕੋਰਾਂ ਦੀ ਔਸਤ 52.3 ਹੈ।

## 2.4.6 ਸਾਰ :

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕੇਂਦਰੀ ਪਰਵਿਰਤੀ ਦੇ ਉਨ੍ਹਾਂ ਸਾਰੇ ਅੰਕੜਈ ਮਾਪਾਂ ਦੀ ਇੱਕ ਅਜਿਹੀ ਸਮੂਹਿਕ ਇਕਾਈ ਹੈ ਜਿਸ ਰਾਹੀਂ ਸਕੋਰ ਦੀ ਵੰਡ ਦੇ ਮੱਧ ਸਕੋਰ ਬਾਰੇ ਜਾਣਿਆ ਜਾ ਸਕਦਾ ਹੈ। ਔਸਤ ਮਾਪ ਦੀ ਸਭ ਤੋਂ ਵੱਧ ਵਰਤੋਂ ਹੁੰਦੀ ਹੈ ਪਰੰਤੂ ਕੁਝ ਸਥਿਤੀਆਂ ਵਿਚ ਦੂਜੇ ਮਾਪਾਂ ਜਿਵੇਂ ਕਿ ਮਾਧਮਿਕਾ ਅਤੇ ਬਹੁਲਕ ਦੀ ਵਰਤੋਂ ਜਿਆਦਾ ਜਾਣਕਾਰੀ ਦੇ ਸਕਦੀ ਹੈ। ਹਰ ਨਾਪ ਦੇ ਕੁਝ ਗੁਣ ਅਤੇ ਔਗੁਣ ਹਨ ਪਰੰਤੂ ਇਹ ਸਭ ਇੱਕ ਦੂਜੇ ਦੇ ਪੂਰਕ ਹਨ।

## 2.4.7 *ਸ਼ਬਦਾਰਥ ਸੂਚੀ*

*1. **ਔਸਤ** : ਕੇਂਦਰੀ ਪਰਵਿਰਤੀ ਦਾ ਉਹ ਮਾਪ, ਜਿਸਨੂੰ ਸਾਰੇ ਸਕੋਰਾਂ ਨੂੰ ਜੋੜਕੇ ਅਤੇ ਉਸ ਸਕੋਰ ਨੂੰ ਸਕੋਰ ਦੀ ਗਿਣਤੀ ਨਾਲ ਵੰਡ ਕੇ ਪ੍ਰਾਪਤ ਕੀਤਾ ਜਾਂਦਾ ਹੈ।*

*2. **ਮਾਧਮਿਕ** : ਮਾਧਮਿਕਾ ਨਾਪ ਦੇ ਪੈਮਾਨੇ ਉੱਤੇ ਉਹ ਬਿੰਦੂ ਹੈ ਜਿਸਦੇ ਅੱਧੇ ਕੇਸ ਉੱਪਰ ਹੁੰਦੇ ਹਨ ਤੇ ਅੱਧੇ ਹੇਠਾਂ। ਸਾਈਜ ਦੇ ਅਨੁਸਾਰ ਕ੍ਰਮਬਧ ਸਕੋਰਾਂ ਦੇ ਵਰਗੀਕਰਨ ਵਿਚ ਵਿਚਕਾਰਲੇ ਸਕੋਰ ਨੂੰ ਮਾਧਮਿਕਾ ਕਿਹਾ ਜਾਂਦਾ ਹੈ।*

*3. **ਬਹੁਲਕ** : ਕਿਸੇ ਗਰੁੱਪ ਵਿਚ ਸਭ ਤੋਂ ਜ਼ਿਆਦਾ ਵਾਰ ਆਉਣ ਵਾਲੇ ਸਕੋਰ ਨੂੰ ਬਹੁਲਕ ਕਿਹਾ ਜਾਂਦਾ ਹੈ।*

## 2.4.8 ਵੱਡੇ ਸਵਾਲ

1. *ਕੇਂਦਰੀ ਪਰਵਿਰਤੀ ਨੂੰ ਮਾਪਣ ਦੇ ਕਿਹੜੇ-ਕਿਹੜੇ ਢੰਗ ਹਨ?*
2. *ਮਾਧਮਿਕਾ ਕੀ ਹੈ? ਇਸਨੂੰ ਮਾਲੂਮ ਕਰਨ ਲਈ ਮੁੱਖ ਪੜਾਅ ਕਿਹੜੇ ਹਨ?*

## 2.4.9 ਛੋਟੇ ਸਵਾਲ

1. *ਔਸਤ ਦੇ ਕੀ ਲਾਭ ਹਨ?*
2. *ਮਾਧਮਿਕਤਾ ਦੀ ਵਰਤੋਂ ਦਾ ਸੰਖੇਪ ਵਰਨਣ ਕਰੋ।*

## 2.4.10 ਹਵਾਲਾ ਪੁਸਤਕਾਂ

1. Garrett : Statistics in Psychology and Education
2. Guilford & Fruchter : Fundamental Statistics in Psychology and Education

ਪਾਠ ਨੰ. 2.5 ਲੇਖਕ : ਡਾ. ਮਮਤਾ ਸ਼ਰਮਾ

Last updated July, 2023

# ਅਸਥਿਰਤਾ ਦੇ ਮਾਪ
## (MEASURES OF VARIABILITY)


2.5.0 ਉਦੇਸ਼
2.5.1 ਭੂਮਿਕਾ
2.5.2 ਤਰਤੀਬ ਦੇਣੀ
2.5.3 ਮਾਣਕ ਵਿਚਲਣ
- 2.5.3.1 ਅਵਰਗੀਕ੍ਰਿਤ ਜੋੜਾਂ ਦਾ ਮਾਣਕ ਵਿਚਲਣ
- 2.5.3.2 ਵਰਗੀਕ੍ਰਿਤ ਜੋੜਾਂ ਦਾ ਮਾਣਕ ਵਿਚਲਣ
- 2.5.3.3 ਮਾਣਕ ਵਿਚਲਣ ਦੀ ਛੋਟੀ ਵਿਧੀ

2.5.4 ਕੁਆਰਟਾਈਲ ਵਿਚਲਣ
2.5.5 ਔਸਤ ਵਿਚਲਣ
- 2.5.5.1 ਅਵਰਗੀਕ੍ਰਿਤ ਜੋੜਾਂ ਦਾ ਔਸਤ ਵਿਚਲਣ
- 2.5.5.2 ਵਰਗੀਕ੍ਰਿਤ ਜੋੜਾਂ ਦਾ ਔਸਤ ਵਿਚਲਣ

2.5.6 ਸਾਰ
2.5.7 ਸ਼ਬਦਾਵਲੀ
2.5.8 ਵੱਡੇ ਸਵਾਲ
2.5.9 ਛੋਟੇ ਸਵਾਲ
2.5.10 ਸਹਾਇਕ ਪੁਸਤਕਾਂ


### 2.5.1 ਉਦੇਸ਼ :

ਇਸ ਪਾਠ ਵਿਚ ਸਭ ਤੋਂ ਪਹਿਲਾਂ ਅਸਥਿਰਤਾ ਦੇ ਉਨ੍ਹਾਂ ਮਾਪਾਂ ਦਾ ਜਿਕਰ ਕੀਤਾ ਗਿਆ ਹੈ ਜਿਨ੍ਹਾਂ ਦੀ ਵਰਤੋਂ ਇਹ ਜਾਨਣ ਲਈ ਕੀਤੀ ਜਾਂਦੀ ਹੈ ਕਿ ਸਕੋਰਾਂ ਵਿਚ ਆਪਸੀ ਭਿੰਨਤਾ ਕੀ ਹੈ। ਵਿਦਿਆਰਥੀ ਇਸ ਪਾਠ ਨੂੰ ਪੜ੍ਹਣ ਤੋਂ ਬਾਅਦ ਇਹ ਸਮਝਣ ਦੇ ਯੋਗ ਹੋ ਜਾਣਗੇ ਕਿ :

(1) ਅਸਥਿਰਤਾ ਦਾ ਮਾਪ ਕੀ ਹੈ?
(2) ਮਾਣਕ ਵਿਚਲਨ ਕੀ ਹੈ?
(3) ਔਸਤ ਵਿਚਲਨ ਅਤੇ ਕੁਆਰਟਾਈਲ ਵਿਚਲਨ ਵਿਚ ਕੀ ਅੰਤਰ ਹੈ?
(4) ਅਸਥਿਰਤਾ ਦੇ ਮਾਪਾਂ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ।

### 2.5.1 ਭੂਮਿਕਾ :

ਕੇਂਦਰੀ ਪਰਵਿਰਤੀ ਦੇ ਨਾਪ ਵਿਚ ਅਸੀਂ ਦੇਖਿਆ ਹੈ ਕਿ ਨਵੇਂ ਔਸਤ ਪੂਰੇ ਗਰੁੱਪ ਦਾ ਪ੍ਰਤੀਨਿਧ ਕਰਕੇ ਸਾਰੇ ਗਰੁੱਪ ਬਾਰੇ ਦੱਸਦਾ ਹੈ ਪਰੰਤੂ ਚਾਹੇ ਕਿੰਨੀ ਸਹੀ ਕਿਉਂ ਨਾ ਹੋਵੇ, ਉਹ ਸਾਰੇ ਗਰੁੱਪ ਦੀ ਅਸਲੀ ਤਸਵੀਰ ਪੇਸ਼ ਨਹੀਂ ਕਰਦੀ ਜਿਵੇਂ ਕਿ ਗੋਲਫ਼ ਖੇਡਣ ਵਾਲੇ ਦੋ ਖਿਡਾਰੀਆਂ ਦਾ ਖੇਡਣ ਦਾ ਢੰਗ ਵੱਖਰਾ ਹੁੰਦਾ ਹੈ, ਇਕ ਖਿਡਾਰੀ ਦਾ ਸਕੋਰ 80 ਅਤੇ 82 ਹੈ ਅਤੇ ਦੂਸਰੇ ਖਿਡਾਰੀ ਦਾ ਸਕੋਰ 72 ਤੋਂ 90 ਤੱਕ ਹੈ। ਇਨ੍ਹਾਂ ਦੋਵਾਂ ਖਿਡਾਰੀਆਂ ਦਾ ਔਸਤ ਸਕੋਰ 81 ਹੈ ਪਰੰਤੂ ਦੂਸਰੇ ਖਿਡਾਰੀ ਦੇ ਪ੍ਰਦਰਸ਼ਨ ਵਿਚ ਜ਼ਿਆਦਾ ਭਿੰਨਤਾ ਹੈ। ਇਸ ਤਰ੍ਹਾਂ ਇਕ

ਹੋਰ ਉਦਾਹਰਣ ਵਿਚ ਤਿੰਨ ਵਿਅਕਤੀਆਂ ਦੀ ਪੂਰੇ ਹਫਤੇ ਦੀ ਆਮਦਨੀ ਦੀ ਔਸਤ ਕੱਢੀ ਗਈ ਹੈ।

| | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨਿਚਰਵਾਰ | ਕੁੱਲ | ਔਸਤ |
|---|---|---|---|---|---|---|---|---|
| A | 5 | 5 | 5 | 5 | 5 | 5 | 30 | 5 |
| B | 4 | 4 | 5 | 6 | 5 | 5 | 30 | 5 |
| C | 2 | 3 | 5 | 6 | 6 | 8 | 30 | 5 |

ਉਪਰ ਦਿੱਤੀ ਉਦਾਹਰਣ ਵਿੱਚ, ਤਿੰਨਾਂ ਵਿਅਕਤੀਆਂ ਦੀ ਕੁਲ ਅਤੇ ਔਸਤ ਆਮਦਨ ਬਰਾਬਰ ਹੈ ਪਰੰਤੂ ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਹਰ ਪੱਖ ਤੋਂ ਬਰਾਬਰ ਹਨ। ਉਨ੍ਹਾਂ ਦੀ ਨਿਯਮਬੱਧਤਾ ਜਾਂ ਨਿਸ਼ਚਤਤਾ ਵਿਚ ਫਰਕ ਹੈ। A ਦੀ ਆਮਦਨ ਪੂਰੀ ਨਿਯਮਬੱਧ ਹੈ। B ਦੀ ਆਮਦਨ ਵਿਚ ਥੋੜ੍ਹੀ ਭਿੰਨਤਾ ਹੈ ਪਰੰਤੂ C ਦੀ ਆਮਦਨ ਬਿਲਕੁਲ ਅਨਿਸ਼ਚਿਤ ਹੈ। ਇਸ ਤਰ੍ਹਾਂ ਸਿੱਟੇ ਤੇ ਪਹੁੰਚਦੇ ਹਾਂ ਕਿ ਕੇਂਦਰੀ ਪ੍ਰਵਿਰਤੀ ਦੇ ਨਾਪ ਤੋਂ ਇਲਾਵਾ ਅਸਥਿਰਤਾ ਦੇ ਨਾਪ ਵੀ ਲੱਭਣੇ ਚਾਹੀਦੇ ਹਨ।

**ਉਦਾਹਰਣ 2** : ਮੰਨ ਲਓ ਕਿ ਇਕ ਮੈਨੇਜਰ ਗਰੈਜੂਏਟ ਵਿਦਿਆਰਥੀਆਂ ਨੂੰ Word Processing ਦੀ ਟਰੇਨਿੰਗ ਦੇਣਾ ਚਾਹੁੰਦਾ ਹੈ। ਇਸ ਲਈ ਉਹ ਕਿਸ ਸਕੂਲ ਨੂੰ ਚੁਣਨਾ ਚਾਹੀਦਾ ਹੈ। ਦੋ ਸਕੂਲ x ਅਤੇ y ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਵਿਦਿਆਰਥੀਆਂ ਦੀ Word processing ਦੀ ਸਪੀਡ 50 ਸ਼ਬਦ ਪ੍ਰਤੀ ਮਿੰਟ ਹੈ। ਦੋਨਾਂ ਸਕੂਲਾਂ ਦੇ 10-10 ਵਿਦਿਆਰਥੀਆਂ ਦੇ ਸਕੋਰ ਇਸ ਤਰ੍ਹਾਂ ਹਨ।

| | | | | | | | | | | |
|---|---|---|---|---|---|---|---|---|---|---|
| x | 51 | 48 | 45 | 49 | 53 | 52 | 50 | 47 | 49 | 56 |
| Y | 58 | 42 | 52 | 40 | 59 | 46 | 54 | 50 | 41 | 58 |

ਔਸਤ ਦੇ ਆਧਾਰ ਤੇ ਦੋਵੇਂ ਸਕੂਲ ਸਮਾਨ ਹਨ ਪਰੰਤੂ ਜੇ ਨਜਦੀਕੀ ਰੂਪ ਵਿਚ ਦੇਖਿਆ ਜਾਏ ਤਾਂ ਦੋਹਾਂ ਸਕੂਲਾਂ ਵਿਚ ਇੱਕ ਮਹੱਤਵਪੂਰਨ ਫਰਕ ਹੈ। x ਸਕੂਲ ਦੇ ਵਿਦਿਆਰਥੀ ਕਾਫੀ ਹੱਦ ਤੱਕ Predictable ਹਨ ਕਿਉਂਕਿ ਉਨ੍ਹਾਂ ਦੇ ਸਕੋਰ 45 ਤੋਂ 56 ਪ੍ਰਤੀ ਮਿੰਟ ਹਨ ਜੋ ਔਸਤ ਦੇ ਕਾਫੀ ਕਰੀਬ ਹਨ। ਪਰੰਤੂ Y ਸਕੂਲ ਦੇ ਵਿਦਿਆਰਥੀਆਂ ਦੇ ਸਕੋਰ ਵਿਚ ਕਾਫੀ ਅਸਥਿਰਤਾ ਹੈ। ਕੁਝ ਵਿਦਿਆਰਥੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ ਅਤੇ ਕੁਝ ਨੇ ਨਹੀਂ। ਇਸ ਲਈ ਮੈਨੇਜਰ ਨੂੰ ਸਕੂਲ ਦੀ ਚੋਣ ਕਰਨ ਵੇਲੇ ਇਹ ਦੇਖਣਾ ਚਾਹੀਦਾ ਹੈ ਕਿ ਕਿਸ ਸਕੂਲ ਦੇ ਵਿਦਿਆਰਥੀਆਂ ਵਿਚ ਜ਼ਿਆਦਾ ਭਿੰਨਤਾ ਹੈ ਅਤੇ ਉਸਨੇ ਸਕੂਲ x ਦੀ ਚੋਣ ਕੀਤੀ।

ਉਪਰ ਦਿੱਤੀਆਂ ਉਦਾਹਰਣਾਂ ਤੋਂ ਪਤਾ ਲੱਗਦਾ ਹੈ ਕਿ ਕੇਂਦਰੀ ਪਰਵਿਰਤੀ ਦੇ ਨਾਪ ਦੇ ਨਾਲ-ਨਾਲ ਅਸਥਿਰਤਾ ਦੇ ਮਾਪਾਂ ਦੀ ਜਾਣਕਾਰੀ ਵੀ ਬਹੁਤ ਜ਼ਰੂਰੀ ਹੈ ਜਿਸਤੋਂ ਪਤਾ ਲਗਦਾ ਹੈ ਕਿ ਗਰੁੱਪ ਮੈਂਬਰਾਂ ਦੇ ਸਕੋਰ ਕੁਝ ਖਾਸ ਸਕੋਰਾਂ ਤੋਂ ਕਿਸ ਤਰ੍ਹਾਂ ਵੱਖਰੇ ਹਨ।

ਜਿਹੜੇ ਸਕੋਰ ਕੇਂਦਰੀ ਪ੍ਰਵਿਰਤੀ ਦੇ ਕੁਝ ਨਾਪਾਂ ਤੋਂ ਭਿੰਨ ਹੁੰਦੇ ਹਨ ਉਨ੍ਹਾਂ ਦਾ ਦਰਜਾ ਨਾਪਣ ਦੀ ਵਿਧੀ ਨੂੰ ਅਸਥਿਰਤਾ ਦਾ ਨਾਪ ਕਹਿੰਦੇ ਹਨ। ਅਸਥਿਰਤਾ ਦੇ ਮੁੱਖ ਨਾਪ ਹੇਠ ਲਿਖੇ ਹਨ :

1. ਸਫ਼ਬੰਦੀ ਕਰਨੀ ਜਾਂ ਤਰਤੀਬ (Range) (3) ਕੁਆਰਟਾਈਲ ਵਿਚਲਣ (Quartile Deviation)
2. ਮਾਣ ਵਿਚਲਨ (Standard Deviation) (4) ਔਸਤ ਵਿਚਲਣ (Average Deviation)

## 2.5.2. ਤਰਤੀਬ ਦੇਣੀ (RANGE) :

ਅਸਥਿਰਤਾ ਨਾਪਣ ਦਾ ਸਭ ਤੋਂ ਅਸਾਨ ਤਰੀਕਾ ਤਰਤੀਬ ਦੇਣਾ (Range) ਹੈ। ਸਭ ਤੋਂ ਜ਼ਿਆਦਾ ਅਤੇ ਸਭ ਤੋਂ ਘੱਟ ਸਕੋਰ ਵਿਚਕਾਰਲੇ ਅੰਤਰ ਨੂੰ ਰੇਂਜ (Range) ਕਹਿੰਦੇ ਹਨ। ਉਦਾਹਰਣ ਦੇ ਤੌਰ ਤੇ, ਰੀਡਿੰਗ ਟੈਸਟ ਸਕੋਰ ਦੇ ਦੋ ਟੈਸਟਾਂ ਦੀ ਰੇਂਜ (I) ਪਹਿਲੇ ਭਾਗ ਵਿਚ ਰੇਂਜ ਸਭ ਤੋਂ ਵੱਧ ਸਕੋਰ (91) - ਸਭ ਤੋਂ ਘੱਟ ਸਕੋਰ (72) = 19 ਹੈ ਅਤੇ ਦੂਸਰੇ ਭਾਗ ਵਿਚ ਸਭ ਤੋਂ ਵੱਧ ਸਕੋਰ (92) - ਸਭ ਤੋਂ ਘੱਟ (75) = 17 ਰੇਂਜ ਹੈ। ਪਹਿਲੇ ਭਾਗ ਦੀ ਜ਼ਿਆਦਾ ਰੇਂਜ ਇਹ ਦਰਸਾਉਂਦੀ ਹੈ ਕਿ ਇਸ ਭਾਗ ਵਿਚ ਸਕੋਰ ਦੀ ਜ਼ਿਆਦਾ ਭਿੰਨਤਾ ਹੈ ਅਰਥਾਤ ਜ਼ਿਆਦਾ ਅਸਥਿਰਤਾ ਹੈ। ਜਿਸ ਤਰ੍ਹਾਂ ਤਿੰਨ ਆਦਮੀਆਂ ਦੀ ਪੂਰੇ ਹਫਤੇ ਦੀ ਆਮਦਨ ਵਰਗੀ ਉਦਾਹਰਣ ਵਿਚ ਹੈ। ਇਸ ਵਿਚ 'C' ਵਿਅਕਤੀ ਦੀ ਆਮਦਨੀ ਵਿਚ ਸਭ ਤੋਂ ਜ਼ਿਆਦਾ ਅਸਥਿਰਤਾ ਹੈ (ਸਭ ਤੋਂ ਵੱਧ ਆਮਦਨ (8) - ਸਭ ਤੋਂ ਘੱਟ (2) = 6 ਰੁਪਏ) ਰੇਂਜ ਸਾਪੇਖ (relative) ਤੇ ਅਸਲੀ (absolute) ਵੀ ਹੋ ਸਕਦੀ ਹੈ। ਜਦੋਂ ਅਸੀਂ ਦੋ ਗਰੁੱਪਾਂ ਦੀ ਰੇਂਜ ਦੀ ਤੁਲਨਾ ਕਰਨੀ ਹੁੰਦੀ ਹੈ ਤਾਂ ਸਾਨੂੰ ਰੇਂਜ ਦਾ ਅਸਲੀ ਨਾਪ ਲੱਭਣਾ ਪੈਂਦਾ ਹੈ।

ਰੇਂਜ ਅਤੇ ਇਸਦੇ ਗੁਣਾਂਕ ਨੂੰ ਮਾਪਣ ਲਈ ਹੇਠ ਲਿਖਿਆ ਫਾਰਮੂਲਾ ਵਰਤਿਆ ਜਾਂਦਾ ਹੈ।

Range = $m_1 - m_0$

$m_1$ = ਸਭ ਤੋਂ ਵੱਧ ਸਕੋਰ (Highest Score)

$m_0$ = ਸਭ ਤੋਂ ਘੱਟ ਸਕੋਰ (Lowest Score)

**Coefficient of Range** = $\frac{m_1 - m_0}{m_1 + m_0}$

(ਰੇਂਜ ਦਾ ਗੁਣਾਂਕ)

ਉਪਰ ਦਿੱਤੀ ਉਦਾਹਰਣ ਵਿਚ

Range = $(m_1 - m_0)$ = 91–72 = 19

Coefficient of Range = $\frac{91-72}{91+72} = \frac{19}{163}$ =0.116

**ਉਦਾਹਰਣ** : ਦੋ ਵਿਅਕਤੀਆਂ ਦੀ ਇਕ ਹਫ਼ਤੇ ਦੀ ਆਮਦਨ ਦਿੱਤੀ ਹੋਈ ਹੈ। ਇਹ ਪਤਾ ਕਰਨਾ ਹੈ ਕਿ ਕਿਸ ਦੀ ਆਦਮਨ ਵਿਚ ਜ਼ਿਆਦਾ ਅਸਥਿਰਤਾ ਹੈ।

| | | | | | | | |
|---|---|---|---|---|---|---|---|
| A | 10 | 12 | 18 | 11 | 8 | 14 | 7 |
| B | 25 | 30 | 16 | 24 | 20 | 24 | 34 |

ਹੱਲ : A ਦੀ ਅਸਲੀ ਰੇਂਜ (absolute range) = $(m_1 - m_0)$ = 18–7 = 11

A ਦੀ ਸਾਪੇਖਿਕ ਰੇਂਜ (Relative Range) = $\frac{m_1 - m_0}{m_1 + m_0}$

ਜਾਂ

ਰੇਂਜ ਦਾ ਗੁਣਾਂਕ (Coefficient of Range) = $\frac{18-7}{18+7} = \frac{11}{25}$ = 0.44

B ਦੀ ਅਸਲੀ ਰੇਂਜ (absolute range) = 34–16 = 18

B ਦੀ ਸਾਪੇਖਿਕ ਰੇਂਜ ਦਾ ਗੁਣਾਂਕ = $\frac{34-16}{34+16} = \frac{18}{50}$ = 36

(Relative range of Coeff. of Range)

ਅਸੀਂ ਦੇਖਦੇ ਹਾਂ ਕਿ ਅਸਲੀ ਰੇਂਜ A ਅਤੇ B ਦੀ ਕ੍ਰਮਵਾਰ 11 ਅਤੇ 18 ਹੈ। ਪਰੰਤੂ ਸਾਪੇਖਿਕ ਰੇਂਜ ਉਲਟ ਹੈ, ਇਸ ਵਿਚ A ਵਿਚ ਜ਼ਿਆਦਾ ਅਸਥਿਰਤਾ ਹੈ ਕਿਉਂਕਿ ਇਸਦਾ ਗੁਣਾਂਕ .44 ਹੈ ਅਤੇ B ਦਾ .36 ਹੈ।

### 2.5.3 ਮਾਣਕ ਵਿਚਲਣ (STANDARD DEVIATION) :

ਮਾਣਕ ਵਿਚਲਨ ਪਰਿਵਰਤਨਸ਼ੀਲਤਾ ਦਾ ਸਭ ਤੋਂ ਮਹਾਨ ਨਾਪ ਹੈ। ਇਸ ਦੀ ਵਰਤੋਂ ਅਸਲੀ ਕੰਮ ਤੇ ਖੋਜ ਅਧਿਐਨ ਵਿਚ ਕੀਤੀ ਜਾਂਦੀ ਹੈ। ਇਸ ਵਿਚ ਵਿਚਲਣ ਦਾ ਵਰਗ ਲੈ ਕੇ ਉਨ੍ਹਾਂ ਦਾ ਜੋੜ ਕੱਢਿਆ ਜਾਂਦਾ ਹੈ, ਇਸ ਕਰਕੇ ਜੋੜ (+) ਤੇ ਮਨਫੀ (-) ਦੇ ਚਿੰਨ੍ਹਾਂ ਦਾ ਇਸ ਵਿਚ ਮਹੱਤਵ ਨਹੀਂ ਹੁੰਦਾ। ਵਰਗ ਕੀਤੇ ਹੋਏ ਵਿਚਲਣ ਹਮੇਸ਼ਾਂ ਔਸਤ ਦੁਆਰਾ ਲਏ ਜਾਂਦੇ ਹਨ ਨਾ ਕਿ ਮਾਧਿਮਿਕ ਜਾਂ ਬਹੁਲਕ ਦੁਆਰਾ। ਮਾਣਕ ਵਿਚਲਣ ਵਿਚ ਯੂਨਾਨੀ ਅੱਖਰ ਸਿਗਮਾ ($\sigma$) ਵਰਤਿਆ ਜਾਂਦਾ ਹੈ।

### 2.5.3.1 ਅਵਰਗੀਕ੍ਰਿਤ ਜੋੜਾਂ ਤੋਂ ਮਾਣਕ ਵਿਚਲਣ ਮਲੂਮ ਕਰਨਾ (Calculation of S D from ungrouped data) :

ਅਵਰਗੀਕ੍ਰਿਤ ਜੋੜਾਂ ਤੋਂ ਮਾਣਕ ਵਿਚਲਨ ਪਤਾ ਕਰਨ ਦਾ ਫਾਰਮੂਲਾ ਇਹ ਹੈ :

$$\sigma = \sqrt{\frac{\sum x^2}{N}}$$

ਉਦਾਹਰਣ : **(X-Mean)**

| ਵਿਦਿਆਰਥੀ Students | ਜੋੜ Scores | ਔਸਤ Mean | ਔਸਤ ਤੇ ਵਿਚਲਨ Deviation from Mean | ਵਿਚਲਨ ਦਾ ਵਰਗ Deviation squares |
|---|---|---|---|---|
| A | 80 | 79 | +1 | 1 |
| B | 77 | 79 | –2 | 4 |
| C | 69 | 79 | –10 | 100 |
| D | 78 | 79 | –1 | 1 |
| E | 82 | 79 | +3 | 9 |
| F | 81 | 79 | +2 | 4 |
| G | 79 | 79 | +0 | 0 |
| I | 78 | 79 | –1 | 1 |
| J | 90 | 79 | +11 | 121 |
| N = 10 | | | 0 | $\sum X^2=241$ |

$$SD = \sigma = \sqrt{\frac{\sum x^2}{N}} = \sqrt{\frac{250}{10}} = \sqrt{25} = 5$$

2.5.3.2ਵਰਗੀਕ੍ਰਿਤ ਸਮੱਗਰੀ ਤੋਂ ਵਿਚਲਨ ਮਲੂਮ ਕਰਨਾ **(Calculation of SD from grouped data):**

$$\sigma = \sqrt{\frac{\sum fx^2}{N}}$$

| ਸ਼੍ਰੇਣੀ ਅੰਤਰ (Class Interval) | ਮੱਧ ਬਿੰਦੂ (Mid Point) | ਔਸਤ (Average) | ਔਸਤ ਤੋਂ ਵਿਚਲਨ (Deviation from mean) (x) | ਵਿਚਲਨ ਦਾ ਵਰਗ (Square of deviation) ($x^2$) | ਬਾਰੰਬਾਰਤਾ (f) | ($fx^2$) |
|---|---|---|---|---|---|---|
| 1-3 | 2 | 7 | –5 | 25 | 4 | 100 |
| 3-5 | 4 | 7 | –3 | 9 | 9 | 81 |
| 5-7 | 6 | 7 | –1 | 1 | 9 | 9 |
| 7-9 | 8 | 7 | 1 | 1 | 12 | 12 |
| 9-11 | 10 | 7 | 3 | 9 | 5 | 45 |
| 11-13 | 12 | 7 | 5 | 25 | 5 | 125 |
| | | | | 70 | x = 40 | $\sum fx^2=372$ |

$$\sigma = \sqrt{\frac{\sum fx^2}{N}} = \sqrt{\frac{320}{40}}$$

$$\sigma = \sqrt{8} = 2.83$$

**2.5.3.3 ਮਾਣਕ ਵਿਚਲਨ ਦੀ ਛੋਟੀ ਵਿਧੀ ਨਾਲ $\sqrt{9.3} = 3.04$culation of SD by Short Method) :**

ਮਾਣਕ ਵਿਚਲਨ ਦੀ ਸੰਗਣਨਾ ਦੀ ਛੋਟੀ ਵਿਧੀ ਹੇਠ ਲਿਖੀ ਹੈ :

$$\sigma = \sqrt{\frac{\sum fx'^2}{N} - c^2} \quad C = \frac{\sum fx'}{N}$$

ਉਦਾਹਰਣ

| ਸ੍ਰੇਣੀ ਅੰਤਰ (Class Interval) | ਬਾਰੰਬਾਰਤਾ (f) (Frequency) | $x'$ | $fx'$ | $fx'^2$ |
|---|---|---|---|---|
| 80-89 | 3 | 4 | 12 | 48 |
| 70-79 | 5 | 3 | 15 | 45 |
| 60-69 | 7 | 2 | 14 | 28 |
| 50-59 | 5 | 1 | 5 | 5 |
| 40-49 | 11 | 0 | 0 | 0 |
| 30-39 | 10 | –1 | –10 | 10 |
| 20-29 | 4 | –2 | –8 | 16 |
| 10-19 | 5 | –3 | –15 | 45 |
| 0-9 | 5 | –4 | 20 | 80 |
| | N=55 | | $\sum fx'=7$ | $\sum fx'^2=277$ |

$$S.D. = \sigma = i\sqrt{\frac{\sum fx'}{N} - c^2}; \quad c = \frac{\sum fx^1}{N}$$

$$= i\sqrt{\frac{\sum fx'^2}{N} - \left(\frac{\sum fx'}{N}\right)^2}$$

$$= 10\sqrt{\frac{277}{55} - \left(\frac{-7}{55}\right)^2}$$

$$= 10\sqrt{\frac{277}{55} - (0.127)^2}$$

$$= 10\sqrt{5.036 - 0.016}$$

$$= 10 \times 2.24$$

$$= 22.4$$

ਮਾਣਕ ਵਿਚਲਨ ਛੋਟੀ ਵਿਧੀ ਵਿਚ ਉਹੀ ਕਦਮ ਹਨ ਜੋ ਔਸਤ (Mean) ਕੱਢਣ ਦੀ ਵਿਧੀ ਵਿਚ ਅਪਣਾਏ ਸਨ। ਪਰ ਇੱਥੇ ਇਕ ਕਾਲਮ ਜ਼ਿਆਦਾ $fx_1^2$ ਹੈ ਜੋ $x^1$ ਨੂੰ $fx^1$ ਨਾਲ ਗੁਣਾਂ ਕਰਕੇ ਪ੍ਰਾਪਤ ਹੋ ਜਾਂਦਾ ਹੈ : $\sum fx_1^2$ ਨੂੰ ਮਲੂਮ ਕਰਨ ਤੋਂ ਬਾਅਦ ਕੀਮਤਾਂ ਨੂੰ ਫਾਰਮੂਲੇ ਵਿਚ ਲਿਖਿਆ ਜਾਂਦਾ ਹੈ ਤੇ ਮਾਣਕ ਵਿਚਲਨ (S.D.) ਪ੍ਰਾਪਤ ਕੀਤਾ ਜਾਂਦਾ ਹੈ।

**ਮਾਣਕ ਵਿਚਲਨ ਦੀ ਵਰਤੋਂ ਕਦੋਂ ਕੀਤੀ ਜਾਵੇ (When to use SD ?) :**

1. ਜਦੋਂ ਵੱਧ ਤੋਂ ਵੱਧ ਸਥਿਰਤਾ ਵਾਲੇ ਅੰਕੜੇ ਪ੍ਰਾਪਤ ਕਰਨੇ ਹੋਣ।
2. ਜਦੋਂ ਸਿਰੇ ਵਾਲੇ ਵਿਚਲਨਾਂ ਦੀ ਪਰਿਵਰਤਨਸ਼ੀਲਤਾ ਉਤੇ ਅਨੁਪਾਤੀ ਅਧਿਕ ਪ੍ਰਭਾਵ ਹੋਵੇ।
3. ਜਦੋਂ ਸਹਿ-ਸੰਬੰਧ (Correlation) ਦੇ ਗੁਣਾਂਕ ਤੇ ਹੋਰ ਅੰਕੜਿਆਂ ਦੀ ਸੰਗਣਨਾ ਬਾਅਦ ਵਿਚ ਕਰਨੀ ਹੋਵੇ।

**ਅਸਥਿਰਤਾ ਦੇ ਦੋ ਹੋਰ ਨਾਪ ਹਨ :**

**2.5.4 Quartile Deviation (Q) :**

The quartile deviation or Q is one-half the scale between the 75th or third and 25th or first quartile in a frrequency distribution. It is computed by the formula :

$$Q = \frac{Q_3 - Q_1}{2}$$

Where Q or 75th percentile is the third quartile on the score scale-the point below which lie 75% of the scores, and $Q_1$or 25th percentile is the first quartile on the score scale, the point below which lie 25%of scores. The formula for finding out $Q_3$ and $Q_1$ are :

$$Q_3 = 1 + i\frac{\left(\frac{3N}{4} - cf\right)}{fq}$$

$$Q_3 = 1 + i\frac{\left(\frac{3N}{4} - cf\right)}{fq}$$

Where 1 = the exact lower limit of the interval in which the quartile falls

i = the length of the class-interval

cf = Cumulative frequency upto the interval which contains the quartile.

fq = frequency of the interval containing the quartile.

**Example :**

| Class-Interval | Frequency | cf |
|---|---|---|
| 72-74 | 2 | 100 |
| 69-71 | 5 | 98 |
| 66-68 | 8 | 93 |
| 63-65 | 11 | 85 |
| 60-62 | 13 | 74 |
| 57-59 | 20 | 61 |
| 54-56 | 14 | 41 |
| 51-53 | 11 | 27 |
| 48-50 | 9 | 16 |
| 45-47 | 4 | 7 |
| 42-44 | 33 | 3 |
| | N=100 | |

$$\frac{N}{4} = \frac{100}{4} = 25$$

$\frac{3N}{4} = \frac{3 \times 100}{4} = 75$

$Q_1 = 50.5 + \frac{25-16}{11} \times 3 = 52.59$

$Q_3 = 62.5 + \frac{75-74}{11} \times 3 = 62.77$

$Q = \frac{Q_3 - Q_1}{2} = \frac{62.77 - 52.95}{2} = \frac{9.82}{2} = 4.91$ (Ans.)

**2.5.5 Average Deviation (AD) :**

Average deviation is the mean of the deviations of all the separate scores in the series taken from their mean.It is also called the Mean Deviation. The mean or average deviation is not a method of limits but a method of averae deviation. In averaging deviations to find the MD or AD, no notice is taken to signs, and all the deviation, whether plus or minus, are considered as plus. It is the simplest measure of variability that takes into account the fluctuation or variation of all the items in a series.

**2.5.5.1 ਅਵਰਗੀਕ੍ਰਿਤ ਜੋੜਾਂ ਤੋਂ AD ਕੱਢਣਾ (Computation of Average or Mean Deviation from Ungrouped Data) :**

AD ਜਾਂ MD = $\frac{\sum |x|}{N}$

In this formula the bars | | enclosing the x indicate that signs are disregarded in calculating the sum and x is a deviation of a score from the mean [x=X–M]. The use of this formula may be explained through the following example :

**Example :** Find the average deviation of the scores 15, 10, 6, 8, 11 of a series

**Solution :**

| Scores X | Deviation from the mean x=[X–M] | $\sum \|x\|$ |
|---|---|---|
| 15 | 15–10=5 | 5 |
| 10 | 10–10=0 | 0 |
| 6 | 6–10=–4 | 4 |
| 8 | 8–10=–2 | 2 |
| 11 | 11–10=1 | 1 |
| N=5 | | $\sum \|x\| = 12$ |

Mean = $\frac{15+10+6+8+11}{5} = \frac{50}{5} = 10$

Average Deviation or AD or MD = $\frac{E|X|}{N} = \frac{12}{50} = 2.4$ Ans.

### 2.5.5.2 ਵਰਗੀਕ੍ਰਿਤ ਸਮੱਗਰੀ ਤੋਂ AD ਕੱਢਣਾ (Computation of Average Deviation from Grouped Data) :

ਵਰਗੀਕ੍ਰਿਤ ਸਮੱਗਰੀ ਲਈ ਹੇਠਾਂ ਲਿਖਿਆਂ ਫਾਰਮੂਲਾ ਵਰਤਿਆ ਜਾਂਦਾ ਹੈ :

$$\text{AD or MD} = \frac{\sum|fx|}{N}$$

**Example :**

| Scores | f | Mid-point (X) | fX | x=(X–M) | fx |
|---|---|---|---|---|---|
| 110-114 | 4 | 112 | 448 | 11.94 | 44.76 |
| 115-109 | 4 | 107 | 428 | 6.94 | 27.76 |
| 100-104 | 3 | 102 | 306 | 1.94 | 5.82 |
| 95-99 | 0 | 97 | 0 | –3.06 | 0 |
| 90-94 | 3 | 92 | 276 | –8.06 | –24.18 |
| 85-89 | 3 | 87 | 261 | –13.06 | –39.18 |
| 80-84 | 1 | 82 | 82 | –18.06 | –18.06 |
| | N=18 | $\sum fx$ = 1801 | | | $\sum|fx|$=162.76 |

$$M= \frac{\sum fx}{N} = \frac{1081}{8} = 100.06$$

$$\text{M.D. or A.D.} = \frac{\sum|fx|}{N} = \frac{162.76}{18} = 9.04 \text{ (Ans.)}$$

### 2.5.6 ਸਾਰ

ਉਪਰੋਕਤ ਚਰਚਾ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਸਥਿਰਤਾ ਦੇ ਮਾਪ ਵੀ ਕੇਂਦਰੀ ਪਰਵਿਰਤੀ ਦੇ ਮਾਪਾਂ ਦੀ ਤਰ੍ਹਾਂ ਮਹੱਤਵਪੂਰਨ ਹਨ। ਸਕੋਰ ਦੀ ਵੰਡ ਕਿਸੇ ਤਰ੍ਹਾਂ ਸਾਰੇ ਗਰੁੱਪ ਵਿਚ ਫੈਲੀ ਹੋਈ ਹੈ, ਇਸ ਬਾਰੇ ਜਾਣਕਾਰੀ ਅਸਥਿਰਤਾ ਦੇ ਮਾਪਾਂ ਤੋਂ ਹੀ ਮਿਲਦੀ ਹੈ।

### 2.5.7 *ਸ਼ਬਦਾਰਥ ਸੂਚੀ*

1. ***ਰੇਂਜ*** : *ਸਭ ਤੋਂ ਜ਼ਿਆਦਾ ਅਤੇ ਸਭ ਤੋਂ ਘੱਟ ਸਕੋਰ ਵਿਚਕਾਰਲੇ ਅੰਤਰ ਨੂੰ ਰੇਂਜ ਕਹਿੰਦੇ ਹਨ।*
2. ***ਮਾਣਕ ਵਿਚਲਨ*** : *ਇੱਕ ਗਰੁੱਪ ਦੇ ਸਕੋਰ ਵਿਚ ਭਿੰਨਤਾ ਦੇ ਨਾਪ ਨੂੰ ਮਾਣਕ ਵਿਚਲਨ ਕਹਿੰਦੇ ਹਨ।*
3. ***ਔਸਤ ਵਿਚਲਨ*** : *ਇੱਕ ਗਰੁੱਪ ਵਿਚ ਵੱਖ-ਵੱਖ ਸਕੋਰਾਂ ਦੇ ਵਿਚਲਨ ਦੀ ਔਸਤ ਨੂੰ ਔਸਤ ਵਿਚਲਨ ਕਿਹਾ ਜਾਂਦਾ ਹੈ।*

### *2.5.8 ਵੱਡੇ ਸਵਾਲ*

*1. ਮਾਣ ਵਿਚਲਨ ਕੀ ਹੈ? ਇਸਨੂੰ ਮਾਪਣ ਲਈ ਵੱਖ-ਵੱਖ ਢੰਗਾਂ ਦਾ ਵਰਨਣ ਕਰੋ।*

*2. ਕੁਆਰਟਾਇਲ ਵਿਚਲਨ ਕਿਸ ਤਰ੍ਹਾਂ ਮਾਪਿਆ ਜਾ ਸਕਦਾ ਹੈ?*

### *2.5.9 ਛੋਟੇ ਸਵਾਲ*

*1. ਤਰਤੀਬ ਦੇਰੀ ਤੋਂ ਕੀ ਭਾਵ ਹੈ?*

*2. ਮਾਣਕ ਵਿਚਲਣ ਕੀ ਹੁੰਦਾ ਹੈ?*

### 2.5.10 ਸਹਾਇਕ ਪੁਸਤਕਾਂ

1. Garrett : Statistics in Psychology and Education
2. Guilford & Fruchter : Fundamental Statistics in Psychology and Education

ਪਾਠ ਨੰ. 2.6 | ਲੇਖਕ : ਡਾ. ਮਮਤਾ ਸ਼ਰਮਾ

# ਅੰਕੜਿਆਂ ਦਾ ਗ੍ਰਾਫਿਕ ਮੁਲਾਂਕਣ
## (GRAPHICAL REPRESENTATION OF DATA)

2.6.0 ਉਦੇਸ਼
2.6.1 ਭੂਮਿਕਾ
2.6.2 ਅੰਕੜਿਆਂ ਦਾ ਗ੍ਰਾਫਿਕ ਮੁਲਾਂਕਣ
2.6.2.1 ਅਵਰਗੀਕ੍ਰਿਤ ਅੰਕੜਿਆਂ ਦਾ ਰੇਖਾ ਚਿਤਰਣ
2.6.2.1.1 ਬਾਰ ਗ੍ਰਾਫ
2.6.2.1.2 ਪਾਈ ਗ੍ਰਾਫ
2.6.2.1.3 ਪਿਕਟੋਗ੍ਰਾਮ
2.6.2.1.4 ਲਾਈਨ ਗ੍ਰਾਫ
2.6.2.2 ਵਰਗੀਕ੍ਰਿਤ ਅੰਕੜਿਆਂ ਦਾ ਰੇਖਾ ਚਿਤਰਣ
2.6.2.2.1 ਆਵ੍ਰਿਤੀ ਬਹੁਭੁਜ
2.6.2.2.2 ਆਇਤ ਚਿੱਤਰ
2.6.2.2.3 ਸੰਚਈ ਆਵ੍ਰਿਤੀ ਗ੍ਰਾਫ
2.6.2.2.4 ਸਚਈ ਪ੍ਰਤੀਸ਼ਤ ਆਵ੍ਰਿਤੀ ਗ੍ਰਾਫ
2.6.3 ਸਾਰ
2.6.4 ਸ਼ਬਦਾਵਲੀ
2.6.5 ਵੱਡੇ ਸਵਾਲ
2.6.6 ਛੋਟੇ ਸਵਾਲ
2.6.7 ਸਹਾਇਕ ਪੁਸਤਕਾਂ

### 2.6.0 ਉਦੇਸ਼

ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਹੇਠ ਲਿਖੇ ਤੱਥਾਂ ਬਾਰੇ ਜਾਣਕਾਰੀ ਦੇਣਾ ਹੈ :-

-ਅੰਕੜਿਆਂ ਦਾ ਤੁਲਨਾਤਮਕ ਵਿਸ਼ਲੇਸ਼ਣ ਰੇਖਾ ਚਿੱਤਰ ਦੇ ਰੂਪ ਵਿਚ ਕਿਵੇਂ ਕੀਤਾ ਜਾਂਦਾ ਹੈ।

### 2.6.1 ਭੂਮਿਕਾ

ਮਨੋਵਿਗਿਆਨ ਵਿਚ ਅੰਕੜਿਆਂ ਦੇ ਮਾਪ ਲਈ ਕੇਂਦਰੀ ਪ੍ਰਵਿਰਤੀ ਅਤੇ ਅਸਥਿਰਤਾ ਦੇ ਮਾਪ ਤੋਂ ਇਲਾਵਾ ਮੁਲਾਂਕਣ ਨਾਲ ਅੰਕੜਿਆਂ ਦਾ ਤੁਲਨਾਤਮਕ ਵਿਸਲੇਸ਼ਣ ਪ੍ਰਭਾਵ ਪੂਰਨ ਅਤੇ ਆਸਾਨੀ ਨਾਲ ਰੇਖਾ ਚਿੱਤਰ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ।ਇਸ ਪਾਠ ਵਿਚ ਵਿਦਿਆਰਥੀ ਵੱਖ-ਵੱਖ ਤੁਲਨਾਤਮਕ ਵਿਸ਼ਲੇਸ਼ਣ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।

### 2.6.2 ਅੰਕੜਿਆਂ ਦੇ ਰੇਖਾ ਚਿੱਤਰ (GRAPHICAL REPRESENTATION OF DATA)

ਸਾਂਖਿਅਕੀ (Statistical) ਅੰਕੜਿਆਂ ਨੂੰ ਰੇਖਾ ਚਿੱਤਰ ਦੁਆਰਾ ਪ੍ਰਗਟ ਕਰਨ ਨਾਲ ਇਕ ਝੱਲਕ ਵਿਚ ਅੰਕੜਿਆਂ ਦੇ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਦੋ ਪਰਿਵਰਤਾਂ (Variables) ਦੇ ਤੁਲਨਾਤਮਕ ਵਿਸ਼ਲੇਸ਼ਣ ਨੂੰ ਪ੍ਰਭਾਵਪੂਰਨ ਅਤੇ ਆਸਾਨੀ ਨਾਲ ਰੇਖਾ ਚਿੱਤਰ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਦੇਖਣ ਵਾਲਾ ਤੁਰੰਤ ਹੀ (Variables) ਪਰਿਵਰਤਾਂ ਦੇ ਆਪਸੀ ਸੰਬੰਧ ਨੂੰ ਸੱਮਝ ਜਾਂਦਾ ਹੈ।

**ਅੰਕੜਿਆਂ ਨੂੰ ਰੇਖਾ ਚਿੱਤਰ (Graph) ਵਿਚ ਪੇਸ਼ ਕਰਨ ਦੇ ਤਰੀਕੇ :-**

ਸਾਂਖਿਅਕੀ ਵਿਚ ਦੋ ਪ੍ਰਕਾਰ ਦੇ ਅੰਕੜੇ ਹੁੰਦੇ ਹਨ :

ਇਕ ਸਿੱਧੇ ਅੰਕੜੇ (Raw Scores) ਜਿਸਨੂੰ ungrouped data ਕਹਿੰਦੇ ਹਾਂ ਅਤੇ ਦੂਸਰੇ ਸੰਗਠਿਤ ਅੰਕੜੇ ਜਿਸਨੂੰ Grouped data ਕਹਿੰਦੇ ਹਾਂ। ਇਹ ਅਵ੍ਰਿਤੀ-ਟੇਬਲ ਦੇ ਰੂਪ ਵਿਚ ਹੁੰਦੇ ਹਨ। Ungrouped ਅਤੇ Grouped ਅੰਕੜਿਆਂ ਨੂੰ ਰੇਖਾ ਚਿੱਤਰ (Graph) ਦੁਆਰਾ ਪੇਸ਼ ਕਰਨ ਦੇ ਵੱਖ-ਵੱਖ ਤਰੀਕੇ ਹਨ, ਜੋ ਹੇਠ ਲਿਖੇ ਹਨ :-


**2.6.3.1 Ungrouped ਅੰਕੜਿਆਂ ਦਾ ਰੇਖਾ ਚਿੱਤਰਨ :**

ਜਿਹੜੇ ਅੰਕੜੇ Ungrouped ਹੁੰਦੇ ਹਨ ਉਨ੍ਹਾਂ ਨੂੰ ਰੇਖਾ ਚਿੱਤਰ ਦੁਆਰਾ ਪੇਸ਼ ਕਰਨ ਲਈ ਹੇਠਲੇ ਤਰੀਕੇ ਅਪਣਾਏ ਜਾਂਦੇ ਹਨ :-

1. Bar Graph (ਬਾਰ ਗ੍ਰਾਫ)
2. Pie Diagram (ਪਾਈ ਡਾਇਗ੍ਰਾਮ)
3. Pictogram (ਪੀਕਟੋ ਗ੍ਰਾਮ)
4. Line graphs (ਲਾਈਨ ਗ੍ਰਾਫ)


**2.6.3.1.1 Bar Graph (ਬਾਰ ਗ੍ਰਾਫ) :**

ਬਾਰ ਗ੍ਰਾਫ ਵਿਚ ਅੰਕੜਿਆਂ ਨੂੰ ਬਾਰ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਆਮਤੌਰ ਤੇ ਅਜਿਹੇ ਚਿੱਤਰ ਨੂੰ ਗ੍ਰਾਫ ਪੇਪਰ ਤੇ ਦਿਖਾਇਆ ਜਾਂਦਾ ਹੈ। ਇਹ ਬਾਰ ਗ੍ਰਾਫ ਆਮ ਤੌਰ ਤੇ Vertical ਅਤੇ Horizontal ਦੋ ਪ੍ਰਕਾਰ ਦੇ ਹੁੰਦੇ ਹਨ। ਬਾਰ ਗ੍ਰਾਫ ਬਣਾਉਣ ਵਿਚ ਬਾਰ ਦੀ ਲੰਬਾਈ ਵੈਰਿਐਬਲ ਦੀ ਮਾਤਰਾ ਨੂੰ ਪ੍ਰਗਟ ਕਰਦੀ ਹੈ ।




Bar Graph Showing strength of students in different years at a school.

**2.6.3.1.2 Pie Diagram (ਪਾਈ ਡਾਇਗ੍ਰਾਮ)** ਵਿਚ ਅੰਕੜਿਆਂ ਨੂੰ ਸਰਕਿਲ ਦੇ ਹਿੱਸਿਆਂ ਦੇ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ। ਸਰਕਿਲ ਦਾ ਖੇਤਰ 360 ਡਿਗਰੀ ਦਾ ਹੁੰਦਾ ਹੈ। ਇਸ ਪ੍ਰਕਾਰ ਕੁੱਲ ਅੰਕੜੇ 360 ਡਿਗਰੀ ਦੇ ਬਰਾਬਰ ਹੁੰਦੇ ਹਨ ਅਤੇ ਇਨ੍ਹਾਂ ਵਿਚ ਸਰਕਿਲ ਦੇ ਵੱਖ-ਵੱਖ ਹਿੱਸੇ ਅੰਕੜਿਆਂ ਦੀ ਵੱਖ-ਵੱਖ ਮਾਤਰਾ ਨੂੰ ਪ੍ਰਗਟ ਕਰਦੇ ਹਨ। ਇਕ ਉਦਾਹਰਣ ਦੁਆਰਾ ਸਰਕਿਲ ਵਿਚ ਅੰਕੜਿਆਂ ਨੂੰ ਪੇਸ਼ ਕਰਨ ਦੇ ਤਰੀਕੇ ਨੂੰ ਸਮਝਿਆ ਜਾ ਸਕਦਾ ਹੈ।




No. of Student in Various Subjects shown through Pie Diagram

ਅੰਕੜਿਆਂ ਨੂੰ ਸਰਕਿਲ ਦੇ ਕੋਨ (Cone) ਦੇ ਰੂਪ ਵਿਚ ਪ੍ਰਗਟ ਕਰਨ ਲਈ ਹੇਠ ਲਿਖੇ ਫਾਰਮੂਲੇ ਦੀ ਵਰਤੋਂ ਕੀਤੀ ਜਾਂਦੀ ਹੈ :


$$\frac{\text{No. of Score}}{\text{Total Nos.}} \times 360 = \text{Cone.}$$

**Table 2.6.1**

| **Subject** | **No. of Students** | **Angle of the Circle** |
|---|---|---|
| English Litt. | 12 | $\frac{12}{120} \times 360 = 36^0$ |
| Punjabi Litt. | 40 | $\frac{40}{120} \times 360 = 120^0$ |
| History | 20 | $\frac{20}{120} \times 360 = 60^0$ |
| Psychology | 15 | $\frac{15}{120} \times 360 = 45^0$ |
| Economics | 10 | $\frac{10}{120} \times 360 = 30^0$ |
| Hindi | 5 | $\frac{5}{120} \times 360 = 15^0$ |
| Geography | 4 | $\frac{4}{120} \times 360 = 12^0$ |
| Political Science | 14 | $\frac{14}{120} \times 360 = 48^0$ |
| | 120 | |

**2.6.3.1.3 Pictogram (ਪੀਕਟੋ ਗ੍ਰਾਮ) :**

ਸਾਂਖਿਅਕੀ ਅੰਕੜਿਆਂ ਨੂੰ ਜਦੋਂ ਤਸਵੀਰਾਂ ਦੀ ਮੱਦਦ ਨਾਲ ਪੇਸ਼ ਕੀਤਾ ਜਾਂਦਾ ਹੈ ਤਾਂ ਉਸਨੂੰ ਪੀਕਟੋ ਗ੍ਰਾਮ ਕਹਿੰਦੇ ਹਾਂ।




(One Big face represents 100, Small face represent 50)


Strength of Students in a College

Fig. 2.6.3

**2.6.3.1.4. Line graph (ਲਾਈਨ ਗ੍ਰਾਫ) :**

ਇਹ ਸਰਲ ਰੇਖਾ ਚਿੱਤਰ ਹਨ ਜਿਨ੍ਹਾਂ ਨੂੰ ਗ੍ਰਾਫ ਪੇਪਰ ਤੇ ਪ੍ਰਗਟ ਕੀਤਾ ਜਾਂਦਾ ਹੈ। ਇਸ ਵਿਚ ਇਕ ਵੈਰੀਐਬਲ ਨੂੰ ਵਰਟੀਕਲ ਲਾਈਨ ਤੇ ਅਤੇ ਦੂਜੇ ਨੂੰ ਹੋਰੀਜ਼ੋਨਟਲ ਲਾਈਨ ਤੇ ਪੇਸ਼ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਗ੍ਰਾਫ ਨੂੰ ਬਣਾਉਣ ਲਈ ਹੇਠ ਲਿਖੇ ਡੇਟਾ ਤੋਂ ਬਣੇ ਗ੍ਰਾਫ ਦੀ ਤਰ੍ਹਾਂ ਹੀ ਬਣਾਇਆ ਜਾ ਸਕਦਾ ਹੈ।

| | | | | | | | | |
|---|---|---|---|---|---|---|---|---|
| Trial No. | 1 | 2 | 3 | 4 | 5 | 6 | 7 | 8 |
| Scores (Errors) | 10 | 8 | 5 | 4 | 3 | 2 | 1 | 0 |




Line Graph Showing the effect of practice on Learning

Fig. 2.6.4

### 2.6.2.2 Grouped data ਦਾ ਰੇਖਾ ਚਿੱਤਰਨ :

ਹੇਠ ਲਿਖੇ ਤਰੀਕਿਆਂ ਨਾਲ ਗਰੁੱਪਡ ਅੰਕੜਿਆਂ ਨੂੰ ਅਰਥਾਤ ਅਵ੍ਰਿਤੀ ਵਿਤਰਨ ਵਾਲੇ ਅੰਕੜਿਆਂ ਨੂੰ ਰੇਖਾ ਚਿੱਤਰਨ ਵਿਚ ਪੇਸ਼ ਕੀਤਾ ਜਾ ਸਕਦਾ ਹੈ :

### 2.6.2.2.1 Frequency Polygon (ਆਵ੍ਰਿਤੀ ਬਹੁਭੁਜ) :

ਇਹ ਆਵ੍ਰਿਤੀ ਵਿਤਰਣ ਨੂੰ ਰੇਖਾ ਚਿੱਤਰ ਵਿਚ ਪੇਸ਼ ਕਰਨ ਦੀ ਮਹੱਤਵਪੂਰਣ ਵਿਧੀ ਹੈ। ਇਸ ਪ੍ਰਕਾਰ ਦੇ ਗ੍ਰਾਫ ਵਿਚ ਵਰਗ ਅੰਤਰਾਲ ਅਤੇ ਆਵ੍ਰਿਤੀਆਂ ਦੇ ਸੰਬੰਧ ਨੂੰ ਇਕ ਰੇਖਾ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ।

ਆਵਿਤ੍ਰੀ ਬਹੁਭੁਜ ਬਣਾਉਣ ਦੇ ਨਿਯਮ :

(a) ਸਭ ਤੋਂ ਪਹਿਲਾਂ ਹਰੇਕ ਵਰਗ-ਅੰਤਰਾਲ ਦੀ ਨੀਵੀਂ ਸੀਮਾ ਪਤਾ ਲਗਾਈ ਜਾਂਦੀ ਹੈ। ਫਿਰ ਦੋ ਵਰਗ ਅੰਤਰਾਲ, ਅਲੱਗ ਤੋਂ (ਇਕ ਸਭ ਤੋਂ ਨੀਵਾਂ ਅਤੇ ਇਕ ਸਭ ਤੋਂ ਉਪਰਲਾ) ਲਏ ਜਾਂਦੇ ਹਨ।

(b) ਇਸ ਪ੍ਰਕਾਰ ਰੇਖਾ ਚਿੱਤਰ ਵਿਚ ਆਵ੍ਰਿਤੀਆਂ ਨੂੰ ਹਰੇਕ ਵਰਗ ਅੰਤਰਾਲ ਦੇ ਮੱਧ-ਬਿੰਦੂ ਤੇ ਪ੍ਰਗਟ ਕੀਤਾ ਜਾਂਦਾ ਹੈ। ਇਸ ਲਈ ox ਲਾਈਨ ਦੇ ਮੱਧ ਬਿੰਦੂ ਦੇ ਉਪਰ ਲੋੜੀਂਦੀ ਆਵ੍ਰਿਤੀ ਦੇ ਸਮਾਨਾਂਤਰ ਬਿੰਦੂ ਲਗਾ ਦਿੰਦੇ ਹਾਂ।

(c) ਜਦੋਂ ਸਾਰੇ ਵਰਗ ਅੰਤਰਾਲਾਂ ਦੇ ਮੱਧ ਬਿੰਦੂ ਦੇ ਉਪਰ ਆਵ੍ਰਿਤੀ ਦੇ ਅਨੁਸਾਰ ਬਿੰਦੂ ਲਗਾ ਦਿੱਤਾ ਜਾਂਦਾ ਹੈ ਤਾਂ ਉਸ ਤੋਂ ਬਾਅਦ ਸਾਰੇ ਬਿੰਦੂਆਂ ਨੂੰ ਸਕੇਲ ਨਾਲ ਮਿਲਾ ਦੇਣ ਨਾਲ ਆਵ੍ਰਿਤੀ ਬਹੁਭੁਜ ਤਿਆਰ ਹੋ ਜਾਂਦਾ ਹੈ। ਇਸ ਨੂੰ ਹੇਠ ਬਣੇ ਆਵ੍ਰਿਤੀ ਟੇਬਲ (2.6.2) ਦੇ ਅਨੁਸਾਰ ਬਣੇ Fig. 2.6.5 ਤੋਂ ਸਮਝਿਆ ਜਾ ਸਕਦਾ ਹੈ।

**Table 2.6.2**

| Score | Mid Point | Frequency | Comulative Frequency |
|---|---|---|---|
| 115-119 | 117 | 0 | 6 |
| 110-114 | 112 | 4 | 60 |
| 105-109 | 107 | 8 | 56 |
| 100-104 | 102 | 12 | 48 |
| 95-99 | 97 | 16 | 36 |
| 90-94 | 92 | 10 | 20 |
| 85-89 | 87 | 6 | 10 |
| 80-84 | 82 | 2 | 4 |
| 75-79 | 77 | 2 | 2 |
| 70-74 | 72 | 0 | 0 |
| | | N =60 | |





Fig. No. 2.6.5

**2.6.2.2.2 Histogram (ਆਇਤ ਚਿੱਤਰ) :**

Histogram ਨੂੰ ਬਿੰਦੂਆਂ ਦੁਆਰਾ ਨਹੀਂ ਸਗੋਂ ਆਇਤਾਂ (Rectangles) ਦੁਆਰਾ ਬਣਾਇਆ ਜਾਂਦਾ ਹੈ। ਆਇਤ ਚਿੱਤਰ ਬਣਾਉਣ ਲਈ ਵੀ ਆਵਿਤ੍ਰੀ ਬਹੁਭੁਜ ਦੇ ਨਿਯਮ ਹੀ ਲਾਗੂ ਹੁੰਦਾ ਹੈ ਸਿਰਫ ਦੋ ਗਲ੍ਹਾਂ ਵੱਖਰੀਆਂ ਹਨ :

1. ਆਵ੍ਰਿਤੀ ਬਹੁਭੁਜ ਵਿਚ ਆਵ੍ਰਿਤੀਆਂ ਨੂੰ ਵਰਗ-ਅੰਤਰਾਲਾਂ ਦੇ ਮੱਧ ਬਿੰਦੂ ਤੇ ਪ੍ਰਗਟ ਕਰਦੇ ਹਾਂ ਪਰ ਆਇਤ ਚਿੱਤਰ ਵਿਚ ਆਵ੍ਰਿਤੀ ਨੂੰ ਆਇਤਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਇਹ ਆਇਤ ਪੂਰੇ ਵਰਗ ਅੰਤਰਾਲ ਵਿਚ ਫੈਲਿਆ ਹੋਇਆ ਹੁੰਦਾ ਹੈ। ਇਸਦੀ ਹਰੇਕ ਰੇਖਾ ਇਕ ਪਾਸੇ ox ਨੂੰ touch ਕਰਦੀ ਹੈ ਅਤੇ ਦੂਜੀ ਰੇਖਾ ਆਵ੍ਰਿਤੀ ਦੇ ਅਨੁਸਾਰ oy ਦੇ ਸਮਾਨਾਂਤਰ ਖਿੱਚੀ ਜਾਂਦੀ ਹੈ।

2. ਆਵ੍ਰਿਤੀ ਬਹੁਭੁਜ ਵਿਚ ਦੋਨੋਂ ਪਾਸੇ ਜ਼ੀਰੋ ਨੂੰ touch ਕੀਤਾ ਜਾਂਦਾ ਹੈ ਜਦੋਂ ਕਿ ਆਇਤ ਚਿੱਤਰ ਦੇ ਲਈ ਇਹ ਜ਼ਰੂਰੀ ਨਹੀਂ ਹੈ। ਉਦਾਹਰਣ ਲਈ Fig. 13.6 ਜੋ Table 13.2 ਦੇ ਅਨੁਸਾਰ ਬਣਾਇਆ ਗਿਆ ਹੈ।





Fig. 2.6.6

**2.6.2.2.3 The Cumulative Frequency Graph :**

ਜਿਹੜੇ ਅੰਕੜੇ ਸੰਚਈ ਆਵ੍ਰਿਤੀ ਵਿਤਰਣ ਦੇ ਰੂਪ ਵਿਚ ਸੰਗਠਿਤ ਹੋਣ ਉਨ੍ਹਾਂ ਨੂੰ ਰੇਖਾ ਚਿੱਤਰ ਵਿਚ ਪੇਸ਼ ਕੀਤਾ ਜਾਵੇ ਤਾਂ ਉਸ ਨੂੰ ਸੰਚਈ ਆਵ੍ਰਿਤੀ ਗ੍ਰਾਫ ਕਹਿੰਦੇ ਹਾਂ। ਜਿਵੇਂ ਟੇਬਲ 2.6.2 ਦੀ ਸੰਚਈ ਆਵ੍ਰਿਤੀ ਨੂੰ Fig. 2.6.7 ਵਿਚ ਪ੍ਰਗਟ ਕੀਤਾ ਗਿਆ ਹੈ।





Fig. 2.6.7

ਸੰਚਈ ਆਵ੍ਰਿਤੀ ਗ੍ਰਾਫ ਬਣਾਉਣ ਲਈ ਹੇਠ ਲਿਖੀਆਂ ਗੱਲ੍ਹਾਂ ਦਾ ਖਿਆਲ ਰੱਖਣਾ ਹੁੰਦਾ ਹੈ :

(i) ਵਰਗ ਅੰਤਰਾਲਾਂ ਦੀ ਵਾਸਤਵਿਕ ਉਪਰੀ ਸੀਮਾ (Actual upper limit) ਦਾ ਪਤਾ ਲਗਾਉਂਦੇ ਹਾਂ ਜਿਵੇਂ 74.5, 79.5, 84.5, 89.5, 94.5, 99.5, 104.5, 109.5 ਅਤੇ 114.5

(ii) ਸਾਰੇ ਵਰਗ ਅੰਤਰਾਲਾਂ ਦੇ ਉਪਰੀ ਬਿੰਦੂ ਪੂਰੇ ਵਰਗ ਅੰਤਰਾਲ ਦੀ ਪ੍ਰਤੀਨਿਧਤਾ ਕਰਦੇ ਹਨ ਤੇ oy ਲਕੀਰ ਤੇ ਉਸ ਵਰਗ ਅੰਤਰਾਲ ਦੀ ਸੰਚਈ ਆਵ੍ਰਿਤੀ ਦੇ ਅਨੁਸਾਰ ਬਿੰਦੂ ਦਾ ਨਿਸ਼ਾਨ ਲਗਾਇਆ ਜਾਂਦਾ ਹੈ। ਅੰਤ ਵਿਚ ਸਾਰੇ ਬਿੰਦੂਆਂ ਨੂੰ ਲਕੀਰ ਦੁਆਰਾ ਮਿਲਾਕੇ ਸੰਚਈ ਆਵ੍ਰਿਤੀ ਗ੍ਰਾਫ ਪ੍ਰਾਪਤ ਕਰਦੇ ਹਾਂ।

(iii) ਆਵ੍ਰਿਤੀ ਬਹੁਭੁਜ ਦੀ ਤਰ੍ਹਾਂ ਹੀ ਸੰਚਈ ਆਵ੍ਰਿਤੀ ਬਹੁਭੁਜ ਵਿਚ ਵੀ ਇਕ ਅਲਗ ਨੀਵਾਂ (Lower) ਵਰਗ ਅੰਤਰਾਲ ਲਿਆ ਜਾਂਦਾ ਹੈ ਜਿਸਦਾ ਉਪਰਲਾ ਬਿੰਦੂ ਗ੍ਰਾਫ ਦਾ ਆਰੰਭ ਬਿੰਦੂ ਹੁੰਦਾ ਹੈ। ਜਿਵੇਂ Fig. 2.6.7 ਵਿਚ ਆਰੰਭ ਬਿੰਦੂ 74.5 ਹੈ।

### 2.6.2.2.4. The Cumulative Percentage frequency Curve or Ogive (ਸੰਚਈ ਪ੍ਰਤੀਸ਼ਤ ਆਵ੍ਰਿਤੀ ਵੱਕਰ) :

ਸੰਚਈ ਪ੍ਰਤੀਸ਼ਤ ਆਵ੍ਰਿਤੀ ਵੱਕਰ ਜਾ ਉਜਾਈਵ ਕਿਸੇ ਵੀ ਆਵ੍ਰਿਤੀ ਵਿਤਰਨ ਵਿਚ ਸੰਚਈ ਆਵ੍ਰਿਤੀ ਪ੍ਰਤੀਸ਼ਤ ਦੇ ਆਧਾਰ ਤੇ ਬਣਾਏ ਗਏ ਵੱਕਰ ਨੂੰ ਕਹਿੰਦੇ ਹਾਂ। ਇਸ ਵਿਚ ਵੀ ਸੰਚਈ ਆਵ੍ਰਿਤੀ ਵੱਕਰ ਦੀ ਤਰ੍ਹਾਂ ਹੀ ਵਰਗ ਅੰਤਰਾਲ ਦੇ ਉਪਰਲੇ ਬਿੰਦੂ ਤੇ ਸੰਚਈ ਆਵ੍ਰਿਤੀ ਦੀ ਪ੍ਰਤੀਸ਼ਤ ਨੂੰ ਪ੍ਰਗਟ ਕੀਤਾ ਜਾਂਦਾ ਹੈ। ਇਸਦੀ ਬੱਣਤਰ ਸੰਚਈ ਆਵ੍ਰਿਤੀ ਗ੍ਰਾਫ ਦੀ ਤਰ੍ਹਾਂ ਹੀ ਹੁੰਦੀ ਹੈ। ਮੀਡੀਅਨ, ਚਤੁਰਥਕ, ਡੀਸਾਈਲਸ, ਪਰਸੇਨਟਾਈਲ, ਪਰਸੈਨਟਾਈਲ ਰੈਂਕਸ ਅਤੇ ਰ-ਪਰਸੈਨਟਾਈਲ ਫਾਰਮੂਲਾ ਅਤੇ ਸਮੂਚੇ ਤੌਰ ਤੇ ਦੋ ਜਾਂ ਉਸ ਤੋਂ ਜ਼ਿਆਦਾ ਗਰੁੱਪਸ ਦੀ ਤੁਲਨਾ ਕਰਨ ਲਈ ਸੰਚਈ ਪ੍ਰਤੀਸ਼ਤ ਆਵ੍ਰਿਤੀ ਵੱਕਰ ਬਹੁਤ ਉਪਯੋਗੀ ਸਿੱਧ ਹੁੰਦਾ ਹੈ।

ਇਸ ਪ੍ਰਕਾਰ ਵੱਖ-2 ਗ੍ਰਾਫਸ (Graphs) ਦੀ ਸਹਾਇਤਾ ਨਾਲ ਸਟੈਟੀਸਟੀਕਲ ਡੇਟਾ ਨੂੰ ਪੇਸ਼ ਕੀਤਾ ਜਾਂਦਾ ਹੈ ਤਾਂ ਜੋ ਇਕ ਝਾਤ ਵਿਚ ਹੀ ਡੇਟਾ ਦੇ ਬਾਰੇ ਸਾਰੀ ਸੂਚਨਾ ਪ੍ਰਾਪਤ ਹੋ ਸਕੇ। ਮਨੋਵਿਗਿਆਨ, ਸਿਖਿਆ ਸ਼ਾਸਤਰ, ਸਮਾਜ ਸ਼ਾਸਤਰ, ਅਰਥਸ਼ਾਸਤਰ ਅਤੇ ਹੋਰ ਵੀ ਸਮਾਜ ਵਿਗਿਆਨੀਆਂ ਵਿਚ ਸਟੈਟੀਸਟੀਕਸ ਦੀ ਵਰਤੋਂ ਹੋ ਰਹੀ ਹੈ। ਇਸ ਵਿਚ ਗ੍ਰਾਫਸ ਦੀ ਮੱਦਦ ਨਾਲ ਅੰਕੜਿਆਂ ਨੂੰ ਪੇਸ਼ ਕੀਤਾ ਜਾਂਦਾ ਹੈ।

### 2.6.3 ਸਾਰ

ਉਪਰੋਕਤ ਚਰਚਾ ਇਹ ਸਿੱਟਾ ਨਿਕਲਦਾ ਹੈ ਕਿ ਸਹਿ-ਸੰਬੰਧ ਵਿਧੀ ਨਾਲ ਅੰਕੜਿਆਂ ਦਾ ਮਾਪ ਭਰੋਸੇਯੋਗ ਨਤੀਜਿਆਂ ਦੇ ਰੂਪ ਵਿਚ ਕੱਢਿਆ ਜਾ ਸਕਦਾ ਹੈ ਅਤੇ ਇਨ੍ਹਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਵੱਖ-ਵੱਖ ਚਿੱਤਰਾਂ ਜਿਵੇ ਕਿ ਬਾਰ ਗ੍ਰਾਫ, ਪਾਈ ਡਾਇਗ੍ਰਾਮ, ਲਾਈਨ ਗ੍ਰਾਫ ਅਤੇ ਆਇਤ ਚਿੱਤਰਾਂ ਦੁਆਰਾ ਸੰਭਵ ਹੈ।

### 2.6.4 ਸ਼ਬਦਾਵਲੀ

**Pictogram** (ਪੀਕਟੋ ਗ੍ਰਾਮ) :

ਸਾਂਖਿਅਕੀ ਅੰਕੜਿਆਂ ਨੂੰ ਜਦੋਂ ਤਸਵੀਰਾਂ ਦੀ ਮੱਦਦ ਨਾਲ ਪੇਸ਼ ਕੀਤਾ ਜਾਂਦਾ ਹੈ ਤਾਂ ਉਸਨੂੰ ਪੀਕਟੋ ਗ੍ਰਾਮ ਕਹਿੰਦੇ ਹਾਂ।

**Line graph** (ਲਾਈਨ ਗ੍ਰਾਫ) :

ਇਹ ਸਰਲ ਰੇਖਾ ਚਿੱਤਰ ਹਨ ਜਿਨ੍ਹਾਂ ਨੂੰ ਗ੍ਰਾਫ ਪੇਪਰ ਤੇ ਪ੍ਰਗਟ ਕੀਤਾ ਜਾਂਦਾ ਹੈ। ਇਸ ਵਿਚ ਇਕ ਵੈਰੀਐਬਲ ਨੂੰ ਵਰਟੀਕਲ ਲਾਈਨ ਤੇ ਅਤੇ ਦੂਜੇ ਨੂੰ ਹੋਰੀਜ਼ੋਨਟਲ ਲਾਈਨ ਤੇ ਪੇਸ਼ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਗ੍ਰਾਫ ਨੂੰ ਬਣਾਉਣ ਲਈ ਹੇਠ ਲਿਖੇ ਡੇਟਾ ਤੋਂ ਬਣੇ ਗ੍ਰਾਫ ਦੀ ਤਰ੍ਹਾਂ ਹੀ ਬਣਾਇਆ ਜਾ ਸਕਦਾ ਹੈ।

### 2.6.5 ਵੱਡੇ ਸਵਾਲ

1. *ਸਹਿ-ਸੰਬੰਧ ਕਿਸ ਨੂੰ ਕਹਿੰਦੇ ਹਨ ਇਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।*
2. *ਰੇਖਾ ਚਿਤਰਣ ਕਿਸ ਨੂੰ ਕਿਹਾ ਜਾਂਦਾ ਹੈ। ਅਵਰਗੀਕ੍ਰਿਤ ਅੰਕੜਿਆਂ ਦੇ ਰੇਖਾ ਚਿਤਰਣ ਲਈ ਕਿਹੜੇ-ਕਿਹੜੇ ਤਰੀਕੇ ਅਪਣਾਏ ਜਾਂਦੇ ਹਨ?*

### 2.6.6 ਛੋਟੇ ਸਵਾਲ

1. *ਔਸਤ ਦੇ ਲਾਭ*
2. *ਮਾਣਕ ਵਿਚਲਨ (SD) ਕੱਢਣ ਦਾ* formula
3. Median *ਕੱਢਣ ਦਾ* formula

### 2.6.7 ਹਵਾਲਾ ਪੁਸਤਕਾਂ

1. Statistics in Psychology and Education : S. K. Mangal
2. Statistics in Psychology and Education : H. E. Garrett

**ONLINE SOURCES**

1. http://wps.prenhall.com
2. http://as.wiley.com